ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 10 | Issue 44 | 11 November 2020 to 17 November 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਟਰੰਪ ਵੱਲੋਂ ਹਾਰ ਨਾ ਕਬੂਲਣਾ 'ਸ਼ਰਮਨਾਕ': ਬਾਇਡਨ



**ਅੰਮ੍ਰਿਤਸਰ ਟਾਈਮਜ਼ ਬਿਊਰੋ:** ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਲਈ ਚੁਣੇ ਗਏ ਜੋਅ ਬਾਇਡਨ ਨੇ ਕਿਹਾ ਹੈ ਕਿ ਮੌਜੂਦਾ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਹਾਰ ਨਾ ਕਬੂਲਣਾ 'ਸ਼ਰਮਨਾਕ' ਹੈ। ਇਸ ਨਾਲ 'ਰਾਸ਼ਟਰਪਤੀ ਦੀ ਵਿਰਾਸਤ ਵਿਚ ਕੋਈ ਚੰਗਾ ਵਾਧਾ ਨਹੀਂ ਹੋਵੇਗਾ।' ਬਾਇਡਨ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਵੱਲੋਂ ਸੱਤਾ ਦਾ ਤਬਾਦਲਾ ਸ਼ੁਰੂ ਕਰਨ ਤੋਂ ਇਨਕਾਰ ਕਰਨ ਨਾਲ ਕੋਈ ਫ਼ਰਕ ਨਹੀਂ ਪੈਂਦਾ, ਉਨ੍ਹਾਂ ਦਾ ਸਟਾਫ਼ ਇਸ ਲਈ ਕੰਮ ਕਰ ਰਿਹਾ ਹੈ।

ਉਪ ਰਾਸ਼ਟਰਪਤੀ ਬਣਨ ਜਾ ਰਹੀ ਕਮਲਾ ਹੈਰਿਸ ਨੇ ਵੀ ਕਿਹਾ ਕਿ ਅਮਰੀਕੀਆਂ ਨੇ ਬਾਇਡਨ ਨੂੰ ਸਪੱਸ਼ਟ ਤੌਰ 'ਤੇ ਚੁਣਿਆ ਹੈ।


ਅੰਦਰ ਪੜ੍ਹੋ

11 ਕਵਰ ਸਟੋਰੀ
ਭਾਰਤ ਸਰਕਾਰ ਕਰਤਾਰਪੁਰ ਸਾਹਿਬ ਲਾਂਘਾ ਖੋਲਣ ਪ੍ਰਤੀ ਸੁਹਿਰਦ ਨਹੀਂ



15 ਧਰਮ ਤੇ ਰਾਜਨੀਤੀ
ਪੰਜਾਬ ਦਾ ਕਿਸਾਨੀ ਸੰਘਰਸ਼ ਖ਼ਾਲਸਾ ਪੰਥ ਦਾ ਉਭਾਰ




# ਹਿੰਦੀ ਭਾਸ਼ੀ ਬਿਹਾਰ ਨੇ ਮੋਦੀ ਦੇ ਗਲ ਜਿੱਤ ਦੇ ਹਾਰ ਪਾਏ



**ਅੰਮ੍ਰਿਤਸਰ ਟਾਈਮਜ਼ ਬਿਊਰੋ:** ਬਿਹਾਰ ਵਿਧਾਨ ਸਭਾ ਚੋਣਾਂ ਵਿਚ ਭਾਜਪਾ-ਜੇਡੀਯੂ ਗਠਜੋੜ ਨੇ 125 ਸੀਟਾਂ ਜਿੱਤ ਕੇ ਮੁੜ ਸਰਕਾਰ ਬਣਾ ਲਈ ਹੈ। ਦੇਰ ਰਾਤ ਆਏ ਆਖਰੀ ਨਤੀਜਿਆਂ ਵਿਚ ਆਰਜੇਡੀ-ਕਾਂਗਰਸ ਵਾਲੇ ਗਠਜੋੜ ਨੂੰ 110 ਸੀਟਾਂ ਮਿਲੀਆਂ। ਬਿਹਾਰ ਵਿਚ ਸਰਕਾਰ ਬਣਾਉਣ ਲਈ 122 ਸੀਟਾਂ ਲੋੜੀਂਦੀਆਂ ਸਨ।

ਲਾਲੂ ਪ੍ਰਸਾਦ ਯਾਦਵ ਦੇ ਪੁੱਤਰ ਤੇਜਸਵੀ ਯਾਦਵ ਦੇ ਚਿਹਰੇ ਨਾਲ ਚੋਣ ਲੜ ਰਹੇ ਆਰਜੇਡੀ-ਕਾਂਗਰਸ ਗਠਜੋੜ ਦੀ ਗੱਲ ਕਰੀਏ ਤਾਂ ਕਾਂਗਰਸ ਸਿਰਫ 19 ਸੀਟਾਂ ਹੀ ਜਿੱਤ ਸਕੀ ਜਦਕਿ ਆਰਜੇਡੀ ਇਕੱਲੀ ਸਭ ਤੋਂ ਵੱਧ ਸੀਟਾਂ ਜਿੱਤਣ ਵਾਲੀ ਪਾਰਟੀ ਬਣੀ। ਆਰਜੇਡੀ ਨੇ ਕੁੱਲ 23.1 ਫੀਸਦੀ ਵੋਟਾਂ ਹਾਸਲ ਕਰਕੇ 75 ਸੀਟਾਂ ਜਿੱਤੀਆਂ। ਪਰ ਕਾਂਗਰਸ ਦਾ ਮਾੜਾ ਪ੍ਰਦਰਸ਼ਨ ਤੇਜਸਵੀ ਦੇ ਮੁੱਖ ਮੰਤਰੀ ਬਣਨ ਦੇ ਸੁਪਨੇ 'ਤੇ ਪਾਣੀ ਫੇਰ ਗਿਆ।

ਰਾਸ਼ਟਰੀ ਜਨਤਾ ਦਲ ਨੇ 144 ਸੀਟਾਂ ਉੱਤੇ ਉਮੀਦਵਾਰ ਖੜ੍ਹੇ ਕੀਤੇ ਸਨ ਜਿਹਨਾਂ ਵਿੱਚੋਂ 75 ਨੂੰ ਕਾਮਯਾਬੀ ਮਿਲੀ ਪਰ ਮਹਾਗਠਜੋੜ ਕਾਂਗਰਸ ਦੀ ਅਤਿ ਢਿੱਲੀ ਕਾਰਗੁਜਾਰੀ ਕਾਰਨ ਐਨ.ਡੀ.ਏ. ਤੋਂ ਫਾਡੀ ਰਹਿ ਗਿਆ ਕਿਉਂਕਿ ਕਾਂਗਰਸ ਨੇ ਮਹਾਂਗਠਜੋੜ ਵਿਚੋਂ 70 ਸੀਟਾਂ ਉੱਤੇ ਉਮੀਦਵਾਰ ਖੜ੍ਹੇ ਕੀਤੇ ਸਨ ਪਰ ਉਹਨਾਂ ਵਿੱਚੋਂ ਸਿਰਫ 19 ਉਮੀਦਵਾਰ ਹੀ ਚੋਣ ਜਿੱਤ ਸਕੇ।

ਜੇ ਭਾਜਪਾ-ਜੇਡੀਯੂ ਗਠਜੋੜ ਦੀ ਗੱਲ ਕਰੀਏ ਤਾਂ ਬਿਹਾਰ ਵਿਚ ਵੱਡਾ ਭਾਈ ਮੰਨੀ ਜਾਂਦੀ ਜੇਡੀਯੂ ਇਸ ਵਾਰ ਭਾਜਪਾ ਦੇ ਥੱਲੇ ਆ ਗਈ ਹੈ। ਭਾਜਪਾ ਨੇ ਰਿਕਾਰਡ ਤੋੜ ਪ੍ਰਦਰਸ਼ਨ ਕਰਦਿਆਂ ਬਿਹਾਰ ਵਿਚ 74 ਸੀਟਾਂ ਜਿੱਤੀਆਂ ਹਨ ਜਦਕਿ ਜੇਡੀਯੂ ਮਹਿਜ਼ 43 ਸੀਟਾਂ ਹੀ ਜਿੱਤ ਸਕੀ। ਭਾਜਪਾ ਨੂੰ 19.5 ਫੀਸਦੀ ਵੋਟਾਂ ਪਈਆਂ ਜਦਕਿ ਜੇਡੀਯੂ ਨੂੰ 15.4 ਫੀਸਦੀ ਵੋਟਾਂ ਮਿਲੀਆਂ। ਇਹਨਾਂ ਅੰਕੜਿਆਂ ਤੋਂ ਬਾਅਦ ਹੁਣ ਇਹ ਚਰਚਾ ਜ਼ੋਰ ਫੜ੍ਹ ਗਈ ਹੈ ਕਿ ਭਾਜਪਾ ਮੁੱਖ ਮੰਤਰੀ ਕੁਰਸੀ 'ਤੇ ਆਪਣਾ ਦਾਅਵਾ ਕਰਦੀ ਹੈ ਜਾਂ ਭਾਈਵਾਲ ਨਿਤਿਸ਼ ਕੁਮਾਰ ਨੂੰ ਹੀ ਕੁਰਸੀ ਦਿੰਦੀ ਹੈ।

ਬਿਹਾਰ ਦੇ ਉੱਤਰ ਪੂਰਬੀ ਇਲਾਕੇ ਸੀਮਾਂਚਲ ਵਿਚ ਅਸਦੁਦਦੀਨ ਓਵੈਸੀ ਦੀ ਪਾਰਟੀ ਏਆਈਏਆਈਐਮ ਨੇ ਪੰਜ ਵਿਧਾਨ ਸਭਾ ਸੀਟਾਂ 'ਤੇ ਜਿੱਤ ਹਾਸਲ ਕਰਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਭਾਜਪਾ ਤੋਂ ਵੱਖ ਹੋਏ ਉਪੇਂਦਰ ਖੁਸ਼ਵਾਹਾ ਦੀ ਰਾਸ਼ਟਰੀ ਲੋਕ ਸਮਤਾ ਪਾਰਟੀ, ਓਵੈਸੀ ਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਨੇ ਗਠਜੋੜ ਬਣਾਇਆ ਸੀ। ਖੁਸ਼ਵਾਹਾ ਦੀ ਪਾਰਟੀ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕੀ ਪਰ ਬਸਪਾ ਨੂੰ ਇਕ ਸੀਟ 'ਤੇ ਜਿੱਤ ਮਿਲੀ ਹੈ।

ਓਵੈਸੀ ਨੇ ਇਸ ਜਿੱਤ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਆਉਂਦੇ ਸਮੇਂ ਵਿਚ ਬੰਗਾਲ, ਅਸਾਮ ਸਮੇਤ ਹੋਰ ਸੂਬਿਆਂ ਵਿਚ ਵੀ ਚੋਣ ਲੜਨਗੇ। ਜਿਹਨਾਂ ਇਲਾਕਿਆਂ ਵਿਚ ਓਵੈਸੀ ਦੀ ਪਾਰਟੀ ਜਿੱਤੀ ਹੈ ਇਹ ਮੁਸਲਿਮ ਬਹੁਗਿਣਤੀ ਇਲਾਕੇ ਹਨ।

ਭਾਜਪਾ ਨਾਲੋਂ ਗਠਜੋੜ ਤੋੜ ਕੇ ਅਲੱਗ ਚੋਣਾਂ ਲੜ ਰਹੇ ਰਾਮ ਵਿਲਾਸ ਪਾਸਵਾਨ ਦੇ ਪੁੱਤਰ ਚਿਰਾਗ ਪਾਸਵਾਨ ਦੀ ਲੋਕ ਜਨਸ਼ਕਤੀ ਪਾਰਟੀ ਨੂੰ ਇਕ ਸੀਟ 'ਤੇ ਜਿੱਤ ਮਿਲੀ ਹੈ। ਰੌਚਕ ਗੱਲ ਇਹ ਰਹੀ ਕਿ ਚਿਰਾਗ ਪਾਸਵਾਨ ਨੇ ਨਿਤਿਸ਼ ਕੁਮਾਰ ਦੀ ਪਾਰਟੀ ਜੇ.ਡੀ. (ਯੂ) ਦੇ ਉਮੀਦਵਾਰਾਂ ਵਿਰੁੱਧ ਤਾਂ ਆਪਣੀ ਪਾਰਟੀ ਦੇ ਉਮੀਦਵਾਰ ਖੜ੍ਹੇ ਕੀਤੇ ਪਰ ਭਾਜਪਾ ਦੇ ਉਮੀਦਵਾਰਾਂ ਖਿਲਾਫ ਨਹੀਂ।

ਇਹ ਮੰਨਿਆ ਜਾ ਰਿਹਾ ਸੀ ਕਿ ਚਿਰਾਗ ਪਾਸਵਾਨ ਦਾ ਗਠਜੋੜ ਵੱਖ ਹੋ ਕੇ ਨਿਤਿਸ਼ ਕੁਮਾਰ ਨੂੰ ਨਿਸ਼ਾਨਾ ਬਣਾਉਣ ਭਾਜਪਾ ਦੀ ਹੀ ਰਣਨੀਤੀ ਦਾ ਹਿੱਸਾ ਸੀ। ਭਾਜਪਾ ਚਾਹੁੰਦੀ ਸੀ ਕਿ ਐਨ.ਡੀ.ਏ. ਗਠਜੋੜ ਸੱਤਾ ਵਿੱਚ ਆ ਜਾਵੇ ਪਰ ਗਠਜੋੜ ਦੇ ਅੰਦਰ ਜੇ.ਡੀ. (ਯੂ.) ਦੀ ਥਾਵੇਂ ਭਾਜਪਾ ਵੱਡੀ ਧਿਰ ਬਣ ਜਾਵੇ।

ਚਿਰਾਜ ਪਾਸਵਾਨ ਦੀ ਅਗਵਾਈ ਵਾਲੀ ਲੋਕ ਜਨਸ਼ਕਤੀ ਪਾਰਟੀ ਦੇ 137 ਉਮੀਦਵਾਰਾਂ ਵਿੱਚੋਂ ਸਿਰਫ ਇੱਕ ਨੂੰ ਹੀ ਜਿੱਤ ਨਸੀਬ ਹੋਈ ਪਰ ਉਹਨਾਂ ਨੇ ਕਰੀਬ 75 ਸੀਟਾਂ ਉੱਤੇ ਨਿਤਿਸ਼ ਕੁਮਾਰ ਦੀ ਪਾਰਟੀ ਦੇ ਉਮੀਦਵਾਰਾਂ ਦੀ ਹਾਰ ਵਿੱਚ ਵੱਡੀ ਭੂਮਿਕਾ ਅਦਾ ਕੀਤੀ।

ਭਾਜਪਾ ਵੱਲੋਂ ਇਸ ਜਿੱਤ ਦਾ ਸਿਹਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਿਰ ਬੰਨ੍ਹਿਆ ਜਾ ਰਿਹਾ ਹੈ। ਆਰਜੇਡੀ ਨੇ ਵੋਟਾਂ ਦੀ ਗਿਣਤੀ ਵਿਚ ਧੋਖਾਧੜੀ ਦਾ ਦੋਸ਼ ਲਾਇਆ ਹੈ ਤੇ ਭਾਰਤ ਦੇ ਚੋਣ ਕਮਿਸ਼ਨ ਨੂੰ ਇਸ ਸਬੰਧੀ ਸ਼ਿਕਾਇਤ ਵੀ ਕੀਤੀ। ਪਰ ਚੋਣ ਕਮਿਸ਼ਨ ਦਾ ਕਹਿਣਾ ਹੈ ਕਿ ਉਹਨਾਂ ਦੇ ਅਫਸਰਾਂ ਵੱਲੋਂ ਬਿਲਕੁਲ ਸਹੀ ਤਰੀਕੇ ਗਿਣਤੀ ਦਾ ਕੰਮ ਮੁਕੰਮਲ ਕੀਤਾ ਗਿਆ ਹੈ।

ਜੇਡੀਯੂ ਆਗੂ ਨਿਤੀਸ਼ ਕੁਮਾਰ ਨੇ ਬਿਹਾਰ ਚੋਣਾਂ ਵਿੱਚ ਮਿਲੀ ਜਿੱਤ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ ਹੈ। ਨਿਤੀਸ਼ ਨੇ ਇਕ ਟਵੀਟ 'ਚ ਕਿਹਾ, 'ਲੋਕਾਂ ਨੇ ਫੈਸਲਾ ਕੀਤਾ। ਮੈਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਉਨ੍ਹਾਂ ਵੱਲੋਂ ਦਿੱਤੀ ਹਮਾਇਤ ਲਈ ਧੰਨਵਾਦ ਕਰਦਾ ਹਾਂ।'

## ਸ਼ੁਕਰਵਾਰ ਨੂੰ ਭਾਰਤ ਦੇ ਦੋ ਮੰਤਰੀਆਂ ਨਾਲ ਮੁਲਾਕਾਤ ਕਰਨਗੇ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੇ ਆਗੂ



**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤ ਸਰਕਾਰ ਵੱਲੋਂ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨਾਲ ਖੇਤੀ ਬਿੱਲਾਂ ਸਬੰਧੀ ਗੱਲਬਾਤ ਲਈ ਆਪਣੇ ਦੋ ਮੰਤਰੀਆਂ ਦੀ ਡਿਊਟੀ ਲਾਈ ਗਈ ਹੈ। ਭਾਰਤ ਦੇ ਖੇਤੀ ਮਹਿਕਮੇ ਦੇ ਸਕੱਤਰ ਸੁਧਾਂਸ਼ੂ ਪਾਂਡੇ ਵੱਲੋਂ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੂੰ ਲਿਖਤੀ ਸੱਦਾ ਭੇਜਿਆ ਗਿਆ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਸ਼ੁਕਰਵਾਰ ਨੂੰ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਭਾਰਤ ਦੇ ਖੇਤੀ ਮੰਤਰੀ ਨਰਿੰਦਰ ਤੋਮਰ ਅਤੇ ਰੇਲ ਮੰਤਰੀ ਪਿਯੂਸ਼ ਗੋਇਲ ਨਾਲ ਮੁਲਾਕਾਤ ਲਈ ਬੁਲਾਇਆ ਗਿਆ ਹੈ।

ਪੰਜਾਬ ਦੀਆਂ 30 ਕਿਸਾਨ ਜਥੇਬੰਦੀਆਂ ਦਾ ਕਹਿਣਾ ਹੈ ਕਿ ਉਹ ਇਸ ਸੱਦੇ ਬਾਰੇ ਵੀਰਵਾਰ ਨੂੰ ਚੰਡੀਗੜ੍ਹ ਵਿਚ ਬੈਠਕ ਕਰਨਗੇ ਅਤੇ ਉਸ ਬੈਠਕ ਵਿਚ ਹੀ ਅਗਲਾ ਫੈਂਸਲਾ ਲਿਆ ਜਾਵੇਗਾ ਕਿ ਦਿੱਲੀ ਵਿਚ ਜਾ ਕੇ ਕੀ ਗੱਲ ਕਰਨੀ ਹੈ।


TRANS-ALLIANCE
TOGETHER WE SAVE
FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
FUEL CARDS
NO CREDIT - NO PROBLEM
BEST CUSTOMER SERVICE
TOGETHER WE SAVE
FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE
YOU BREAK DOWN
WE SHOW UP
24-HOUR ROADSIDE ASSISTANCE
TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE
MORE: BAYS. EXPERTISE. SOLUTIONS.
FUEL MANAGEMENT
DAILY FUEL RATES IN PHONE APP
CALL FOR MORE INFO
(855)641-6955, (888)795-7035

# ਪੰਜਾਬ ਦੀ 'ਸਿੱਖ ਸਿਆਸਤ' ਦਾ ਕੇਂਦਰ ਬਾਬਾ ਸਰਬਜੋਤ ਸਿੰਘ ਬੇਦੀ ਬਣੇ

## ✪ ਬਾਦਲ ਵਿਰੋਧੀ ਪੰਥਕ ਧਿਰਾਂ ਵੱਲੋਂ ਸਾਂਝੀ ਕਮੇਟੀ ਲਈ ਖ਼ਾਕਾ ਤਿਆਰ ✪ ਬਾਦਲ ਦਲ ਲਈ ਚੁਣੌਤੀ ਬਣ ਸਕਦੀਆਂ ਨੇ ਪੰਥਕ ਧਿਰਾਂ

**ਮੋਹਾਲੀ/ਏ.ਟੀ.ਨਿਊਜ਼:** ਪੰਜਾਬ ਦੀ ਸਿੱਖ ਰਾਜਨੀਤੀ 'ਚ ਆਉਣ ਵਾਲੇ ਦਿਨਾਂ ਦੌਰਾਨ ਵੱਡੀ ਕਰਵੱਟ ਦੇ ਆਸਾਰ ਬਣ ਗਏ ਹਨ। ਪੰਥਕ ਏਕਤਾ ਦੇ ਮੁੱਦੇ 'ਤੇ ਅਤੇ ਸ਼੍ਰੋਮਣੀ ਕਮੇਟੀ ਨੂੰ ਸ਼੍ਰੋਮਣੀ ਅਕਾਲੀ ਦਲ ਤੋਂ ਮੁਕਤ ਕਰਵਾਉਣ ਦੇ ਮਕਸਦ ਹਿਤ ਵਿਰੋਧੀ ਪਾਰਟੀਆਂ ਦੇ ਅਹਿਮ ਆਗੂਆਂ 'ਚ ਬੈਠਕਾਂ ਦਾ ਦੌਰ ਸ਼ੁਰੂ ਹੋ ਗਿਆ ਹੈ। ਇਨਾਂ ਬੈਠਕਾਂ 'ਚ ਆਗਾਮੀ ਸ਼੍ਰੋਮਣੀ ਕਮੇਟੀ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਨੂੰ ਹਰਾਉਣ ਲਈ ਸਾਰੀਆਂ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਇਕ ਪਲੇਟਫ਼ਾਰਮ ਤੋਂ ਇਕੱਠਿਆਂ ਲੜਾਈ ਲੜਨੀ ਪਵੇਗੀ, ਇਸ ਲਈ ਸਾਰਿਆਂ 'ਚ ਸਹਿਮਤੀ ਬਣੀ।

ਪੰਥਕ ਮੁੱਦੇ 'ਤੇ ਸਾਂਝੀ ਕੋ-ਆਰਡੀਨੇਸ਼ਨ ਕਮੇਟੀ ਲਈ ਖ਼ਾਕਾ ਤਿਆਰ ਕਰਨ ਲਈ ਅਕਾਲੀ ਦਲ 1920 ਦੇ ਪ੍ਰਧਾਨ ਰਵੀਇੰਦਰ ਸਿੰਘ ਖ਼ੁਦ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦੇ ਪ੍ਰਧਾਨ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਦੇ ਗ੍ਰਹਿ ਵਿਖੇ ਪੁੱਜੇ। ਆਪਸੀ ਸਹਿਮਤੀ ਲਈ ਅਗਲੀ ਮੀਟਿੰਗ 'ਚ ਸ਼੍ਰੋਮਣੀ ਅਕਾਲੀ ਦਲ ਡੈਮੋਕ੍ਰੇਟਿਕ ਦੇ ਪ੍ਰਧਾਨ ਅਤੇ ਮੈਂਬਰ ਰਾਜ ਸਭਾ ਸੁਖਦੇਵ ਸਿੰਘ ਢੀਂਡਸਾ ਵੀ ਸ਼ਾਮਲ ਹੋਏ ਅਤੇ ਇਹ ਨੇਤਾ ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਦੇ ਨਿਵਾਸ ਸਥਾਨ 'ਤੇ ਪੁੱਜੇ ਅਤੇ ਲੰਮੀ ਗੱਲਬਾਤ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਸਾਰਿਆਂ ਵੱਲੋਂ ਪੰਥਕ ਰਵਾਇਤਾਂ ਨੂੰ ਧਿਆਨ 'ਚ ਰੱਖਦਿਆਂ ਇਕ ਸਾਂਝੀ ਕਮੇਟੀ ਦਾ ਗਠਨ ਕੀਤਾ ਜਾਵੇ, ਜੋ ਸਿਰਫ਼ ਧਾਰਮਿਕ ਖੇਤਰ ਨਾਲ ਹੀ ਸਬੰਧਿਤ ਹੋਵੇ। ਇਸ ਸੰਬੰਧੀ ਪੰਥਕ ਧਿਰਾਂ ਨੇ ਬਾਬਾ ਸਰਬਜੋਤ ਸਿੰਘ ਬੇਦੀ ਦੀ ਸਰਪ੍ਰਸਤੀ ਕਬੂਲ ਲਈ ਹੈ। ਬਾਬਾ ਸਰਬਜੋਤ ਸਿੰਘ ਬੇਦੀ ਖ਼ਾਲਸਾ ਰਾਜ ਦੇ ਬਾਨੀ ਬਾਬਾ ਸਾਹਿਬ ਸਿੰਘ ਬੇਦੀ ਦੀ ਅੰਸ਼ ਵੰਸ਼ ਵਿਚੋਂ ਹਨ, ਜਿਹਨਾਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਲਾਹੌਰ ਤਖ਼ਤ ਉੱਪਰ ਬਿਠਾ ਕੇ ਖ਼ਾਲਸਾ ਰਾਜ ਦਾ ਐਲਾਨ ਕੀਤਾ ਸੀ। ਇਸ ਕਮੇਟੀ 'ਚ ਸ਼ਾਮਲ ਕਰਨ ਲਈ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨਾਲ ਵੀ ਗੱਲਬਾਤ ਜਾਰੀ ਰੱਖੀ ਜਾਵੇ। ਭਾਵੇਂ ਕੁਝ ਵੀ ਹੋਵੇ ਪਰ ਜਿਹੜੇ ਸਿਆਸੀ ਮਾਹਿਰ ਅਤੇ ਨੇਤਾ ਉਮਰ ਦਰਾਜ਼ ਹੋ ਚੁੱਕੇ ਹਨ ਅਤੇ ਇਨਾਂ ਨੂੰ ਹਾਸ਼ੀਏ 'ਤੇ ਸਮਝਿਆ ਗਿਆ ਸੀ, ਹੁਣ ਇਹੀ ਨੇਤਾ ਆਪਣੇ ਲੰਮੇ ਸਿਆਸੀ ਤਜਰਬੇ ਦੇ ਆਧਾਰ 'ਤੇ ਇਕੱਠੇ ਹੋ ਕੇ ਬਾਦਲ ਅਕਾਲੀ ਦਲ ਲਈ ਵੱਡੀ ਸਿਰਦਰਦੀ ਬਣਦੇ ਜਾ ਰਹੇ ਹਨ। ਇਸ ਸਬੰਧੀ ਸਿਆਸੀ ਮਾਹਿਰਾਂ ਦਾ ਇਹ ਸਪਸ਼ਟ ਕਹਿਣਾ ਹੈ ਕਿ ਭਾਵੇਂ ਇਨਾਂ ਨੇਤਾਵਾਂ ਵਿਚਕਾਰ ਗੱਲਬਾਤ ਦਾ ਦੌਰ ਮੁੱਢਲਾ ਹੈ ਪਰ ਜੇਕਰ ਇਹੀ ਨੇਤਾ ਇਮਾਨਦਾਰੀ ਨਾਲ ਪੰਥਕ ਏਕਤਾ ਕਰਨ 'ਚ ਸਫਲ ਰਹੇ ਤਾਂ ਸ਼੍ਰੋਮਣੀ ਅਕਾਲੀ ਦਲ ਦੀ ਹਾਈਕਮਾਂਡ ਨੂੰ ਪੰਥਕ ਪਲੇਟਫ਼ਾਰਮ 'ਤੇ ਲੜਾਈ ਲੜਨੀ ਸੌਖੀ ਨਹੀਂ ਰਹੇਗੀ।

### ਅਕਾਲੀ ਦਲ ਟਕਸਾਲੀ ਹੈ ਪੰਥਕ ਏਕਤਾ ਦਾ ਹਾਮੀ: ਜਥੇਦਾਰ ਬ੍ਰਹਮਪੁਰਾ

ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦੇ ਪ੍ਰਧਾਨ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਇਸ ਪੰਥਕ ਮੁੱਦਿਆਂ ਸਬੰਧੀ ਹੋਈ ਇਸ ਮੀਟਿੰਗ ਬਾਰੇ ਕਿਹਾ ਕਿ ਅਕਾਲੀ ਦਲ ਟਕਸਾਲੀ ਹਮੇਸ਼ਾ ਪੰਥਕ ਏਕਤਾ ਦਾ ਹਾਮੀ ਰਿਹਾ ਹੈ ਅਤੇ ਉਹ ਅਗਾਂਹ ਵੀ ਇਸ ਗੱਲਬਾਤ ਨੂੰ ਜਾਰੀ ਰੱਖੇਗਾ ਅਤੇ ਬਾਬਾ ਸਰਬਜੋਤ ਸਿੰਘ ਬੇਦੀ ਦੇ ਨਿਵਾਸ 'ਤੇ ਮੀਟਿੰਗ 'ਚ ਜੋ ਕੁੱਝ ਵੀ ਤੈਅ ਹੋ ਚੁੱਕਿਆ ਹੈ, ਉਸ ਮੁਤਾਬਕ ਹੀ ਕੰਮ ਕਰੇਗਾ।

### ਬਾਬਾ ਬੇਦੀ ਨਾਲ ਹੋ ਚੁੱਕੀ ਹੈ ਮੁੱਢਲੇ ਦੌਰ ਦੀ ਗੱਲਬਾਤ : ਢੀਂਡਸਾ

ਸ਼੍ਰੋਮਣੀ ਅਕਾਲੀ ਦਲ ਡੈਮੋਕ੍ਰੇਟਿਕ ਦੇ ਪ੍ਰਧਾਨ ਅਤੇ ਮੈਂਬਰ ਰਾਜ ਸਭਾ ਸੁਖਦੇਵ ਸਿੰਘ ਢੀਂਡਸਾ ਨੇ ਇਸ ਸਬੰਧੀ ਗੱਲਬਾਤ ਕਰਦਿਆਂ ਕਿਹਾ ਕਿ ਪੰਥਕ ਮੁੱਦਿਆਂ 'ਤੇ ਖ਼ਾਸ ਕਰ ਕੇ ਆਗਾਮੀ ਸ਼੍ਰੋਮਣੀ ਕਮੇਟੀ ਚੋਣਾਂ ਦੇ ਸੰਦਰਭ 'ਚ ਬਾਬਾ ਸਰਬਜੋਤ ਸਿੰਘ ਬੇਦੀ ਨਾਲ ਉਨਾਂ ਦੇ ਨਿਵਾਸ ਸਥਾਨ 'ਤੇ ਮੀਟਿੰਗ ਹੋਈ ਹੈ, ਜਿਸ ਵਿਚ ਸਾਂਝੀ ਕੋ-ਆਰਡੀਨੇਸ਼ਨ ਕਮੇਟੀ ਬਣਾਉਣ ਸਬੰਧੀ ਮੁੱਢਲੇ ਦੌਰ ਦੀ ਗੱਲਬਾਤ ਹੋਈ ਹੈ ਅਤੇ ਆਉਣ ਵਾਲੇ ਸਮੇਂ 'ਚ ਵੀ ਇਹ ਗੱਲਬਾਤ ਜਾਰੀ ਰਹੇਗੀ।

# ਹਾਈ ਕੋਰਟ ਨੇ ਪੰਜਾਬ ਸਰਕਾਰ ਤੋਂ ਰਿਪੋਰਟ ਕੀਤੀ ਤਲਬ

### ਮਾਮਲਾ ਮੌੜ ਮੰਡੀ ਧਮਾਕੇ ਦਾ

**ਚੰਡੀਗੜ/ਏ.ਟੀ.ਨਿਊਜ਼:** ਮੌੜ ਮੰਡੀ ਧਮਾਕਾ ਮਾਮਲੇ ਵਿਚ ਹਾਈ ਕੋਰਟ ਦੇ ਹੁਕਮਾਂ ਮੁਤਾਬਕ ਕਾਰਵਾਈ ਨਾ ਹੋਣ ਵਿਰੁੱਧ ਹੁਕਮ ਅਦੂਲੀ ਸਬੰਧੀ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਹਾਈ ਕੋਰਟ ਦੀ ਜਸਟਿਸ ਨਿਰਮਲਜੀਤ ਕੌਰ ਨੇ ਪੰਜਾਬ ਸਰਕਾਰ ਨੂੰ ਇਸ ਮਾਮਲੇ ਵਿਚ ਜਵਾਬ ਦਾਇਰ ਕਰਨ ਦੀ ਹਦਾਇਤ ਕੀਤੀ ਹੈ। ਬੈਂਚ ਨੇ ਸਰਕਾਰ ਨੂੰ 19 ਜਨਵਰੀ ਤਕ ਅਦਾਲਤ ਵਿਚ ਇਸ ਬਾਰੇ ਸਟੇਟਸ ਰਿਪੋਰਟ ਦੇਣ ਦਾ ਹੁਕਮ ਕੀਤਾ ਹੈ। ਪਾਤੜਾਂ ਵਾਸੀ ਗੁਰਜੀਤ ਸਿੰਘ ਵੱਲੋਂ ਵਕੀਲ ਮਹਿੰਦਰ ਜੋਸ਼ੀ ਦੇ ਜ਼ਰੀਏ ਪਾਈ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਹਾਈ ਕੋਰਟ ਨੇ ਇਹ ਹੁਕਮ ਕੀਤੇ ਹਨ। ਪਟੀਸ਼ਨ ਵਿਚ ਸੂਬੇ ਦੇ ਡੀਜੀਪੀ ਦਿਨਕਰ ਗੁਪਤਾ, ਏਡੀਜੀਪੀ ਈਸ਼ਵਰ ਸਿੰਘ, ਆਈਜੀ ਅਮਿਤ ਪ੍ਰਸਾਦ, ਆਈਜੀ ਅਰੁਣ ਮਿੱਤਲ ਤੇ ਬਠਿੰਡਾ ਦੇ ਐੱਸਐੱਸਪੀ ਨਾਨਕ ਸਿੰਘ ਵਿਰੁੱਧ ਹੁਕਮ ਅਦੂਲੀ ਤਹਿਤ ਕਾਰਵਾਈ ਦੀ ਮੰਗ ਕੀਤੀ ਹੈ। ਪਟੀਸ਼ਨਰ ਦਾ ਦੋਸ਼ ਹੈ ਕਿ ਇਸ ਮਾਮਲੇ ਦੀ ਜਾਂਚ ਲਈ ਬਣੀ ਐੱਸਆਈਟੀ ਨੇ ਹਾਈ ਕੋਰਟ ਦੇ ਹੁਕਮਾਂ ਮੁਤਾਬਕ ਸਹੀ ਜਾਂਚ ਨਹੀਂ ਕੀਤੀ। ਵਰਾ 2017 ਦੌਰਾਨ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲਈ ਕੀਤੇ ਜਾ ਰਹੇ ਪ੍ਰਚਾਰ ਦੌਰਾਨ ਹੋਏ ਬੰਬ ਧਮਾਕੇ ਸਬੰਧੀ ਹਾਈ ਕੋਰਟ ਦੇ ਹੁਕਮ ਦੇ ਬਾਵਜੂਦ ਮੁੱਖ ਮੁਲਜ਼ਮ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਮੁੱਖ ਮੁਲਜ਼ਮ ਗੁਰਤੇਜ ਸਿੰਘ, ਅਵਤਾਰ ਸਿੰਘ ਤੇ ਅਮਰੀਕ ਸਿੰਘ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ ਹਨ। ਇਹ ਸਭ ਡੇਰਾ ਸਿਰਸਾ ਨਾਲ ਜੁੜੇ ਹੋਏ ਹਨ। ਉੱਥੇ ਜੇਲ ਵਿਚ ਬੰਦ ਡੇਰਾ ਸੱਚਾ ਸੌਦਾ ਦੇ ਮੁਖੀ ਤੋਂ ਵੀ ਪੁੱਛ ਪੜਤਾਲ ਨਹੀਂ ਕੀਤੀ ਜਾ ਰਹੀ ਹੈ। ਪਟੀਸ਼ਨਰ ਮੁਤਾਬਕ ਇਸ ਵਰੇ ਸਤੰਬਰ ਦੌਰਾਨ ਹਾਈ ਕੋਰਟ ਨੇ ਐੱਸਆਈਟੀ ਨੂੰ ਦੋ ਹਫ਼ਤਿਆਂ ਦੌਰਾਨ ਮੁੱਖ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਦੇ ਹੁਕਮ ਕੀਤੇ ਸਨ। ਇਨਾਂ ਹੁਕਮਾਂ ਦੇ ਬਾਵਜੂਦ ਐੱਸਆਈਟੀ ਹਾਲੇ ਤਕ ਮੁੱਖ ਮੁਲਜ਼ਮ ਨੂੰ ਗ੍ਰਿਫ਼ਤਾਰ ਨਹੀਂ ਕਰ ਸਕੀ ਹੈ।

# ਦਿੱਲੀ ਦੀ ਕੋਰਟ ਵੱਲੋਂ ਸਿਰਸਾ ਖ਼ਿਲਾਫ਼ ਕੇਸ ਦਰਜ ਕਰਨ ਦਾ ਹੁਕਮ

## ਮਾਮਲਾ 2013 ਵਿੱਚ ਟੈਂਟ ਲਾਏ ਜਾਣ ਵਿੱਚ ਗੜਬੜ ਦਾ



**ਨਵੀਂ ਦਿੱਲੀ/ਏ.ਟੀ.ਨਿਊਜ਼:** ਦਿੱਲੀ ਦੀ ਰਾਊਜ ਐਵੇਨਿਊ ਕੋਰਟ ਨੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਜੁੜੇ ਇਕ ਘੁਟਾਲੇ ਮਾਮਲੇ 'ਚ ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਖ਼ਿਲਾਫ਼ ਕੇਸ ਦਰਜ ਕਰਨ ਦਾ ਆਦੇਸ਼ ਦਿੱਤਾ ਹੈ। ਇਹ ਮਾਮਲਾ 2013 ਵਿੱਚ ਟੈਂਟ ਲਾਏ ਜਾਣ ਵਿੱਚ ਗੜਬੜ ਨਾਲ ਸਬੰਧਤ ਹੈ। ਇਹ ਕੇਸ ਸਰਨਾ ਧੜੇ ਨਾਲ ਜੁੜੇ ਭੁਪਿੰਦਰ ਸਿੰਘ ਵੱਲੋਂ ਦਾਇਰ ਕੀਤਾ ਗਿਆ ਹੈ। ਮਾਮਲੇ ਦੀ ਅਗਲੀ ਸੁਣਵਾਈ 21 ਨਵੰਬਰ ਨੂੰ ਹੋਵੇਗੀ। ਉੱਧਰ, ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਬਿਲਾਂ ਨੂੰ ਪ੍ਰਵਾਨਗੀ ਤਤਕਾਲੀ ਪ੍ਰਧਾਨ ਮਨਜੀਤ ਸਿੰਘ ਜੀ ਨੇ ਦਿੱਤੀ ਸੀ । ਸਿਰਸਾ ਮੁਤਾਬਕ ਅਦਾਲਤ ਨੇ ਵੀ ਇਸ 'ਤੇ ਗੌਰ ਕੀਤਾ ਹੈ ਕਿ ਕੋਈ ਦੋਹਰੀ ਅਦਾਇਗੀ ਨਹੀਂ ਹੋਈ ਹੈ।

# ਭਾਰਤ-ਚੀਨ ਗੱਲਬਾਤ ਸਿਰੇ ਨਾ ਚੜ੍ਹੀ, ਤਣਾਅ ਜਾਰੀ

**ਨਵੀਂ ਦਿੱਲੀ/ਏ.ਟੀ.ਨਿਊਜ਼:** ਲਦਾਖ਼ ਵਿੱਚ ਅਸਲ ਕੰਟਰੋਲ ਰੇਖਾ 'ਤੇ ਜਾਰੀ ਤਣਾਅ ਨੂੰ ਖ਼ਤਮ ਕਰਨ ਲਈ ਭਾਰਤ ਅਤੇ ਚੀਨ ਦੇ ਸੀਨੀਅਰ ਫ਼ੌਜੀ ਕਮਾਂਡਰਾਂ ਵਿਚਾਲੇ ਹੋਈ ਗੱਲਬਾਤ ਬੇਸਿੱਟਾ ਰਹੀ ਹੈ। ਦੋਵਾਂ ਧਿਰਾਂ ਨੇ ਪੂਰਬੀ ਲਦਾਖ਼ ਵਿੱਚ 826 ਕਿਲੋਮੀਟਰ ਸਰਹੱਦ ਦੇ ਨਾਲ ਨਾਲ ਮਿਜ਼ਾਈਲਾਂ, ਤੋਪਾਂ, ਏਅਰ ਡਿਫੈਂਸ ਸਿਸਟਮ, ਲੜਾਕੂ ਜਹਾਜ਼ਾਂ ਤੋਂ ਇਲਾਵਾ 50 ਹਜ਼ਾਰ ਤੋਂ ਵਧ ਫ਼ੌਜੀ ਜਵਾਨ ਤਾਇਨਾਤ ਜਮਾਂ ਕਰ ਰੱਖੇ ਹਨ। ਛੇ ਮਈ ਤੋਂ ਜਾਰੀ ਤਣਾਅ ਨੂੰ ਛੇ ਮਹੀਨੇ ਹੋ ਚੁੱਕੇ ਹਨ।

## 12 ਨਵੰਬਰ ਭੋਗ ਤੇ ਵਿਸ਼ੇਸ਼

# ਇਕ ਮਿਸਾਲੀ ਆਗੂ ਸਨ 'ਸਰਦਾਰ ਮੇਜਰ ਸਿੰਘ ਉਬੋਕੇ'

- ਡਾ. ਸੁਰਿੰਦਰਪਾਲ ਸਿੰਘ ਮੰਡ
(ਪ੍ਰੋਫੈਸਰ)



ਪੜੇ ਲਿਖੇ ਸਰਦਾਰ ਮੇਜਰ ਸਿੰਘ ਉਬੋਕੇ ਪੰਜਾਬੀ ਸੂਬੇ ਦੇ ਮੋਰਚੇ ਦੇ ਸੰਘਰਸ਼ ਵਿਚ ਫ਼ੌਜ ਦੀ ਨੌਕਰੀ ਛੱਡ ਕੇ ਕੁੱਦ ਪਏ ਸਨ, ਜਿਸ 'ਚ ਉਨਾਂ ਦੀ ਕੁਰਕੀ ਵੀ ਹੋਈ। ਘਰ ਦਾ ਸਾਰਾ ਸਮਾਨ ਮੰਜੇ, ਬਿਸਤਰੇ, ਭਾਂਡੇ, ਮਾਲ, ਡੰਗਰ ਸਰਹਾਲੀ ਪੁਲਿਸ ਚੌਂਕੀ ਲਿਆਂਦਾ ਗਿਆ। ਲੋਕ ਇਕੱਠੇ ਹੋਏ। 50 ਰੁਪਏ ਤੋਂ ਬੋਲੀ ਸ਼ੁਰੂ ਕੀਤੀ। ਲੋਕਾਂ ਨਾਂਹ ਕਰਤੀ, ਕਿ ਇਹ ਪਾਪ ਸਾਥੋਂ ਨੀਂ ਹੋਣਾ। ਮਗਰੋਂ ਵੀ ਉਨਾਂ ਸਭ ਮੋਰਚਿਆਂ ਦੀ ਅਗਵਾਈ ਕੀਤੀ ਤੇ ਅਨੇਕਾਂ ਵਾਰ ਜੇਲਾਂ ਵੀ ਕੱਟੀਆਂ। ਉਹ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ, ਸੰਤ ਫਤਹਿ ਸਿੰਘ ਅਤੇ 1971, 1977 'ਚ ਪ੍ਰਕਾਸ਼ ਸਿੰਘ ਬਾਦਲ ਦੇ ਸਿਆਸੀ ਸਕੱਤਰ ਰਹੇ। ਵਲਟੋਹਾ ਹਲਕੇ ਤੋਂ ਦੋ ਵਾਰ ਐੱਮ.ਐੱਲ.ਏ, ਕੈਬਨਿਟ ਮਨਿਸਟਰ ਅਤੇ ਤਰਨਤਾਰਨ ਤੋਂ ਮੈਂਬਰ ਪਾਰਲੀਮੈਂਟ ਵੀ ਬਣੇ। ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਤੇ ਐਕਟਿੰਗ ਪ੍ਰਧਾਨ ਵੀ ਰਹੇ । ਉਨਾਂ ਸਰਕਾਰੀ ਕਾਲਜ ਪੱਟੀ, ਕਈ ਸਕੂਲ, ਸ੍ਰੀ ਗੁਰੂ ਰਾਮਦਾਸ ਹਸਪਤਾਲ ਅੰਮ੍ਰਿਤਸਰ ਬਣਵਾਉਣ 'ਚ ਬਹੁਤ ਵੱਡਾ ਯੋਗਦਾਨ ਪਾਇਆ। ਬੇਸ਼ੁਮਾਰ ਕੰਮ ਕੀਤੇ। ਉਨਾਂ ਦੀਆਂ ਚੰਡੀਗੜ ਅਤੇ ਦਿੱਲੀ ਸਰਕਾਰੀ ਕੋਠੀਆਂ 'ਚ ਲੋਕ ਸਰਾਂ ਵਾਂਗ ਰਾਤ ਠਹਿਰ ਲੈਂਦੇ ਸਨ। ਰੋਜ਼ ਸਵੇਰੇ ਘਰ ਲੋਹ ਲੰਗਰ ਚਲਦਾ। ਹਰ ਇਕ ਦੇ ਕੰਮ ਆਉਂਦੇ। ਹਰੇਕ ਦੇ ਦੁੱਖ ਸੁਖ ਵਿਚ ਅੰਤ ਤੱਕ ਸ਼ਾਮਲ ਹੁੰਦੇ ਰਹੇ; ਬੜੇ ਆਸ਼ਾਵਾਦੀ, ਦਲੇਰ, ਖੁਸ਼ਮਿਜ਼ਾਜ਼, ਹਿੰਮਤੀ ਸਨ। 93 ਸਾਲ ਦੀ ਉਮਰ ਤਕ ਉੱਠਣ ਬੈਠਣ ਲਈ ਕਿਸੇ ਦਾ ਆਸਰਾ ਨਹੀਂ ਸੀ ਲੈਂਦੇ। ਪਿੰਡਾਂ ਬੰਦਿਆਂ ਘਟਨਾਵਾਂ ਇਤਿਹਾਸ ਬਾਰੇ ਉਨਾਂ ਦੀ ਯਾਦਦਾਸ਼ਤ ਅਜੇ ਤਕ ਬੇਮਿਸਾਲ ਸੀ। ਸਭ ਲੋਕਾਂ ਦੇ ਸਾਂਝੇ ਲੀਡਰ। ਕਦੇ ਕਿਸੇ ਧਰਮ, ਜਾਤ, ਤਬਕੇ ਬਾਰੇ ਚੁੱਭਵੀਂ ਗੱਲ ਨਹੀਂ ਕੀਤੀ। ਉਹ ਮੂੰਹ 'ਤੇ ਸੱਚੀ ਗੱਲ ਕਹਿ ਦੇਣ ਵਾਲੇ ਬੇਦਾਗ ਨਿਸ਼ਕਾਮ ਲੀਡਰ ਸਨ, ਜਿਸ ਦਾ ਉਨਾਂ ਖ਼ਮਿਆਜ਼ਾ ਵੀ ਭੁਗਤਿਆ। ਉਹ ਮੇਰੇ ਸਕੇ ਮਾਸੜ ਜੀ ਸਨ, ਸਾਡੇ ਵੱਡੇ ਪਰਿਵਾਰ ਦੇ ਸਭ ਤੋਂ ਸੀਨੀਅਰ ਮੈਂਬਰ ਸੀ। ਮੈਨੂੰ ਬਹੁਤ ਪਿਆਰ ਕਰਦੇ ਸਨ, ਹਰ ਪਰਿਵਾਰਕ ਸਮਾਗਮ ਵਿਚ ਸਾਰਾ ਸਮਾਂ ਮੇਰੇ ਨਾਲ ਹੀ ਗੁਜ਼ਾਰਦੇ। ਉਹ ਮਿਸਾਲੀ ਤੇ ਮਾਣਯੋਗ ਜੀਵਨ ਗੁਜ਼ਾਰ ਕੇ ਧਰਤੀ ਤੋਂ ਰੁਖ਼ਸਤ ਹੋਏ ਹਨ। ਆਉਣ ਵਾਲੇ ਲੀਡਰਾਂ ਲਈ ਚਾਨਣ ਮੁਨਾਰਾ। 12 ਨਵੰਬਰ ਨੂੰ ਉਨਾਂ ਦੇ ਭੋਗ ਮੌਕੇ ਮੈਂ ਆਦਰ ਨਾਲ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕਰਦਾ ਹਾਂ।

# ਨਵੇਂ ਯੁੱਗ ਦੇ ਮੁਹਾਵਰੇ:

- ਵਿਹਲੀ ਜੱਟੀ, ਵੱਟਸਐਪ ਫੋਲੇ
- ਕਾਲੀ ਤਿੱਤਰੀ ਗਰੁੱਪ ਵਿਚੋਂ ਨਿਕਲੀ, ਦੂਜੇ ਗਰੁੱਪ ਵਿਚ ਪੋਸਟ ਹੋ ਗਈ
- ਅੱਧੀ ਤੇਈ ਵੇ ਮੈਸੰਜਰ ਯਾਰਾ, ਅੱਧੀ ਮੈਂ ਫੇਸਬੁੱਕ ਦੀ
- ਪੋਸਟਾਂ ਪਾਈਆਂ ਚਾਰ , ਲਾਇਕ ਕੋਈ ਕੋਈ
- ਸੁੱਤੀ ਨਾ ਜਗਾਈਂ ਬੰਨ ਵੇ, ਰਾਤ ਅਸਾਂ ਫੇਸਬੁੱਕ ਤੇ ਲਾਈ
- ਅੰਦਰ ਜਾਵਾਂ, ਬਾਹਰ ਜਾਵਾਂ, ਨੋਟੀਫੀਕੇਸ਼ਨ ਟਣਕਦਾ
- ਮਹਿਰਮ ਦਿਲਾਂ ਦਾ ਜਾਨੀ, ਚੈਟ ਕਰਦਾ ਨਾਲ ਬੇਗਾਨੀ
- ਭੱਠ ਪਿਆ ਨੈੱਟਵਰਕ , ਜਿਹੜਾ ਰੇਂਜ ਨਾ ਪੂਰੀ ਚਲਾਵੇ
- ਹੁਣ ਕਿਹੜਾ ਪਾਸਵਰਡ ਲਾਵਾਂ, ਜਾਂਦਾ ਹੋਇਆ ਦੱਸ ਨਾ ਗਿਆ
- ਮੈਂ ਗੋਰੀ ਮੇਰਾ ਮਾਹੀ ਕਾਲਾ, ਸੈਲਫੀ ਕਿਵੇਂ ਬਣਾਵਾਂ

- ਜਨਮੇਜਾ ਸਿੰਘ ਜੌਹਲ

# ਵਿਸ਼ਵ ਪੰਜਾਬੀ ਨਾਰੀ ਸਾਹਿਤਕ ਮੰਚ ਦੀ ਮੀਟਿੰਗ ਸਫਲਤਾਪੂਰਵਕ

**ਅੰਮ੍ਰਿਤਸਰ/ਏ.ਟੀ.ਨਿਊਜ਼:** ਅੱਜ ਵਿਸ਼ਵ ਪੰਜਾਬੀ ਨਾਰੀ ਸਾਹਿਤਕ ਮੰਚ ਦੀ ਅੰਮ੍ਰਿਤਸਰ ਇਕਾਈ ਵੱਲੋਂ ਮੰਚ ਦਾ ਪਹਿਲਾ ਸਮਾਗਮ ਅੰਮ੍ਰਿਤਸਰ 'ਜੰਡਿਆਲਾ ਹਵੇਲੀ' ਵਿੱਚ ਕੀਤਾ ਗਿਆ। ਵਿਸ਼ਵ ਪੰਜਾਬੀ ਨਾਰੀ ਸਾਹਿਤਕ ਮੰਚ ਦੀ ਸੰਚਾਲਕ ਨਿਰਮਲ ਕੌਰ ਕੋਟਲਾ ਦੀ ਰਹਿਨੁਮਾਈ ਹੇਠ ਹੋਏ ਇਸ ਸਮਾਗਮ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਤੋਂ ਮੰਚ ਦੀਆਂ ਮੈਂਬਰਾਂ ਨੇ ਸ਼ਿਰਕਤ ਕੀਤੀ। ਇਸ ਸਮਾਗਮ ਵਿੱਚ ਅੱਜ ਦੇ ਸਮੇਂ ਦੌਰਾਨ ਔਰਤਾਂ ਦੇ ਹੋ ਰਹੇ ਸ਼ੋਸ਼ਣ,ਬੱਚੀਆਂ ਨਾਲ ਹੋ ਰਹੇ ਕੁਕਰਮ, ਪੰਜਾਬ ਅੰਦਰ ਨਸ਼ੇ, ਭਰੂਣ ਹੱਤਿਆ ਅਤੇ ਚੱਲ ਰਹੇ ਕਿਸਾਨੀ ਸੰਘਰਸ਼ ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਨਿਰਮਲ ਕੌਰ ਕੋਟਲਾ, ਸੁਖ ਰੰਧਾਵਾ, ਕੁਲਵਿੰਦਰ ਕੌਰ ਨੰਗਲ, ਅਮਨਦੀਪ ਕੌਰ ਜੋਗਾ,ਕਮਲ ਦੀ ਪ੍ਰਧਾਨਗੀ ਹੇਠ ਚੱਲੇ ਇਸ ਸਮਾਗਮ ਵਿੱਚ ਸਟੇਜ ਸੰਚਾਲਨ ਦੀ ਭੂਮਿਕਾ ਕੁਲਵਿੰਦਰ ਕੌਰ ਨੰਗਲ ਨੇ ਬਾਖ਼ੂਬੀ ਨਿਭਾਈ। ਅਮਨਦੀਪ ਜੋਗਾ, ਮਨਦੀਪ ਭਦੌੜ, ਸਤਿੰਦਰ ਕਾਹਲੋਂ, ਹਰਮੇਸ਼ ਯੋਧਾ ਨੇ ਵੱਖ-ਵੱਖ ਵਿਸ਼ਿਆਂ ਤੇ ਆਪਣੇ ਵਿਚਾਰ ਭੈਣਾਂ ਨਾਲ ਸਾਂਝੇ ਕੀਤੇ। ਜਗੀਰ ਕੋਰ ਨੇ ਕਿਸਾਨੀ ਸੰਘਰਸ਼ ਬਾਰੇ ਖੁੱਲ ਕੇ ਗੱਲਬਾਤ ਸਾਂਝੀ ਕੀਤੀ। ਸਰਬਜੀਤ ਕੌਰ ਹਾਜੀਪੁਰ ਨੇ ਆਪਣੀ ਰਚਨਾ ਨਾਲ ਸਾਂਝ ਪਾਈ। ਭੈਣਾਂ ਦਾ ਇਹ ਪ੍ਰੋਗਰਾਮ ਹਰਮੇਸ਼ ਯੋਧਾ ਵੱਲੋਂ ਸੁਰ ਸਾਂਝੀ ਤੇ ਲਾਈਵ ਕੀਤਾ ਗਿਆ। ਇਸ ਸਮਾਗਮ ਵਿੱਚ ਨਿਰਮਲ ਕੌਰ ਕੋਟਲਾ, ਨੀਤਾ ਭਾਟੀਆ, ਰਣਜੀਤ ਕੌਰ ਬਾਜਵਾ, ਹਰਿੰਦਰ ਕੌਰ, ਸੋਨੀਆਂ ਕੌਰ, ਗੁਰਵਿੰਦਰ ਗਿੱਲ, ਬੇਅੰਤ ਕੌਰ ਗਿੱਲ ਆਦਿ ਭੈਣਾਂ ਪਹੁੰਚੀਆਂ। ਸੁਖ ਰੰਧਾਵਾ ਨੇ ਪਹੁੰਚੀਆਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ।

# ਕਿਸਾਨਾਂ ਨੂੰ ਗੱਲਬਾਤ ਲਈ ਕੇਂਦਰ ਵੱਲੋਂ ਮੁੜ ਸੱਦਾ; ਮੀਟਿੰਗ 13 ਨਵੰਬਰ ਨੂੰ

## ਕਿਸਾਨ ਯੂਨੀਅਨਾਂ ਵੱਲੋਂ 26 ਤੇ 27 ਨਵੰਬਰ ਨੂੰ 'ਦਿੱਲੀ ਚੱਲੋ' ਦਾ ਸੱਦਾ

**ਚੰਡੀਗੜ /ਏ.ਟੀ.ਨਿਊਜ਼:** ਕੇਂਦਰ ਸਰਕਾਰ ਨੇ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਸੰਘਰਸ਼ ਦੇ ਰਾਹ ਪਏ ਕਿਸਾਨਾਂ ਨੂੰ ਕਰੀਬ ਇਕ ਮਹੀਨੇ ਬਾਅਦ ਮੁੜ ਗੱਲਬਾਤ ਦਾ ਸੱਦਾ ਦੇ ਦਿੱਤਾ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਖੇਤੀਬਾੜੀ ਨਰਿੰਦਰ ਤੋਮਰ ਦੀ ਕਿਸਾਨ ਆਗੂਆਂ ਨਾਲ 13 ਨਵੰਬਰ ਨੂੰ ਮੀਟਿੰਗ ਤੈਅ ਹੋਈ ਹੈ ।
ਉੱਧਰ 31 ਕਿਸਾਨ ਯੂਨੀਅਨਾਂ ਦੀ ਸਾਂਝੀ ਤਾਲਮੇਲ ਕਮੇਟੀ ਦੇ ਆਗੂ ਡਾ. ਦਰਸ਼ਨ ਪਾਲ ਦਾ ਕਹਿਣਾ ਹੈ ਕਿ ਅਜੇ ਤਕ ਮੀਟਿੰਗ ਸਬੰਧੀ ਲਿਖਤੀ ਸੱਦਾ ਅਤੇ ਏਜੰਡਾ ਪ੍ਰਾਪਤ ਨਹੀਂ ਹੋਇਆ। ਉਨਾਂ ਕਿਹਾ ਕਿ ਗੱਲਬਾਤ ਲਈ ਸੱਦਾ ਮਿਲਣ ਤੋਂ ਬਾਅਦ ਕਿਸਾਨ ਆਗੂ ਆਪਣੀ ਮੀਟਿੰਗ ਕਰਨਗੇ। ਡਾ. ਦਰਸ਼ਨ ਪਾਲ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਗੱਲਬਾਤ ਲਈ ਰਾਜ਼ੀ ਹੈ ਤਾਂ ਤੁਰੰਤ ਰੇਲ ਗੱਡੀਆਂ ਚਾਲੂ ਕੀਤੀਆਂ ਜਾਣ। ਯਾਦ ਰਹੇ; ਕਿ ਦੇਸ਼ ਦੀਆਂ ਸਮੂਹ ਕਿਸਾਨ ਯੂਨੀਅਨਾਂ ਨੇ ਕੌਮੀ ਪੱਧਰ 'ਤੇ ਸੰਘਰਸ਼ ਭਖਾਉਣ ਲਈ ਕਿਸਾਨਾਂ ਨੂੰ 26 ਤੇ 27 ਨਵੰਬਰ ਨੂੰ 'ਦਿੱਲੀ ਚੱਲੋ' ਦਾ ਸੱਦਾ ਦਿੱਤਾ ਹੋਇਆ ਹੈ।
ਅਹਿਮ ਗੱਲ ਹੈ ਕਿ ਦਿੱਲੀ ਸਰਕਾਰ ਨੇ ਕਿਸਾਨਾਂ ਵੱਲੋਂ 26 ਤੇ 27 ਨਵੰਬਰ ਨੂੰ ਜਨਤਕ ਸਮਾਗਮ ਕਰਨ ਲਈ ਮਨਜ਼ੂਰੀ ਨਹੀਂ ਦਿੱਤੀ ਅਤੇ ਕਿਸਾਨ ਆਗੂਆਂ ਦੀ ਮਨਜ਼ੂਰੀ ਲਈ ਦਿੱਤੀ ਅਰਜ਼ੀ ਰੱਦ ਕਰ ਦਿੱਤੀ ਹੈ।

# ਰਾਸ਼ਟਰਪਤੀ ਟਰੰਪ ਨੇ ਭਾਰਤੀ ਮੂਲ ਦੇ ਅਮਰੀਕੀ ਨੂੰ ਫੈਡਰਲ ਏਨਰਜੀ ਰੈਗੂਲੇਟਰੀ ਕਮਿਸ਼ਨ ਦੇ ਅਹੁਦੇ ਤੋਂ ਹਟਾਇਆ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚੁੱਪ ਚੁਪੀਤੇ ਫੈਡਰਲ ਏਨਰਜੀ ਰੈਗੂਲੇਟਰੀ ਕਮਿਸ਼ਨ ਦੇ ਅਹੁਦੇ ਤੋਂ ਭਾਰਤੀ ਮੂਲ ਦੇ ਅਮਰੀਕੀ ਨੀਲ ਚਟਰਜੀ ਦੀ ਛੁੱਟੀ ਕਰ ਦਿੱਤੀ ਹੈ। ਚਟਰਜੀ ਨੇ ਇਕ ਟਵੀਟ ਵਿਚ ਕਿਹਾ ਹੈ ਕਿ ' ਉਹ ਹੁਣ ਕਮੇਟੀ ਦੇ ਚੇਅਰਮੈਨ ਨਹੀਂ ਰਹੇ। ਟਰੰਪ ਨੇ ਉਸ ਦੀ ਜਗਾ ਰਿਪਬਲੀਕਨ ਜੇਮਜ ਡੈਨਲੀ ਦੀ ਨਿਯੁਕਤੀ ਕਰ ਦਿੱਤੀ ਹੈ। ਇਸ ਦੇ ਨਾਲ ਹੀ ਚਟਰਜੀ ਨੇ ਨਿਯੁਕਤੀ ਲਈ ਆਪਣੇ ਸਾਥੀ ਡੈਨਲੀ ਨੂੰ ਵਧਾਈ ਦਿੱਤੀ ਹੈ



ਤੇ ਉਸ ਦੀ ਸਫਲਤਾ ਲਈ ਕਾਮਨਾ ਕੀਤੀ ਹੈ। ਰਾਸ਼ਟਰਪਤੀ ਟਰੰਪ ਸਮਝਦੇ ਹਨ ਕਿ ਭਾਰਤੀ ਭਾਈਚਾਰੇ ਨੇ ਰਿਪਬਲੀਕਨ ਪਾਰਟੀ ਨੂੰ ਵੋਟਾਂ ਨਹੀਂ ਪਾਈਆਂ। ਕੈਲੀਫੋਰਨੀਆ ਜਿੱਥੇ ਕਿ ਪੰਜਾਬੀਆਂ ਸਮੇਤ ਭਾਰਤੀ ਵੱਡੀ ਤਾਦਾਦ ਵਿਚ ਰਹਿੰਦੇ ਹਨ, ਵਿਚ ਟਰੰਪ ਦੀ ਬਹੁਤ ਬੁਰੀ ਤਰਾਂ ਹਾਰ ਹੋਈ ਹੈ। ਕੈਲੀਫੋਰਨੀਆ ਵਿਚ ਜੋਅ ਬਾਇਡੇਨ ਨੂੰ 64% ਤੋਂ ਵਧ ਵੋਟਾਂ ਮਿਲੀਆਂ ਹਨ ਜਦ ਕਿ ਟਰੰਪ 33% ਤੋਂ ਕੁਝ ਵਧ ਵੋਟਾਂ ਹੀ ਲਿਜਾ ਸਕੇ ਹਨ।
ਕੈਲੀਫੋਰਨੀਆ ਦੀਆਂ 55 ਇਲੈਕਟਰੋਲ ਵੋਟਾਂ ਹਨ। ਇਨਾਂ ਵੋਟਾਂ ਨੇ ਜੋਅ ਬਾਇਡੇਨ ਦੀ ਜਿੱਤ ਨੂੰ ਪੱਕਾ ਕੀਤਾ ਹੈ।

# ਰਾਸ਼ਟਰਪਤੀ ਜੋਅ-ਬਾਈਡਨ ਤੇ ਕਮਲਾ ਹੈਰਿਸ ਦੀ ਜਿੱਤ ਦੀ ਖ਼ੁਸ਼ੀ ਵਿੱਚ ਜਸ਼ਨ ਮਨਾਏ

**ਮੈਰੀਲੈਂਡ/ਵਿਸ਼ੇਸ਼ ਪ੍ਰਤੀਨਿਧ:** ਜਿਉਂ ਹੀ ਅੱਜ ਰਾਸ਼ਟਰਪਤੀ ਦੀ ਜਿੱਤ ਦਾ ਐਲਾਨ ਸਰਕਾਰੀ ਤੌਰ ਤੇ ਕੀਤਾ ਗਿਆ, ਉਸੇ ਸਮੇਂ ਬਾਈਡਨ-ਹੈਰਿਸ ਦੇ ਹਮਾਇਤੀਆਂ ਵੱਲੋਂ ਜਿੱਤ ਦੀ ਖ਼ੁਸ਼ੀ ਵਿੱਚ ਜਸ਼ਨ ਅਰੰਭ ਕੀਤੇ ਗਏ। ਕਿਧਰੇ ਭੰਗੜੇ ਪੈਣ ਲੱਗ ਪਏ ਤੇ ਕਿਧਰੇ ਪਾਰਟੀਆਂ ਹੋਣ ਲੱਗ ਪਈਆਂ। ਵਾਈਟ ਹਾਊਸ ਦੇ ਆਲ਼ੇ ਦੁਆਲੇ ਇਕੱਠਾਂ ਵੱਲੋਂ ਖ਼ੂਬ ਨਾਚ ਕੀਤਾ ਗਿਆ। ਸਿੱਖਾਂ ਵੱਲੋਂ ਵੀ ਆਪਣੇ ਅੰਦਾਜ਼ ਵਿੱਚ 46ਵੇਂ ਰਾਸ਼ਟਰਪਤੀ ਜੋਅ-ਬਾਈਡਨ ਨੂੰ ਵਧਾਈਆਂ ਪੇਸ਼ ਕੀਤੀਆਂ।
ਸਿੱਖ ਅਤੇ ਮੁਸਲਿਮ ਕਮਿਊਨਿਟੀ ਵੱਲੋਂ ਇੱਕ ਸਾਂਝੀ ਪਾਰਟੀ ਰਾਯਲ ਤਾਜ ਰੈਸਟਰੈਂਟ ਵਿੱਚ ਕੀਤੀ ਗਈ। ਜਿੱਥੇ ਸਾਊਥ ਏਸ਼ੀਅਨ ਡੈਮੋਕਰੇਟਕ ਕੁਲੀਸ਼ਨ ਪਾਰਟੀ ਦੀ ਚੇਅਰ, ਉਪ ਚੇਅਰ ਅਤੇ ਅਗਜ਼ੈਕਟਿਵ ਮੈਂਬਰਾਂ ਨੇ ਸ਼ਮੂਲੀਅਤ ਕੀਤੀ ਅਤੇ ਜਿੱਤ ਦੀ ਖ਼ੁਸ਼ੀ ਵਿੱਚ ਖ਼ੂਬ ਜਸ਼ਨ ਮਨਾਏ।
ਸ. ਬਖਸ਼ੀਸ਼ ਸਿੰਘ ਨੇ ਕਿਹਾ ਕਿ 'ਇਹ ਜਿੱਤ ਅਮਰੀਕਾ ਦੇ ਵੋਟਰਾਂ ਦੀ ਜਿੱਤ ਹੈ, ਜਿਨਾਂ ਨੇ ਤਬਦੀਲੀ ਲਿਆ ਕੇ ਅਮਰੀਕਾ ਨੂੰ ਮਜ਼ਬੂਤ ਕੀਤਾ ਹੈ।' ਆਇਸ਼ਾ ਖਾਨ ਡੈਮੋਕਰੇਟਕ ਵੋਮੈਨ ਕੁਲੀਸ਼ਨ ਚੇਅਰ ਨੇ ਕਿਹਾ ਕਿ 'ਡੈਮੋਕਰੇਟਿਕ ਪਾਰਟੀ ਮਿਡਲ ਕਲਾਸ ਅਤੇ ਇੰਮੀਗ੍ਰਾਂਟਸ ਦੀ ਪਾਰਟੀ ਹੈ। ਜੋ ਅਮਰੀਕਾ ਦੇ ਵਿਕਾਸ ਵਿੱਚ ਵਧ ਚੜ ਕੇ ਹਿੱਸਾ ਲੈਂਦੀ ਹੈ। ਬਾਈਡਨ-ਹੈਰਿਸ ਦੀ ਜਿੱਤ ਇੱਕ ਨਵਾਂ ਅਧਿਆਇ ਸ਼ੁਰੂ ਕਰੇਗੀ।'
ਡਾ. ਸੁਰਿੰਦਰ ਸਿੰਘ ਗਿੱਲ ਕੋ-ਚੇਅਰ ਸਾਊਥ ਏਸ਼ੀਅਨ ਡੈਮੋਕਰੇਟਿਕ ਕੁਲੀਸ਼ਨ ਨੇ ਕਿਹਾ; ਕਿ 'ਪ੍ਰਵਾਸੀਆਂ ਤੇ ਇੰਮੀਗ੍ਰਾਂਟਸ ਨੇ ਇਸ ਮੁਲਕ ਦੀ ਬਿਹਤਰੀ ਲਈ ਅਥਾਹ ਯੋਗਦਾਨ ਪਾਇਆ ਹੈ। ਪਿਛਲੇ ਚਾਰ ਸਾਲਾਂ ਤੋਂ ਹਰ ਪ੍ਰਵਾਸੀ ਉਦਾਸ ਸੀ। ਬਾਈਡਨ-ਹੈਰਿਸ ਜੋੜੀ ਜਿੱਤਣ ਨਾਲ ਲੋਕਾਂ ਦੇ ਸਾਹ ਵਿੱਚ ਸਾਹ ਆਇਆ ਹੈ।' ਉਹਨਾਂ ਕਿਹਾ ਕਿ 'ਮੈਨੂੰ ਖ਼ੁਸ਼ੀ ਹੈ ਕਿ ਪ੍ਰਵਾਸੀ ਰਾਜਨੀਤਿਕ ਖੇਤਰ ਵਿੱਚ ਜਾਗਰੂਕ ਹੋ ਗਏ ਹਨ। ਆਪਣੇ ਹੱਕ ਲੈਣ ਲਈ ਜੱਦੋ ਜਹਿਦ ਵਿੱਚ ਜੁੱਟ ਗਏ ਹਨ।' ਇਹਨਾਂ ਦੀ ਮਿਹਨਤ ਨੇ ਤਬਦੀਲੀ ਨੂੰ ਰੰਗਤ ਦਿੱਤੀ ਹੈ ਤੇ ਡੈਮੋਕਰੇਟਿਕ ਪਾਰਟੀ ਦੇ 46ਵੇਂ ਰਾਸ਼ਟਰਪਤੀ ਜੋਅ-ਬਾਈਡਨ ਤੇ ਕਮਲਾ ਹੈਰਿਸ ਉਪ ਰਾਸ਼ਟਰਪਤੀ ਨੂੰ ਵਾਈਟ ਹਾਊਸ ਭੇਜ ਦਿੱਤਾ ਹੈ। ਆਪਣਾ ਕਾਰਜਕਾਲ ਸੰਭਾਲਦਿਆਂ ਹੀ ਸੌ ਦਿਨਾਂ ਵਿੱਚ ਕਾਰਗੁਜ਼ਾਰੀ ਇਸ ਜੋੜੀ ਦੀ ਵੇਖਣ ਨੂੰ ਮਿਲੇਗੀ।
ਸੁਰਮੁਖ ਸਿੰਘ ਮਾਣਕੂ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਜੋਅ-ਬਾਈਡਨ ਤੇ ਕਮਲਾ ਹੈਰਿਸ ਦੀ ਇਤਿਹਾਸਕ ਜਿੱਤ ਬਹੁਤ ਮੁਸ਼ਕਲ ਹਾਲਤਾਂ ਵਿੱਚ ਲੋਕਾਂ ਦੀਆਂ, ਸਾਡੇ ਮੂਲ ਕਦਰਾਂ ਕੀਮਤਾਂ ਪ੍ਰਤੀ ਵਚਨਬੱਧਤਾ ਦੀ ਪੁਸ਼ਟੀ ਕਰਦੀ ਹੈ। ਅਮਰੀਕੀ ਲੋਕਾਂ ਨੇ ਟਰੰਪ ਦੀ ਸਾਲਾਂ ਦੀ ਕੱਟੜਪੰਥੀ ਅਤੇ ਵੰਡ-ਪਾਤ ਨੂੰ ਠੁਕਰਾ ਦਿੱਤਾ ਹੈ। ਅਜਿਹੇ ਨੇਤਾਵਾਂ ਦੀ ਚੋਣ ਕੀਤੀ ਹੈ ਜੋ ਸਾਰੇ ਲੋਕਾਂ ਲਈ ਅਵਸਰ ਅਤੇ ਮਾਣ ਲਈ ਖੜੇ ਹਨ।
ਸਮੂਹ ਕੁਲੀਸ਼ਨ ਮੈਂਬਰਾਂ ਨੇ ਰਾਸ਼ਟਰਪਤੀ ਤੇ ਉਪ-ਰਾਸ਼ਟਰਪਤੀ ਜੋੜੀ ਨੂੰ ਦਿਲ ਦੀਆਂ ਡੂੰਘਾਈਆਂ ਤੋਂ ਵਧਾਈਆਂ ਦਿੱਤੀਆਂ ਅਤੇ ਹਮਾਇਤੀਆਂ ਨੇ ਸ਼ਾਂਤੀ ਤੇ ਸਦਭਾਵਨਾ ਨਾਲ ਵਿਚਰਨ ਦੀ ਕਾਮਨਾ ਕੀਤੀ। ਅੱਜ ਦੀ ਪਾਰਟੀ ਵਿੱਚ ਬਖਸ਼ੀਸ਼ ਸਿੰਘ, ਗੁਰਪ੍ਰੀਤ ਸਿੰਘ, ਹਰਜੀਤ ਸਿੰਘ ਹੁੰਦਲ, ਕੇ. ਕੇ. ਸਿੱਧੂ, ਜਿੰਦਰ ਬਰਾੜ, ਡਾ. ਸੁਰਿੰਦਰ ਗਿੱਲ, ਆਇਸ਼ਾ ਖਾਨ, ਰਹੀਸ ਖਾਨ, ਇਰਫਾਨ ਯਾਕੂਬ, ਸ਼ਾਜੀਆ ਅਤੇ ਇਹਨਾਂ ਦੀਆਂ ਬੀਵੀਆਂ ਵੀ ਸ਼ਾਮਲ ਹੋਈਆਂ, ਜਿਨਾਂ ਨੇ ਜਿੱਤ ਦੀ ਖ਼ੁਸ਼ੀ ਵਿੱਚ ਖ਼ੂਬ ਰੰਗ ਬੰਨਿਆ, ਜੋ ਰਾਸ਼ਟਰਪਤੀ ਤੇ ਉਪ ਰਾਸ਼ਟਰਪਤੀ ਦੀ ਜਿੱਤ ਦੇ ਸਬੰਧ ਵਿੱਚ ਇਕੱਠੇ ਹੋਏ ਸੀ। ਸਮੁੱਚਾ ਜਿੱਤ ਸਮਾਗਮ ਕਾਬਲੇ ਤਾਰੀਫ਼ ਸੀ।

## ਸਿਆਟਲ ਦੇ ਗੁਰਦੁਆਰਾ ਸ੍ਰੀ ਗੁਰੂ ਤੇ.ਗ ਬਹਾਦਰ ਸਾਹਿਬ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦਾ ਗੁਰਪੁਰਬ ਮਨਾਇਆ



**ਸਿਆਟਲ : ਗੁਰਚਰਨ ਸਿੰਘ ਢਿੱਲੋਂ:** ਪੰਜਾਬੀ ਭਾਈਚਾਰੇ ਦੀ ਸੰਘਣੀ ਵਸੋਂ ਵਾਲੇ ਸ਼ਹਿਰ ਕੈਂਟ ਵਿਖੇ ਸ੍ਰੀ ਗੁਰੂ ਤੇ.ਗ ਬਹਾਦਰ ਸਾਹਿਬ ਜੀ ਵਿਖੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਬਾਬਾ ਅਮਨ ਸਿੰਘ ਨੇ ਕਥਾ ਰਾਹੀਂ ਤੇ ਬਾਬਾ ਦਲਜੀਤ ਸਿੰਘ ਦੇ ਜਥੇ ਨੇ ਕੀਰਤਨ ਰਾਹੀਂ ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ ਅਤੇ ਗੁਰੂ ਦਾ ਜਸ ਗਾਇਨ ਕੀਤਾ। ਜਗਰੂਪ ਸਿੰਘ ਦੇ ਪਰਿਵਾਰ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਤੇ ਲੰਗਰਾਂ ਦੀ ਸੇਵਾ ਤਿੰਨੇ ਦਿਨ ਬੜੀ ਸ਼ਰਧਾ ਨਾਲ ਨਿਭਾਈ ਗਈ। ਗੁਰੂਘਰ ਦੇ ਮੁੱਖ ਸੇਵਾਦਾਰ ਹਰਪਾਲ ਸਿੰਘ ਸਪਰਾ ਨੇ ਸੰਗਤਾਂ ਨੂੰ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ।

## ਨਵੰਬਰ ਨੂੰ ਸਰੀ ਸਿਟੀ ਕੌਂਸਲ ਨੇ ਸਿੱਖ ਨਸਲਕੁਸ਼ੀ ਯਾਦਗਾਰੀ ਮਹੀਨਾ ਐਲਾਨਿਆ

**ਵੈਨਕੂਵਰ/ਏ.ਟੀ.ਨਿਊਜ਼:** ਸਰੀ ਸਿਟੀ ਕੌਂਸਲ ਵੱਲੋਂ ਨਵੰਬਰ ਮਹੀਨੇ ਨੂੰ ਸਿੱਖ ਨਸਲਕੁਸ਼ੀ ਯਾਦਗਾਰੀ ਮਹੀਨਾ ਐਲਾਨਿਆ ਗਿਆ ਹੈ। ਮੇਅਰ ਡੱਗ ਮੁਕਲਮ ਨੇ ਇਸ ਸਬੰਧੀ ਪੱਤਰ ਜਨਤਕ ਕੀਤਾ। ਮੇਅਰ ਵੱਲੋਂ ਕੌਂਸਲਰਾਂ ਦੀ ਸਹਿਮਤੀ ਨਾਲ ਜਾਰੀ ਕੀਤੇ ਪੱਤਰ ਵਿਚ ਕਿਹਾ ਗਿਆ ਹੈ ਕਿ ਨਵੰਬਰ 1984 ਵਿਚ ਭਾਰਤ ਵਿੱਚ ਜਿਵੇਂ ਮਨੁੱਖੀ ਹੱਕਾਂ ਦਾ ਘਾਣ ਤੇ ਸਿੱਖਾਂ ਦਾ ਕਤਲੇਆਮ ਕੀਤਾ ਗਿਆ, ਉਹ ਬਹੁਤ ਘਿਣਾਉਣਾ ਸੀ ਅਤੇ ਯੂਐੱਨਓ ਚਾਰਟਰ ਦੀ ਮਾਣਹਾਨੀ ਸੀ। ਮੇਅਰ ਨੇ ਕਿਹਾ ਕਿ ਸਰੀ ਤੇ ਆਲੇ-ਦੁਆਲੇ ਦੇ ਖੇਤਰ ਵਿੱਚ ਵੱਸਦੇ ਵੱਡੀ ਗਿਣਤੀ, ਸਿੱਖਾਂ ਦੇ ਦਰਦ ਨੂੰ ਸਮਝਦਿਆਂ ਉਹ ਇਸ ਮਹੀਨੇ ਨੂੰ ਸਿੱਖ ਨਸਲਕੁਸ਼ੀ ਯਾਦਗਾਰੀ ਮਹੀਨੇ ਵਜੋਂ ਮਾਨਤਾ ਦੇ ਰਹੇ ਹਨ ਤਾਂ ਜੋ ਨਸਲਕੁਸ਼ੀ ਦਾ ਸ਼ਿਕਾਰ ਹੋਏ ਲੋਕਾਂ ਨੂੰ ਯਾਦ ਕੀਤਾ ਜਾ ਸਕੇ। ਦੱਸਣਯੋਗ ਹੈ ਕਿ ਸਿਟੀ ਕੌਂਸਲ ਨੂੰ ਅਜਿਹੇ ਐਲਾਨ ਲਈ ਰਾਜ਼ੀ ਕਰਨ ਵਿਚ ਕੌਂਸਲਰ ਮਨਦੀਪ ਸਿੰਘ ਨਾਗਰਾ ਨੇ ਅਹਿਮ ਭੂਮਿਕਾ ਨਿਭਾਈ।

## ਲਾਸ ਵੇਗਾਸ ਵਿਚ ਗੋਲੀ ਚੱਲੀ; 3 ਵਿਅਕਤੀ ਜ਼ਖਮੀ



**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਲੰਘੀ ਰਾਤ ਲਾਸ ਵੇਗਾਸ ਦੇ ਸਰਕਸ ਹੋਟਲ ਤੇ ਕੈਸੀਨੋ ਵਿਖੇ ਐਡਵੈਨਚਰਡੋਮ ਥੀਮ ਪਾਰਕ ਵਿਚ ਚੱਲੀ ਗੋਲੀ ਦੌਰਾਨ 3 ਵਿਅਕਤੀਆਂ ਦੇ ਜ਼ਖਮੀ ਹੋਣ ਦੀ ਰਿਪੋਰਟ ਹੈ। ਲਾਸ ਵੇਗਾਸ ਮੈਟਰੋਪੋਲੀਟਨ ਪੁਲਿਸ ਵਿਭਾਗ ਦੇ ਬੁਲਾਰੇ ਲੈਫਟੀਨੈਂਟ ਡੋਰੀ ਕੋਰੇਨ ਨੇ ਕਿਹਾ ਕਿ ਤਿੰਨ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ ਹੈ ਜਿੱਥੇ ਫ਼ਿਲਹਾਲ ਉਨਾਂ ਦੀ ਹਾਲਤ ਸਥਿਰ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ ਪਰੰਤੂ ਉਸ ਦਾ ਕਹਿਣਾ ਹੈ ਕਿ ਇਹ ਦੋ ਨੌਜਵਾਨ ਧੜਿਆਂ ਵਿਚਾਲੇ ਹੋਏ ਝਗੜੇ ਦਾ ਮਾਮਲਾ ਹੈ। ਪੁਲਿਸ ਅਨੁਸਾਰ: ਇਸ ਘਟਨਾ ਤੋਂ ਬਾਅਦ ਖੇਤਰ ਵਿਚ ਕਿਸੇ ਕਿਸਮ ਦਾ ਤਣਾਅ ਜਾਂ ਸਹਿਮ ਨਹੀਂ ਹੈ। ਆਮ ਜਨਤਾ ਨੂੰ ਇਸ ਘਟਨਾ ਤੋਂ ਕੋਈ ਖ਼ਤਰਾ ਨਹੀਂ ਹੈ। ਮਾਮਲੇ ਦੀ ਜਾਂਚ ਉਪਰੰਤ ਦੋਸ਼ੀਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.
Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਦਿੱਲੀ ਦਰਬਾਰ ਪੰਜਾਬ ਨੂੰ ਕੰਧ ਵੱਲ ਧੱਕ ਰਿਹਾ ਹੈ







**ਅੰਮ੍ਰਿਤਸਰ /ਏ.ਟੀ.ਨਿਊਜ਼:** ਖੇਤੀ-ਮਾਰੂ ਕਾਨੂੰਨਾਂ ਖ਼ਿਲਾਫ਼ ਕਿਸਾਨ ਜਥੇਬੰਦੀਆਂ ਅਤੇ ਲੋਕ ਭਲਾਈ ਇਨਸਾਫ਼ ਵੈਲਫੇਅਰ ਸੁਸਾਇਟੀ ਵੱਲੋਂ ਦਿੱਤੇ ਚੱਕਾ ਜਾਮ ਦੇ ਸੱਦੇ ਨੂੰ ਸਮਰਥਨ ਦਿੰਦਿਆਂ ਅੱਜ ਦਲ ਖ਼ਾਲਸਾ, ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਆਗੂਆਂ ਨੇ ਅਲਫਾ ਵਨ ਮੌਲ ਦੇ ਅੱਗੇ ਦੁਪਹਿਰ 12 ਤੋਂ ਸ਼ਾਮ 4 ਵਜੇ ਤਕ ਧਰਨਾ ਦਿੱਤਾ ਅਤੇ ਭੰਡਾਰੀ ਪੁਲ-ਜਲੰਧਰ ਰੋਡ ਦੀ ਸੜਕ ਆਵਾਜਾਈ ਮੁਕੰਮਲ ਬੰਦ ਕਰ ਦਿੱਤੀ।

ਇਸ ਮੌਕੇ ਬੋਲਦਿਆਂ ਦਲ ਖ਼ਾਲਸਾ ਦੇ ਆਗੂ ਸ. ਕੰਵਰਪਾਲ ਸਿੰਘ ਨੇ ਕਿਹਾ ਕਿ ਦਿੱਲੀ ਮੁੱਢ ਤੋਂ ਪੰਜਾਬ ਦੇ ਨਾਲ ਇੱਕ ਬਸਤੀ ਵਾਲਾ ਵਿਹਾਰ ਕਰ ਰਹੀ ਹੈ। ਕਾਲੇ ਕਾਨੂੰਨਾਂ ਨੂੰ ਰੱਦ ਕਰਨ ’ਤੇ ਅੜੀਅਲ ਰਵੱਈਆ ਅਖ਼ਤਿਆਰ ਕਰੀ ਬੈਠੇ ਮੋਦੀ ਸਰਕਾਰ ਉੱਤੇ ਸਖ਼ਤ ਟਿੱਪਣੀ ਕਰਦਿਆਂ ਉਹਨਾਂ ਕਿਹਾ ਕਿ ਘਟਨਾਵਾਂ ਸਪਸ਼ਟ ਦੱਸ ਰਹੀਆਂ ਹਨ ਕਿ ਕੇਂਦਰ ਤੇ ਪੰਜਾਬ ਵਿਚਾਲੇ ਵਿਸਫੋਟਕ ਸਥਿਤੀ ਬਣ ਰਹੀ ਹੈ, ਜੋ ਦੋਨਾਂ ਲਈ ਘਾਤਕ ਹੋਵੇਗੀ। ਉਹਨਾਂ ਕਿਹਾ ਕਿ ਭਾਰਤ ਦੇ ਰਾਸ਼ਟਰਪਤੀ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਕੈਬਨਿਟ ਨੂੰ ਮਿਲਣ ਤੋਂ ਇਨਕਾਰ ਕਰਨਾ ਭਾਰਤ ਦੀ ਜਮਹੂਰੀਅਤ ਅਤੇ ਲੋਕਤੰਤਰ ਦੇ ਢਕਵੰਜ ਨੂੰ ਬੇਨਕਾਬ ਕਰ ਗਿਆ ਹੈ। ਉਹਨਾਂ ਕਿਹਾ ਕਿ ਪੰਜਾਬ ਦਾ ਕਿਸਾਨ ਸਾਡਾ ਮਾਣ ਹੈ ਤੇ ਪੰਜਾਬ ਦੇ ਲੋਕ ਇਸ ਜੱਦੋ-ਜਹਿਦ ਵਿੱਚ ਕਿਸਾਨਾਂ ਦੇ ਨਾਲ ਖੜੇ ਹਨ।

ਲੋਕ ਭਲਾਈ ਇਨਸਾਫ਼ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਸ. ਬਲਦੇਵ ਸਿੰਘ ਸਿਰਸਾ ਨੇ ਕਿਹਾ ਕਿ ਜੇਕਰ ਸਰਕਾਰ ਨੇ ਪਾਸ ਕੀਤੇ ਤਿੰਨੇ ਖੇਤੀ ਕਨੂੰਨ ਵਾਪਸ ਨਾ ਲਏ ਤਾਂ ਆਉਂਦੇ ਦਿਨਾਂ ਸਰਕਾਰ ਵਿਰੁੱਧ ਸੰਘਰਸ਼ ਹੋਰ ਵੀ ਤਿੱਖਾ ਕੀਤਾ ਜਾਵੇਗਾ। ਉਹਨਾਂ ਦੱਸਿਆ 26-27 ਨਵੰਬਰ ਨੂੰ ਦਿੱਲੀ ਚਲੋ ਦੇ ਨਾਅਰੇ ਹੇਠ ਅਸੀਂ ਦਿੱਲੀ ਘੇਰਾਂਗੇ।

ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਆਗੂ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਮੋਦੀ ਸਰਕਾਰ ਨੇ ਕਾਲ਼ੇ ਖੇਤੀ ਕਾਨੂੰਨ ਲਿਆ ਕੇ ਕਿਸਾਨਾਂ ਨਾਲ ਧ੍ਰੋਹ ਕਮਾਇਆ ਹੈ।

ਉਹਨਾਂ ਕਿਹਾ ਕਿ ਤਿੰਨੇ ਕਾਲੇ ਖੇਤੀ ਕਾਨੂੰਨ (ਉਪਜ, ਵਪਾਰ, ਵਣਜ) ਅਸਲ ’ਚ ਕਿਸਾਨਾਂ ਦੀ ਮੌਤ ਦੇ ਵਰੰਟ ਹਨ। ਉਹਨਾਂ ਕਿਹਾ ਕਿ ਪੰਜਾਬ ਦਾ ਕਿਸਾਨ ਤਾਂ ਪਹਿਲਾਂ ਹੀ ਕਰਜ਼ੇ ਦੇ ਬੋਝ ਹੇਠ ਖੁਦਕੁਸ਼ੀਆਂ ਕਰ ਰਿਹਾ ਸੀ ਤਾਂ ਹੁਣ ਨਵੇਂ ਕਾਨੂੰਨ ਕਿਸਾਨਾਂ ਨੂੰ ਬਰਬਾਦ ਕਰ ਦੇਣਗੇ ਤੇ ਇਸ ਦਾ ਅਸਰ ਆੜ੍ਹਤੀਆਂ, ਮਜ਼ਦੂਰਾਂ ਅਤੇ ਕਾਮਿਆਂ ਉੱਤੇ ਵੀ ਪਵੇਗਾ।

ਜਥੇਬੰਦੀਆਂ ਦੇ ਕਾਰਜਕਰਤਾਵਾਂ ਨੇ ਤਖ਼ਤੀਆਂ, ਬੈਨਰ ਆਦਿ ਹੱਥਾਂ ’ਚ ਫੜੇ ਹੋਏ ਸਨ ਜਿਨਾਂ ’ਤੇ ਰਿਲਾਇੰਸ ਸੇਵਾਵਾਂ ਦਾ ਬਾਈਕਾਟ ਕਰੋ ਆਦਿ ਲਿਖਿਆ ਸੀ ਤੇ ਇਸ ਮੌਕੇ ਨੌਜਵਾਨਾਂ ਨੇ ਕਾਲੇ ਕਾਨੂੰਨ ਵਾਪਸ ਲਓ, ਖੇਤੀ ਕਾਨੂੰਨ ਰੱਦ ਕਰੋ, ਮੋਦੀ ਸਰਕਾਰ ਮੁਰਦਾਬਾਦ, ਅੰਬਾਨੀ-ਅਡਾਨੀ ਮੁਰਦਾਬਾਦ ਆਦਿ ਦੇ ਨਾਅਰੇ ਵੀ ਲਗਾਏ।

ਇਸ ਮੌਕੇ ਸਰਬਜੀਤ ਸਿੰਘ ਘੁਮਾਣ, ਪਰਮਜੀਤ ਸਿੰਘ ਟਾਂਡਾ, ਭੁਪਿੰਦਰ ਸਿੰਘ (ਛੇ ਜੂਨ), ਭਾਈ ਸੁਖਜਿੰਦਰ ਸਿੰਘ ਮੁਕੇਰੀਆਂ, ਕੁਲਬੀਰ ਸਿੰਘ ਗੰਢੀਵਿੰਡ, ਮਨਪ੍ਰੀਤ ਸਿੰਘ, ਗਗਨਦੀਪ ਸਿੰਘ, ਰਾਜਬੀਰ ਸਿੰਘ, ਪਾਰਸ ਸਿੰਘ ਆਦਿ ਹਾਜ਼ਰ ਸਨ।

# ਨਵੰਬਰ ਨੂੰ ਸਰੀ ਸਿਟੀ ਕੌਂਸਲ ਨੇ ਸਿੱਖ ਨਸਲਕੁਸ਼ੀ ਯਾਦਗਾਰੀ ਮਹੀਨਾ ਐਲਾਨਿਆ




**ਵੈਨਕੂਵਰ /ਏ.ਟੀ.ਨਿਊਜ਼:** ਸਰੀ ਸਿਟੀ ਕੌਂਸਲ ਵਲੋਂ ਨਵੰਬਰ ਮਹੀਨੇ ਨੂੰ ਸਿੱਖ ਨਸਲਕੁਸ਼ੀ ਯਾਦਗਾਰੀ ਮਹੀਨਾ ਐਲਾਨਿਆ ਗਿਆ ਹੈ। ਮੇਅਰ ਡੱਗ ਮੁਕਲਮ ਨੇ ਇਸ ਸਬੰਧੀ ਪੱਤਰ ਜਨਤਕ ਕੀਤਾ। ਮੇਅਰ ਵਲੋਂ ਕੌਂਸਲਰਾਂ ਦੀ ਸਹਿਮਤੀ ਨਾਲ ਜਾਰੀ ਕੀਤੇ ਪੱਤਰ ਵਿਚ ਕਿਹਾ ਗਿਆ ਹੈ ਕਿ ਨਵੰਬਰ 1984 ਵਿਚ ਭਾਰਤ ਵਿੱਚ ਜਿਵੇਂ ਮਨੁੱਖੀ ਹੱਕਾਂ ਦਾ ਘਾਣ ਤੇ ਸਿੱਖਾਂ ਦਾ ਕਤਲੇਆਮ ਕੀਤਾ ਗਿਆ, ਉਹ ਬਹੁਤ ਘਿਨਾਉਣਾ ਸੀ ਅਤੇ ਯੂਐੱਨਓ ਚਾਰਟਰ ਦੀ ਮਾਣਹਾਨੀ ਸੀ। ਮੇਅਰ ਨੇ ਕਿਹਾ ਕਿ ਸਰੀ ਤੇ ਆਲੇ-ਦੁਆਲੇ ਦੇ ਖੇਤਰ ਵਿੱਚ ਵਸਦੇ ਵੱਡੀ ਗਿਣਤੀ ਸਿੱਖਾਂ ਦੇ ਦਰਦ ਨੂੰ ਸਮਝਦਿਆਂ ਉਹ ਇਸ ਮਹੀਨੇ ਨੂੰ ਸਿੱਖ ਨਸਲਕੁਸ਼ੀ ਯਾਦਗਾਰੀ ਮਹੀਨੇ ਵਜੋਂ ਮਾਨਤਾ ਦੇ ਰਹੇ ਹਨ ਤਾਂ ਜੋ ਨਸਲਕੁਸ਼ੀ ਦਾ ਸ਼ਿਕਾਰ ਹੋਏ ਲੋਕਾਂ ਨੂੰ ਯਾਦ ਕੀਤਾ ਜਾ ਸਕੇ। ਦੱਸਣਯੋਗ ਹੈ ਕਿ ਸਿਟੀ ਕੌਂਸਲ ਨੂੰ ਅਜਿਹੇ ਐਲਾਨ ਲਈ ਰਾਜ਼ੀ ਕਰਨ ਵਿਚ ਕੌਂਸਲਰ ਮਨਦੀਪ ਸਿੰਘ ਨਾਗਰਾ ਨੇ ਅਹਿਮ ਭੂਮਿਕਾ ਨਿਭਾਈ।

WANTED WORKERS

Need Workers for Restaurant and Gas stations in Eureka,CA.
*Housing and Food provide.*

ਯੂਰੇਕਾ, ਕੈਲੀਫੋਰਨੀਆ ਵਿਚ ਰੈਸਟੋਰੈਂਟ ਅਤੇ ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ ਹੈ।
ਰਿਹਾਇਸ਼ ਅਤੇ ਖਾਣਾ ਮੁਫ਼ਤ

Tandoori Bites

CALL: GURPREET SINGH SOHAL
707-498-9325
redwoodpetroleum@gmail.com



DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# 'ਹਿੰਦੁਸਤਾਨ ਸਰਕਾਰ' ਬੰਦ ਕੀਤਾ ਕਰਤਾਰਪੁਰ ਸਾਹਿਬ ਲਾਂਘਾ ਤੁਰੰਤ ਖੋਲ੍ਹੇ : ਦਲ ਖ਼ਾਲਸਾ, ਅਕਾਲ ਫੈਡਰੇਸ਼ਨ







**ਡੇਰਾ ਬਾਬਾ ਨਾਨਕ/ਏ.ਟੀ.ਨਿਊਜ਼:** ਕਰਤਾਰਪੁਰ ਸਾਹਿਬ ਲਾਂਘਾ ਨੂੰ ਸਿੱਖ ਅਤੇ ਮੁਸਲਮਾਨ ਦੋਹਾਂ ਕੌਮਾਂ ਦੇ ਵਿਸ਼ਵਾਸ, ਏਕਤਾ ਅਤੇ ਸਾਂਝ ਦਾ ਪ੍ਰਤੀਕ ਦੱਸਦਿਆਂ, ਦਲ ਖ਼ਾਲਸਾ ਅਤੇ ਅਕਾਲ ਫੈਡਰੇਸ਼ਨ ਨੇ ਹਿੰਦੁਸਤਾਨ ਸਰਕਾਰ ਕੋਲੋਂ ਲਾਂਘੇ ਨੂੰ ਮੁੜ ਖੋਲਣ ਦੀ ਮੰਗ ਕੀਤੀ।

ਕਰਤਾਰਪੁਰ ਸਾਹਿਬ ਲਾਂਘੇ ਦੀ ਪਹਿਲੀ ਵਰੇਗੰਢ ਨੂੰ ਮਨਾਉਂਦਿਆਂ ਦਲ ਖ਼ਾਲਸਾ ਅਤੇ ਸਹਿਯੋਗੀ ਜਥੇਬੰਦੀਆਂ ਨੇ ਅੰਤਰਰਾਸ਼ਟਰੀ ਸਰਹੱਦ 'ਤੇ ਸਮਾਗਮ ਆਯੋਜਿਤ ਕੀਤਾ, ਜਿੱਥੇ ਬੁਲਾਰਿਆਂ ਨੇ ਹਿੰਦੁਸਤਾਨ ਸਰਕਾਰ ਨੂੰ ਜ਼ੋਰ ਦੇ ਕੇ ਆਖਿਆ ਕਿ 30 ਨਵੰਬਰ ਨੂੰ ਆ ਰਹੇ ਗੁਰੂ ਨਾਨਕ ਸਾਹਿਬ ਦੇ 551ਵੇਂ ਪ੍ਰਕਾਸ਼ ਪੁਰਬ ਤੋਂ ਪਹਿਲਾਂ ਸਿੱਖ ਸੰਗਤਾਂ ਦੀ ਧਾਰਮਿਕ ਭਾਵਨਾਵਾਂ ਦੇ ਸਤਿਕਾਰ ਨੂੰ ਮੁੱਖ ਰੱਖਦਿਆਂ ਲਾਂਘਾ ਖੋਲਿਆ ਜਾਵੇ।

ਸਮਾਗਮ ਵਿੱਚ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਗਤਾਰ ਸਿੰਘ ਨੇ ਕੀਰਤਨ ਕੀਤਾ ਅਤੇ ਅਕਾਲ ਪੁਰਖ ਵਾਹਿਗੁਰੂ ਅੱਗੇ ਲਾਂਘਾ ਖੁੱਲਣ ਦੀ ਅਰਦਾਸ ਕੀਤੀ ਗਈ। ਨੌਜਵਾਨਾਂ ਨੇ ਲਾਂਘੇ ਦੀ ਹੱਦ 'ਤੇ ਖਲੋ ਕੇ ਖ਼ਾਲਸਾਈ ਜੈਕਾਰੇ ਗਜਾਏ ।

ਸਾਬਕਾ ਜਥੇਦਾਰ ਅਕਾਲ ਤਖ਼ਤ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਅਤੇ ਗਿਆਨੀ ਕੇਵਲ ਸਿੰਘ, ਭਾਈ ਵਰਿਆਮ ਸਿੰਘ ਅਗਵਾਨ, ਜਸਬੀਰ ਸਿੰਘ ਜਫਰਵਾਲ ਅਤੇ ਐਡਵੋਕੇਟ ਜਸਵਿੰਦਰ ਸਿੰਘ ਨੇ ਸਮਾਗਮ ਵਿੱਚ ਸ਼ਿਰਕਤ ਕੀਤੀ!

ਦਲ ਖ਼ਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਹਾਲਾਂਕਿ ਕੋਰੋਨਾ ਮਹਾਂਮਾਰੀ ਕਾਰਨ 16 ਮਾਰਚ ਨੂੰ ਲਾਂਘਾ ਬੰਦ ਕਰ ਦਿੱਤਾ ਗਿਆ ਸੀ ਪਰ ਪਾਕਿਸਤਾਨ ਸਰਕਾਰ ਨੇ ਲਾਕਡਾਊਨ ਦੇ ਖ਼ਤਮ ਹੋਣ ਤੋਂ ਬਾਅਦ ਜੂਨ ਮਹੀਨੇ ਵਿੱਚ ਲਾਂਘਾ ਮੁੜ ਸ਼ੁਰੂ ਕਰਨ ਦੀ ਤਜਵੀਜ਼ ਦਿੱਤੀ ਸੀ। ਜਿਸ ਨੂੰ ਭਾਰਤ ਸਰਕਾਰ ਨੇ ਰੱਦ ਕਰ ਦਿੱਤਾ ਸੀ। ਉਨਾਂ ਅਫ਼ਸੋਸ ਜਤਾਉਂਦਿਆਂ ਕਿਹਾ ਕਿ ਭਾਰਤ ਅੰਦਰ ਸਮਾਜਿਕ, ਰਾਜਨੀਤਿਕ, ਧਾਰਮਿਕ ਸਰਗਰਮੀਆਂ ਪਹਿਲੇ ਵਾਂਗ ਨਾਰਮਲ ਹੋ ਗਈਆਂ ਹਨ ਪਰ ਸਿੱਖਾਂ ਲਈ ਪਹਿਲੀ ਵਰੇਗੰਢ ਮੌਕੇ ਲਾਂਘਾ ਅਜੇ ਵੀ ਬੰਦ ਹੈ। ਉਨਾਂ ਕਿਹਾ ਕਿ ਕੋਰੋਨਾ ਲਾਂਘੇ ਨੂੰ ਬੰਦ ਰੱਖਣ ਦਾ ਬਹਾਨਾ ਜਾਂ ਕਾਰਨ ਨਹੀਂ ਹੋਣਾ ਚਾਹੀਦਾ।

ਇਸੇ ਤਰਕ ਦੀ ਪ੍ਰੋੜਤਾ ਕਰਦਿਆਂ ਗੁਰਦੀਪ ਸਿੰਘ ਬਠਿੰਡਾ ਨੇ ਕਿਹਾ ਕਿ ਕੋਰੋਨਾ ਮਹਾਂਮਾਰੀ ਕਾਰਨ ਦੇਸ਼ ਅੰਦਰ ਬੰਦ ਹੋਏ ਸਾਰੇ ਪ੍ਰਮੁੱਖ ਧਾਰਮਿਕ ਸਥਾਨ ਖੋਲ ਦਿੱਤੇ ਗਏ ਹਨ।

ਦਲ ਖ਼ਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਲਾਂਘੇ ਦੇ ਪਿਛੋਕੜ 'ਤੇ ਝਾਤੀ ਮਾਰਦਿਆਂ ਕਿਹਾ ਕਿ ਪਿਛਲੇ ਵਰੇ ਸਿੱਖਾਂ ਦੀ ਇਹ ਕਈ ਦਹਾਕਿਆਂ ਦੀ ਲਮਕਦੀ ਰੀਝ ਉਸ ਵੇਲੇ ਪੂਰੀ ਹੋਈ ਜਦੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੇ ਪਹਿਲ ਕਦਮੀ ਕਰਦਿਆਂ ਭਾਰਤ ਨੂੰ ਲਾਂਘਾ ਬਣਾਉਣ ਦੀ ਤਜਵੀਜ਼ ਪੇਸ਼ ਕੀਤੀ।

ਉਨਾਂ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਜਥੇਦਾਰ ਅਕਾਲ ਤਖ਼ਤ ਸਾਹਿਬ ਸਮੇਤ ਸਿੱਖ ਲੀਡਰਸ਼ਿਪ ਲਾਂਘਾ ਖੋਲਣ ਲਈ ਹਿੰਦ ਸਰਕਾਰ ਕੋਲੋਂ ਮੰਗ ਕਰ ਰਹੀ ਹੈ ਪਰ ਨਰਿੰਦਰ ਮੋਦੀ ਦੀ ਸਰਕਾਰ ਇਸ ਮੰਗ ਵੱਲ ਕੋਈ ਧਿਆਨ ਨਹੀਂ ਦੇ ਰਹੀ।

ਅਕਾਲ ਫੈਡਰੇਸ਼ਨ ਕਨਵੀਨਰ ਨਰਾਇਣ ਸਿੰਘ ਨੇ ਕਿਹਾ ਕਿ ਲਾਂਘਾ ਸਿੱਖਾਂ ਦੀ ਦਹਾਕਿਆਂ ਦੀ ਘਾਲਣਾ, ਅਰਦਾਸਾਂ ਅਤੇ ਸੰਘਰਸ਼ ਦੇ ਨਤੀਜੇ ਵਜੋਂ ਹੋਂਦ ਵਿੱਚ ਆਇਆ ਸੀ ਪਰ ਹਿੰਦ ਸਰਕਾਰ ਨੇ ਕੋਰੋਨਾ ਦਾ ਬਹਾਨਾ ਬਣਾ ਕੇ ਸਿੱਖ ਭਾਈਚਾਰੇ ਨੂੰ ਇਸ ਤੋਂ ਵਾਂਝਿਆਂ ਕਰ ਰੱਖਿਆ ਹੈ।

ਇਸ ਮੌਕੇ ਸੁਖਪ੍ਰੀਤ ਸਿੰਘ ਉਦੋਕੇ, ਬਾਬਾ ਹਰਦੀਪ ਸਿੰਘ ਮਹਿਰਾਜ, ਜਸਵੀਰ ਸਿੰਘ ਖੰਡੂਰ, ਰਣਬੀਰ ਸਿੰਘ, ਪਰਮਜੀਤ ਸਿੰਘ ਟਾਂਡਾ, ਗੁਰਦੀਪ ਸਿੰਘ ਕਾਲਕੱਟ, ਸਿੱਖ ਯੂਥ ਆਫ ਪੰਜਾਬ ਦੇ ਪ੍ਰਧਾਨ ਪਰਮਜੀਤ ਸਿੰਘ ਮੰਡ, ਰਣਜੀਤ ਸਿੰਘ ਦਮਦਮੀ ਟਕਸਾਲ, ਜਥੇਦਾਰ ਦਿਲਬਾਗ ਸਿੰਘ ਜਥਾ ਸਿਰਲੱਥ ਨੇ ਵੀ ਹਾਜ਼ਿਰ ਸਨ।

ਨੌਜਵਾਨਾਂ ਨੇ ਹੱਥਾਂ ਵਿੱਚ ਲਾਂਘਾ ਖੋਲਣ ਦੇ ਹੱਕ ਵਿੱਚ ਬੈਨਰ ਅਤੇ ਤਖ਼ਤੀਆਂ ਫੜੀਆਂ ਹੋਈ ਸਨ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ
28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਸ਼੍ਰੋਮਣੀ ਅਕਾਲੀ ਦਲ (ਅ), ਅਮਰੀਕਾ ਦੀ ਪੰਜ ਮੈਂਬਰੀ ਕਮੇਟੀ ਨੇ ਮਨਜ਼ੂਰੀ ਤੋਂ ਬਗੈਰ ਪਾਰਟੀ ਦੇ ਲੋਗੋ ਦੀ ਅਮਰੀਕਾ ਵਿੱਚ ਵਰਤੋਂ ਤੇ ਰੋਕ ਲਾਈ

**ਨਿਊਯਾਰਕ/ਏ.ਟੀ.ਨਿਊਜ਼:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਅਮਰੀਕਾ ਦੀ ਜੋ ਪੰਜ ਮੈਂਬਰੀ ਕਮੇਟੀ ਨਾਮਜ਼ਦ ਕੀਤੀ ਹੋਈ ਹੈ। ਉਨਾਂ ਨੇ ਮੀਡੀਏ ਨੂੰ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਅਮਰੀਕਾ ਵਿੱਚ ਕੋਈ ਵੀ ਵਿਅਕਤੀ ਜਾਂ ਕੋਈ ਸੰਸਥਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਲੋਕੋ ਦੀ ਵਰਤੋਂ ਨਾ ਕਰੇ, ਜੇ ਕੋਈ ਪਾਰਟੀ ਦੀ ਮਨਜ਼ੂਰੀ ਤੋਂ ਬਿਨਾਂ ਲੋਗੋ ਦੀ ਵਰਤੋਂ ਕਰੇਗਾ ਤਾਂ ਉਹ ਗ਼ੈਰਕਾਨੂੰਨੀ ਹੋਏਗਾ। ਉਸ ਵਿਅਕਤੀ ਜਾਂ ਸੰਸਥਾ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਏਗੀ। ਪੰਜ ਮੈਂਬਰੀ ਕਮੇਟੀ ਦੇ ਮੈਂਬਰ ਕਨਵੀਨਰ ਸ੍ਰ ਬੂਟਾ ਸਿੰਘ ਖੜੌਦ, ਪ੍ਰਧਾਨ ਸ੍ਰ ਸੁਰਜੀਤ ਸਿੰਘ ਕੁਲਾਰ, ਕੌਮੀ ਜਨਰਲ ਸਕੱਤਰ ਜੀਤ ਸਿੰਘ ਆਲੋਅਰਖ, ਸਕੱਤਰ ਜਨਰਲ ਸ੍ਰ ਰੁਪਿੰਦਰ ਸਿੰਘ ਬਾਠ ਤੇ ਜਨਰਲ ਸਕੱਤਰ ਮੱਖਣ ਸਿੰਘ ਕਲੇਰ ਅਨੁਸਾਰ ਇਹ ਲੋਗੋ ਪਾਰਟੀ ਵੱਲੋਂ ਅਮਰੀਕਾ ਵਿੱਚ ਰਜਿਸਟਰ ਕਰਵਾਇਆ ਹੋਇਆ ਹੈ।

# ਕੇਂਦਰ ਸਰਕਾਰ ਘੱਟ ਗਿਣਤੀ ਸਕਾਲਰਸ਼ਿਪ ਘੁਟਾਲੇ ਦੀ ਜਾਂਚ ਕਰੇਗੀ

**ਨਵੀਂ ਦਿੱਲੀ/ਏ.ਟੀ.ਨਿਊਜ਼:** ਕੇਂਦਰ ਸਰਕਾਰ ਨੇ ਪੰਜਾਬ, ਝਾਰਖੰਡ ਅਤੇ ਬਿਹਾਰ ਦੇ ਕੁਝ ਹਿੱਸਿਆਂ, ਖ਼ਾਸ ਕਰਕੇ ਘੱਟਗਿਣਤੀ ਸਕਾਲਰਸ਼ਿਪ ਦੇ ਸਕਾਲਰਸ਼ਿਪ ਦੇ ਮਾਮਲੇ ਵਿੱਚ ਸੀਬੀਆਈ ਨਾਲ ਜਾਂਚ ਕਰਨ ਦਾ ਫ਼ੈਸਲਾ ਕੀਤਾ ਹੈ। ਦੂਜੇ ਪਾਸੇ, ਪੰਜਾਬ ਅਤੇ ਝਾਰਖੰਡ ਵਿੱਚ ਵੀ ਸੀਬੀਆਈ ਨੂੰ ਪਾਬੰਦੀ ਤੋਂ ਬਾਅਦ ਇਨਫੋਰਸਮੈਂਟ ਡਾਇਰੈਕਟੋਰੇਟ ਤੋਂ ਜਾਂਚ ਲਈ ਵਿਚਾਰਿਆ ਜਾ ਸਕਦਾ ਹੈ। ਪੰਜਾਬ ਵਿੱਚ ਸਕਾਲਰਸ਼ਿਪ ਘੁਟਾਲੇ ਬਾਰੇ ਪਹਿਲਾਂ ਹੀ ਜਾਣਕਾਰੀ ਸੀ ਜਿਸ ਵਿੱਚ ਜਾਅਲੀ ਨਾਵਾਂ ਰਾਹੀਂ ਪੈਸੇ ਦੀ ਹੇਰਾਫੇਰੀ ਕੀਤੀ ਗਈ ਸੀ ਅਤੇ ਇੱਥੋਂ ਤੱਕ ਕਿ ਗੈਰ-ਮੌਜੂਦ ਸੰਸਥਾਵਾਂ ਦੇ ਨਾਮ ’ਤੇ ਵੀ। ਵਿਵਾਦ ਤੋਂ ਬਾਅਦ ਰਾਜ ਸਰਕਾਰ ਨੇ ਵੀ ਜਾਂਚ ਤੈਅ ਕੀਤੀ ਸੀ, ਪਰ ਇਸ ਵਿਚ ਕੋਈ ਵੱਡੀ ਜਾਣਕਾਰੀ ਨਹੀਂ ਆਈ। ਉਸੇ ਸਮੇਂ, ਪਿਛਲੇ ਇੱਕ ਹਫ਼ਤੇ ਵਿੱਚ, ਝਾਰਖੰਡ ਅਤੇ ਬਿਹਾਰ ਤੋਂ ਜਾਣਕਾਰੀ ਮਿਲੀ ਕਿ ਵਿਚੋਲੇ ਨੇ ਡੀਬੀਟੀ ਅਤੇ ਪੋਰਟਲ ਦਾ ਘਪਲਾ ਕੀਤਾ ਹੈ। ਇਸ ਸੰਬੰਧ ਵਿਚ, ਝਾਰਖੰਡ ਤੋਂ ਘੱਟ ਗਿਣਤੀ ਸਕਾਲਰਸ਼ਿਪ ਦੀਆਂ 26000 ਤੋਂ ਵੱਧ ਅਰਜ਼ੀਆਂ ਦਾ ਖ਼ਦਸ਼ਾ ਹੈ। ਦਰਅਸਲ, ਘੁਟਾਲਿਆਂ ਨੇ ਧੋਖਾਧੜੀ ਨਾਲ ਪੈਸੇ ਕੱਢਵਾਂ ਲਏ ਅਤੇ ਇਹ ਵਿਦਿਆਰਥੀਆਂ ਤੱਕ ਨਹੀਂ ਪਹੁੰਚਿਆ। ਸੂਤਰ ਦੱਸਦੇ ਹਨ ਕਿ ਕੇਂਦਰੀ ਘੱਟ ਗਿਣਤੀ ਮੰਤਰਾਲੇ ਨੇ ਇਸ ਨੂੰ ਸੀਬੀਆਈ ਦੇ ਹਵਾਲੇ ਕਰਨ ਦਾ ਫ਼ੈਸਲਾ ਕੀਤਾ ਸੀ ।

ਪਰ ਸਮੱਸਿਆ ਇਹ ਹੈ ਕਿ ਝਾਰਖੰਡ ਨੇ ਵੀ ਰਾਜ ਵਿੱਚ ਸੀ ਬੀ ਆਈ ਦੀ ਜਾਂਚ ’ਤੇ ਪਾਬੰਦੀ ਲਗਾ ਦਿੱਤੀ ਹੈ। ਕਿਉਂਕਿ ਇਸ ਸਕਾਲਰਸ਼ਿਪ ਰਾਹੀਂ ਹੀ ਘੱਟਗਿਣਤੀ ਔਰਤਾਂ ਦੀ ਦਰ ਵਿਚ ਗਿਰਾਵਟ ਲਗਭਗ 70 ਪ੍ਰਤੀਸ਼ਤ ਘੱਟ ਕੀਤੀ ਗਈ ਸੀ, ਇਸ ਲਈ ਕੇਂਦਰ ਇਸ ਨੂੰ ਕਿਸੇ ਵੀ ਕੀਮਤ ’ਤੇ ਰੱਖਣਾ ਚਾਹੁੰਦਾ ਹੈ। ਅਜਿਹੀ ਸਥਿਤੀ ਵਿਚ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਇਕ ਰਾਜਨੀਤਿਕ ਮੁੱਦਾ ਵੀ ਬਣ ਸਕਦਾ ਹੈ ਅਤੇ ਸਰਕਾਰਾਂ ਨੂੰ ਘੱਟ ਗਿਣਤੀਆਂ ਦੇ ਅਧਿਕਾਰਾਂ ਲਈ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ।

ਪਰ ਇਸ ਤੋਂ ਪਹਿਲਾਂ ਹੋਰ ਵਿਕਲਪਾਂ ’ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਈਡੀ ਦੇ ਵਿਕਲਪ ਦੀ ਵੀ ਭਾਲ ਕੀਤੀ ਜਾ ਸਕਦੀ ਹੈ। ਦਰਅਸਲ, ਸੀਬੀਆਈ ਜਾਂਚ ਦੀ ਤਰਾਂ, ਈਡੀ ਜਾਂਚ ਵਿਚ ਰਾਜ ਸਰਕਾਰ ਦੀ ਸਹਿਮਤੀ ਦੀ ਲੋੜ ਨਹੀਂ ਹੈ।

## ਧਰਤੀ ਦੇਸ਼ ਪੰਜਾਬ ਦੀ ਪੁਕਾਰ

ਮੈਂ ਧਰਤੀ ਦੇਸ਼ ਪੰਜਾਬ ਦੀ, ਮੇ ਪਾਵਾਂ ਦੁੱਖੜੇ ਵੈਣ।
ਮੇਨੂੰ ਦਿਨ ਦਿਹਾੜੇ ਲੁੱਟਿਆ ਤੇ ਲੁੱਟਿਆ ਮਨ ਦਾ ਚੈਨ।
ਮੇਰਾ ਖ਼ਾਲਸਾ ਰਾਜ ਉਜਾੜਿਆ ਜੋ ਮੈਥੋਂ ਨਾਂ ਹੋਇਆ ਸੈਹਿਨ।
ਮੇਰੇ ਲਾਲਾਂ ਜਾ ਵੰਗਾਰਿਆ, ਫ਼ਰੰਗੀ ਨਾਂ ਦਿੱਤਾ ਰਹਿਨ।
ਜਦ ਧੋਖੇਬਾਜ਼ ਫਰੇਬੀਆਂ ਦੀਆਂ ਗੱਲਾ ਚ ਪੁੱਤ ਗਏ ਆਨ
ਉਹਨਾਂ ਲਾਰੇ ਲਾ ਡੀਫੈਂਸ ਦੇ ਬਲਦੇਵ ਦਿੱਤਾਭਰਮਾਨ
ਮੈਨੂੰ ਵਿੱਚੋ ਚੀਰ ਕੇ ਉਂਨਾਂ ਨੇ ਕਰ ਟੋਟੇ ਦਿੱਤਾ ਵੈਰਾਨ।
ਮੈਂ ਨਹੀਂ ਸੰਤਾਲੀ ਭੁੱਲਦੀ ਮੇਰੇ ਪੁਤ ਹੋਏ ਕੁਰਬਾਨ। ਫਿਰ ਜਰਾਇਮ ਪੇਸ਼ਾ ਆਖ ਕੇ ਕਰ ਦਿੱਤਾ ਐਲਾਨ। ਜਦ ਭਾਸ਼ਾਈ ਸੂਬਾ ਮੰਗਿਆ ਤਾਂ ਕਰ ਦਿੱਤਾ ਪ੍ਰੇਸ਼ਾਨ ਮੈਂ ਰੋਂਦੀ ਕੁਰਲਾਉਂਦੀ ਰਹਿ ਗਈ ਸੁਣ ਕੇ ਪਾਪੀ ਫੁਰਮਾਨ।
ਮੇਰੇ ਹੱਕਾਂ ਤੇ ਡਾਕਾ ਮਾਰਿਆ ਕਿਸੇ ਨਾ ਪੁੱਛੀ ਸਾਰ।
ਮੇ ਰੋਂਦੀ ਕੁਰਲਾਉਂਦੀ ਰਹਿ ਗਈ ਨਾਂ ਪੁੱਛੀ ਕਿਸੇ ਪੁਕਾਰ
ਜਦ ਹੱਕ ਪੁੱਤਾਂ ਨੇ ਮੰਗ ਲਏ ਅੱਤਵਾਦੀ ਦਿੱਤੇ ਕਰਾਰ ਚੁੱਕ ਚੁੱਕ ਕੇ ਰਾਹਾਂ ਖੂੰਹਾ ਤੋਂ ਮਾਸੂਮ ਦਿੱਤੇ ਉਂਨਾਂ ਮਾਰ।
ਉਨਾ ਟੇਕ ਚੜ੍ਹਾ ਦਰਵਾਰ ਤੇ ਤੇ ਢਾਹ ਦਿੱਤਾ ਦਰਬਾਰ।
ਮੈਂ ਹੋਈ ਫਿਰ ਬੇਹੋਸ਼ ਸੀ ਮੈਨੂੰ ਕੋਈ ਨਾ ਸੁੱਝੀ ਸਾਰ।ਬਦਲਾ ਲਿਆ ਜਦ ਦਰਵਾਰ ਦਾ ਅੱਧੀ ਕੋਮ ਦਿੱਤੀ ਉਂਨਾਂ ਮਾਰ।
ਅੱਤਵਾਦੀ ਉਂਨਾਂ ਨੂੰ ਆਖ ਕੇ ਇਨਸਾਫ਼ ਦਿੱਤਾ ਦਰਕਾਰ
ਮੈਂ ਫਿਰ ਵੀ ਬੜੀ ਅਡੋਲ ਸੀ ਉਂਨਾਂ ਲਾ ਦਿੱਤੀ ਸਾਰੀ ਵਾਅ
ਜਦ ਨਸ਼ੇ ਨਾਲ ਪੁੱਤ ਮਾਰਤੇ ਤਾਂ ਨਿੱਕਲੀ ਮੇਰੀ ਧਾਅ।ਕੁੱਝ ਆਪਣੇ ਹੀ ਪੁੱਤ ਗੱਦਾਰ ਸੀ ਜਿਨਾ ਲਾ ਲਿਆ ਆਪਣਾ ਦਾਅ।
ਪਰ ਹੁਣ ਜੋ ਮਾਰਿਆ ਤੀਰ ਹੈ ਮੇਰੇ ਸੁੱਤੇ ਪੁੱਤ ਜਗਾ
ਉਹ ਕਾਬੂ ਨਹੀਂ ਆਉਣਗੇ ਉਹ ਦੇਣਗੇ ਅਲਖ ਜਗਾ
ਜੋ ਪੰਗਾ ਪਾ ਲਿਆ ਮੋਦੀ ਸ਼ਾਹ ਨੇ ਹੁਣ ਲੱਭਣਗੇ ਭੱਜਣ ਦਾ ਰਾਹ
ਨਹੀਂ ਉਸਨੂੰ ਭੱਜਣ ਦੇਣਗੇ ਜੇ ਚੱਲਣ ਏਕੇ ਦੇ ਰਾਹ।
ਮੇ ਆਖ ਪੁਕਾਰਾਂ ਪੁੱਤਾਂ ਨੂੰ ਤੁਸੀਂ ਬਣ ਜਾਉ ਸਾਰੇ ਭਰਾ
ਤਸੀ ਬੜੇ ਜੁਝਾਰੂ ਬੀਰ ਹੋ ਦਿਉ ਮੋਦੀ ਨੂੰ ਬੰਦੇ ਦਾ ਪੁੱਤ ਬਣਾ।

**ਦਾਸ**

**- ਜਸਪਾਲ ਸਿੰਘ**













# Sir Speedy Tustin

*Printers to the Community*

## Outdoor 3'x11' Promo Flag

**Only $29/-**

Pole & Spike $55/-

## Outdoor 3'x6' Durable Banner

All weather, durable to sunlight, rain and wear & tear. Text only.

**Only $69/-**

## Receipt Books

Customized with your information and design. 2 part carbonless with numbering and perforation.

**Call for Price**

## Retractable 33"x 80" Banner

Includes stand and carry bag. Hi-res imaging, durable and Brilliant colors!

**Only $225/-**

## All Weather 18"x24" Yard Signs

Includes H-stakes. Single sided, durable to sunlight and rain. Reusable!

**$49/- for 4**

## 11" Printed Balloons

Printed with your logo and info. One color, one location. Min. qty 1000

**19¢ each**

## Your Printed T-Shirts

White T-Shirts, 1 color screen printing in 1 position. Min Qty. 100

**Only $4.99**

## Your Printed Caps

1 color in 1 position. Min Qty. 100

**Only $4.99**

## Trip Envelopes

Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

CUSTOMIZED SWEET BOXES

South Asian Wedding Cards

CALL NOW


ਵਾਰਿਸ ਪੰਜਾਬ ਦੇ
ਆਓ ਪੰਜਾਬ ਦੇ ਵਾਰਿਸੋ "ਵਾਰਿਸ ਪੰਜਾਬ ਦੇ"
ਮੁਹਿੰਮ ਲਈ ਰਜਿਸਟਰ ਕਰੋ
ਮੈਂ ਹਾਂ ਵਾਰਿਸ ਪੰਜਾਬ ਦਾ!
ਪੰਜਾਬ ਦੇ ਵਾਰਿਸੋ ਆਉ ਵਾਰਿਸ ਪੰਜਾਬ ਦੇ ਮੁਹਿੰਮ ਵਿੱਚ ਆਪਣੀ ਸ਼ਮੂਲੀਅਤ ਕਰਕੇ
ਪੰਜਾਬ ਦਾ ਆਪਣਾ ਪੰਜਾਬ ਕ੍ਰੇਂਦਿਤ ਖੇਤੀਬਾੜੀ ਮਾਡਲ ਉਸਾਰਨ ਲਈ ਸੰਵਾਦ
ਆਰੰਭੀਏ ਇਸ ਮੁਹਿੰਮ ਦਾ ਹਿੱਸਾ ਬਣਨ ਲਈ ਰਜਿਸਟਰ ਕਰੋ।
WWW.WARISPUNJABDE.ORG

# ਮਾਮਲਾ ਰੇਲ ਗੱਡੀਆਂ ਪੰਜਾਬ ਵਲ ਨਾ ਚਲਾਉਣ ਦਾ

## ✪ ਮੋਦੀ ਸਰਕਾਰ ਦਾ ਪੰਜਾਬ ਬਾਰੇ ਅੜੀਅਲ ਰਵੱਈਆ ✪ ਕੈਪਟਨ ਦੇ ਘੁਮਾਏ ਚੱਕਰ ✪ ਕੇਂਦਰ ਵੱਲੋਂ ਕੋਰੀ ਨਾਂਹ ਮਗਰੋਂ ਕਿਸਾਨਾਂ ਅੱਗੇ ਮੁੱਖ ਮੰਤਰੀ ਦੀ ਅਪੀਲ ਕਿ ਯਾਤਰੀ ਟ੍ਰੇਨਾਂ ਲਈ ਵੀ ਰੇਲ ਟ੍ਰੈਕ ਖ਼ਾਲੀ ਕਰੋ

**ਚੰਡੀਗੜ/ਏ.ਟੀ.ਨਿਊਜ਼:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਟ੍ਰੇਨਾਂ ਦੇ ਮਾਮਲੇ ਨੂੰ ਲੈ ਕੇ ਉਲਝੇ ਲੱਗਦੇ ਹਨ। ਬੀਤੇ ਸੋਮਵਾਰ ਨੂੰ ਪਹਿਲਾਂ ਤਾਂ ਉਨਾਂ ਰੇਲਵੇ ਦੇ ਮਾਲ ਗੱਡੀਆਂ ਦੀ ਆਵਾਜਾਈ ਨੂੰ ਯਾਤਰੀ ਟ੍ਰੇਨਾਂ ਨਾਲ ਜੋੜਨ ਦੇ ਫ਼ੈਸਲੇ ਨੂੰ ਤਰਕਹੀਨ ਦੱਸਿਆ। ਫੇਰ ਥੋੜੀ ਹੀ ਦੇਰ ਬਾਅਦ ਕਿਸਾਨਾਂ ਨੂੰ ਯਾਤਰੀ ਟ੍ਰੇਨਾਂ ਲਈ ਵੀ ਰੇਲ ਟ੍ਰੈਕ ਖ਼ਾਲੀ ਕਰਨ ਦੀ ਅਪੀਲ ਕਰ ਦਿੱਤੀ। ਮੁੱਖ ਮੰਤਰੀ ਨੇ ਦੋਸ਼ ਲਾਇਆ ਸੀ ਕਿ ਮੋਦੀ ਸਰਕਾਰ ਕਿਸਾਨਾਂ ਦੇ ਗ਼ੁੱਸੇ ਨੂੰ ਵਧਾ ਰਹੀ ਹੈ।

ਦਰਅਸਲ ਬੀਤੇ ਐਤਵਾਰ ਨੂੰ ਕੈਪਟਨ ਅਮਰਿੰਦਰ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਗੱਲ ਕੀਤੀ ਸੀ। ਉਨਾਂ ਸ਼ਾਹ ਨੂੰ ਯਕੀਨ ਦਵਾਇਆ ਸੀ ਕਿ ਪੰਜਾਬ ਅੰਦਰ ਰੇਲਵੇ ਟ੍ਰੇਕ ਖ਼ਾਲੀ ਹੋ ਚੁੱਕੇ ਹਨ ਅਤੇ ਮਾਲ ਗੱਡੀਆਂ ਚਾਲੂ ਕਰਨਾ ਸੁਰੱਖਿਅਤ ਹੈ ਤੇ ਅੰਦੋਲਨਕਾਰੀ ਕਿਸਾਨਾਂ ਨੇ ਪੰਜਾਬ ਦੇ ਕਿਸੇ ਵੀ ਹਿੱਸੇ ਵਿੱਚ ਸ਼ਾਂਤੀ ਭੰਗ ਨਹੀਂ ਕੀਤੀ ਹੈ। ਪਰ ਅਜੇ ਤੱਕ ਮੋਦੀ ਸਰਕਾਰ ਟ੍ਰੇਨਾਂ ਚਲਾਉਣ ਲਈ ਰਾਜ਼ੀ ਨਹੀਂ ਹੋਈ।

**ਅਹਿਮ ਮੀਟਿੰਗਾਂ ਤੇ ਫ਼ੈਸਲੇ**

8 ਨਵੰਬਰ- ਕੈਪਟਨ ਨੇ ਅਮਿਤ ਸ਼ਾਹ ਨਾਲ ਕੀਤੀ ਫ਼ੋਨ ’ਤੇ ਗੱਲ

7 ਨਵੰਬਰ-ਕਾਂਗਰਸੀ ਸਾਂਸਦ ਗ੍ਰਹਿ ਮੰਤਰੀ ਤੇ ਰੇਲ ਮੰਤਰੀ ਨੂੰ ਮਿਲੇ

6 ਨਵੰਬਰ- ਰੇਲਵੇ ਨੇ ਕਿਹਾ ਮਾਲ ਗੱਡੀਆਂ ਤੇ ਯਾਤਰੀ ਟ੍ਰੇਨਾਂ ਇਕੱਠੀਆਂ ਚਲਾਵਾਂਗੇ

5 ਨਵੰਬਰ-ਕਾਂਗਰਸੀ ਸਾਂਸਦਾਂ ਦੀ ਰੇਲ ਮੰਤਰੀ ਨਾਲ ਬੈਠਕ ਬੇ-ਨਤੀਜਾ ਰਹੀ; ਬੀਜੇਪੀ ਸਾਂਸਦਾਂ ਨੇ ਵੀ ਰੇਲ ਮੰਤਰੀ ਨਾਲ ਕੀਤੀ ਮੀਟਿੰਗ,

ਜਾਣਕਾਰੀ ਮੁਤਾਬਿਕ ਹੁਣ 13 ਨਵੰਬਰ ਨੂੰ ਕਿਸਾਨਾਂ ਨਾਲ ਕੇਂਦਰ ਬੈਠਕ ਕਰ ਸਕਦੀ ਹੈ ਯਾਨੀ ਕਿ ਦੀਵਾਲੀ ਤੋਂ ਪਹਿਲਾਂ, ਇਸੇ ਲਈ ਕੈਪਟਨ ਕਿਸਾਨਾਂ ਨੂੰ ਸਾਰੀਆਂ ਟ੍ਰੇਨਾਂ ਲਈ ਟ੍ਰੈਕ ਖ਼ਾਲੀ ਕਰਨ ਲਈ ਕਹਿ ਰਹੇ ਹਨ। ਪਰ ਕਿਸਾਨ ਦੀਵਾਲੀ ਨੂੰ ਲੈ ਕੇ ਕੁਝ ਹੋਰ ਹੀ ਰਣਨੀਤੀ ਘੜੀ ਬੈਠੇ ਹਨ।

ਦਰਅਸਲ, ਕਿਸਾਨ ਇਸ ਸਾਲ ਕਾਲੀ ਦੀਵਾਲੀ ਮਨਾਉਣ ਦੀ ਤਿਆਰ ’ਚ ਹਨ। ਕਿਸਾਨ ਜਥੇਬੰਦੀਆਂ ਅਪੀਲ ਕਰ ਰਹੀਆਂ ਹਨ ਕਿ ਆਮ ਲੋਕ ਵੀ ਕਾਲੀ ਪੱਟੀ ਅਤੇ ਕਾਲਾ ਝੰਡਾ ਆਪਣੀ ਦੁਕਾਨ, ਘਰ, ਰੇਹੜੀ ਆਦਿ ਤੇ ਲਾ ਕੇ ਕਿਸਾਨਾਂ ਦਾ ਸਮਰਥਨ ਕਰਨ।

**ਰੇਲਵੇ ਨੂੰ ਹੋ ਰਿਹਾ ਭਾਰੀ ਨੁਕਸਾਨ**

ਖੇਤੀ ਕਾਨੂੰਨਾਂ ਖ਼ਿਲਾਫ਼ ਕੀਤੇ ਜਾ ਰਹੇ ਅੰਦੋਲਨ ਕਾਰਨ ਰੇਲਵੇ ਨੂੰ ਵੀ ਭਾਰੀ ਨੁਕਸਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਰਤੀ ਰੇਲਵੇ ਮੁਤਾਬਿਕ ਤਕਰੀਬਨ 1200 ਕਰੋੜ ਦਾ ਨੁਕਸਾਨ ਹੁਣ ਤੱਕ ਹੋ ਚੁੱਕਾ ਹੈ। 2,225 ਦੇ ਕਰੀਬ ਮਾਲ ਗੱਡੀਆਂ ਨਹੀਂ ਚੱਲ ਰਹੀਆਂ। 1,350 ਯਾਤਰੀ ਟ੍ਰੇਨਾਂ ਰੱਦ ਕੀਤੀਆਂ ਜਾਂ ਡਾਇਵਰਟ ਕੀਤੀਆਂ ਗਈਆਂ ਹਨ।

ਕਿਸਾਨਾਂ ਨੂੰ ਹੋਵੇਗਾ ਨੁਕਸਾਨ

ਹੁਣ ਪੰਜਾਬ ’ਚ ਕਣਕ ਦੀ ਬਿਜਾਈ ਸ਼ੁਰੂ ਹੋ ਚੁੱਕੀ ਹੈ। ਬਿਜਲੀ ਦੀ ਜ਼ਰੂਰਤ ਹੈ ਪਰ ਕੋਲੇ ਦੀ ਕਿੱਲਤ ਨੇ ਚਿੰਤਾ ਵਧਾਈ ਹੋਈ ਹੈ। ਖਾਦਾਂ ਨਾ ਹੋਣ ਕਾਰਨ ਕਿਸਾਨ ਵੀ ਪਰੇਸ਼ਾਨ ਹੈ। ਇੰਡਸਟ੍ਰੀ ਦਾ ਕਰੋੜਾਂ ਦਾ ਮਾਲ ਫਸਿਆ ਹੋਇਆ ਹੈ। ਪਰ ਅਜੇ ਕੋਈ ਪਤਾ ਨਹੀਂ ਚੁਣੌਤੀਆਂ ਵਾਲਾ ਇਹ ਸਫ਼ਰ ਪੰਜਾਬ ਲਈ ਹੋਰ ਕਿੰਨਾ ਲੰਮਾ ਚੱਲੇਗਾ।

**ਮਾਮਲਾ ਪਹੁੰਚਿਆ ਹਾਈਕੋਰਟ**

ਪੰਜਾਬ ਵਿੱਚ ਰੇਲ ਗੱਡੀਆਂ ਦੀ ਆਵਾਜਾਈ ਕਾਰਨ ਲੋਕ ਪ੍ਰੇਸ਼ਾਨ ਹਨ ਜਿਸ ਦਾ ਮਾਮਲਾ ਹੁਣ ਹਾਈਕੋਰਟ ਤੱਕ ਪਹੁੰਚ ਗਿਆ ਹੈ।

# ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਨੇ ਕਿਸਾਨ ਆਗੂਆਂ ਨਾਲ ਫੋਨ ’ਤੇ ਕੀਤੀ ਗੱਲਬਾਤ; ਬੈਠਕ ਦਾ ਸੱਦਾ ਦਿੱਤਾ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤ ਦੇ ਖੇਤੀ ਕਾਨੂੰਨਾਂ ਖਿਲਾਫ ਪੰਜਾਬ ਵਿਚ ਚੱਲ ਰਹੇ ਵਿਰੋਧ ਦੇ ਬਾਵਜੂਦ ਚੁੱਪ ਧਾਰੀ ਬੈਠੀ ਭਾਰਤ ਸਰਕਾਰ ਵੱਲੋਂ ਕਿਸਾਨ ਆਗੂਆਂ ਨਾਲ ਗੱਲਬਾਤ ਲਈ ਮੁੜ ਸਰਗਰਮੀ ਸ਼ੁਰੂ ਕਰ ਦਿੱਤੀ ਗਈ ਹੈ। ਪਿਛਲੇ ਕਈ ਦਿਨਾਂ ਤੋਂ ਕਿਸਾਨ ਜਥੇਬੰਦੀਆਂ ਨਾਲ ਸੰਪਰਕ ਕਰ ਰਹੀ ਪੰਜਾਬ ਭਾਜਪਾ ਦੀ ਇਕਾਈ ਦੇ ਆਗੂਆਂ ਨੇ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਖੇਤੀ ਮੰਤਰੀ ਨਰੇਂਦਰ ਤੋਮਰ ਨਾਲ ਮੁਲਾਕਾਤ ਕੀਤੀ ਅਤੇ ਉਹਨਾਂ ਨੂੰ ਪੰਜਾਬ ਦੀ ਸਥਿਤੀ ਤੋਂ ਜਾਣੂ ਕਰਵਾਇਆ।

ਇਸ ਤੋਂ ਬਾਅਦ ਹੁਣ ਭਾਰਤ ਸਰਕਾਰ ਨੇ ਕਿਸਾਨ ਧਿਰਾਂ ਨੂੰ ਮੰਤਰੀ ਪੱਧਰ ਦੀ ਬੈਠਕ ਲਈ ਪੇਸ਼ਕਸ਼ ਕੀਤੀ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਪੰਜਾਬ ਦੇ ਕਿਸਾਨ ਆਗੂਆਂ ਨਾਲ ਫੋਨ ’ਤੇ ਗੱਲਬਾਤ ਵੀ ਕੀਤੀ ਹੈ। ਰੱਖਿਆ ਮੰਤਰੀ ਨੇ ਕਿਸਾਨ ਆਗੂਆਂ ਨੂੰ ਕਿਸੇ ਵਕਤ ਵੀ ਮੀਟਿੰਗ ਲਈ ਆਉਣ ਦਾ ਸੱਦਾ ਦਿੱਤਾ ਹੈ ਤੇ ਲਿਖਤੀ ਸੱਦਾ ਭੇਜੇ ਜਾਣ ਦੀ ਗੱਲ ਆਖੀ ਹੈ। ਜਾਣਕਾਰੀ ਮੁਤਾਬਕ ਦੀਵਾਲੀ ਮਗਰੋਂ ਇਹ ਮੀਟਿੰਗ ਹੋ ਸਕਦੀ ਹੈ।

ਭਾਵੇਂ ਕਿ ਭਾਰਤ ਸਰਕਾਰ ਇਕ ਪਾਸੇ ਹੁਣ ਗੱਲਬਾਤ ਲਈ ਪੇਸ਼ਕਸ਼ ਕਰ ਰਹੀ ਹੈ ਪਰ ਪੰਜਾਬ ਨੂੰ ਲੋੜੀਂਦੇ ਮਾਲ ਦੀ ਸਪਲਾਈ ਯਕੀਨੀ ਬਣਾਉਣ ਲਈ ਭਾਰਤ ਸਰਕਾਰ ਨੇ ਅਜੇ ਵੀ ਮਾਲ ਗੱਡੀਆਂ ਪੰਜਾਬ ਭੇਜਣ ਦੀ ਹਾਮੀ ਨਹੀਂ ਭਰੀ ਹੈ। ਕਿਸਾਨ ਜਥੇਬੰਦੀਆਂ ਮਾਲ ਗੱਡੀਆਂ ਲਈ ਰੇਲ ਪਟੜੀਆਂ ਪੂਰੀ ਤਰ੍ਹਾਂ ਖਾਲੀ ਕਰ ਚੁੱਕੀਆਂ ਹਨ ਪਰ ਭਾਰਤ ਸਰਕਾਰ ਇਸ ਜ਼ਿਦ ’ਤੇ ਅੜੀ ਬੈਠੀ ਹੈ ਕਿ ਜਦੋਂ ਤਕ ਸਵਾਰੀ ਗੱਡੀ ਚੱਲਣ ਦੀ ਖੁੱਲ੍ਹ ਨਹੀਂ ਦਿੱਤੀ ਜਾਂਦੀ ਉਸ ਸਮੇਂ ਤਕ ਮਾਲ ਗੱਡੀਆਂ ਵੀ ਨਹੀਂ ਚੱਲਣਗੀਆਂ।

ਭਾਰਤ ਦੀ ਭਾਜਪਾ ਸਰਕਾਰ ਨਵੇਂ ਬਣਾਏ ਖੇਤੀ ਕਾਨੂੰਨਾਂ ਤੋਂ ਪਿੱਛੇ ਹਟਣ ਲਈ ਤਿਆਰ ਨਹੀਂ ਹੈ। ਜਿੱਥੇ ਪੰਜਾਬ ਲਗਾਤਾਰ ਇਹਨਾਂ ਖੇਤੀ ਵਿਰੋਧੀ ਕਾਨੂੰਨਾਂ ਦੇ ਵਿਰੋਧ ਵਿਚ ਡਟਿਆ ਹੋਇਆ ਹੈ, ਹੁਣ 5 ਨਵੰਬਰ ਨੂੰ ਭਾਰਤ ਭਰ ਵਿਚ ਹੋਏ ਚੱਕਾ ਜਾਮ ਨਾਲ ਇਹ ਵਿਰੋਧ ਭਾਰਤ ਦੇ ਹੋਰ ਵੀ ਕਈ ਹਿੱਸਿਆਂ ਵਿਚ ਫੈਲ ਰਿਹਾ ਹੈ। ਇਸ ਦੇ ਚਲਦਿਆਂ ਭਾਜਪਾ ਦੇ ਰੁੱਖ ਵਿਚ ਕੁੱਝ ਨਰਮੀ ਦਾ ਅਹਿਸਾਸ ਕੀਤਾ ਜਾ ਰਿਹਾ ਹੈ। ਕੁੱਲ ਹਿੰਦ ਕਿਸਾਨ ਸੰਘਰਸ਼ ਤਾਲਮੇਲ ਕਮੇਟੀ ਦੇ ਸੱਦੇ ’ਤੇ ਕੌਮੀ ਕਿਸਾਨ ਅੰਦੋਲਨ ‘ਦਿੱਲੀ ਚੱਲੋ’ ਦੀ ਤਿਆਰੀ ਨੇ ਜਿੱਥੇ ਪੰਜਾਬ ਵਿਚ ਵੱਡਾ ਜ਼ੋਰ ਫੜ੍ਹ ਲਿਆ ਹੈ ਉੱਥੇ ਭਾਰਤ ਦੇ ਹੋਰ ਹਿੱਸਿਆਂ ਵਿਚੋਂ ਵੀ ਕਿਸਾਨਾਂ ਦੀ ਲਾਮਬੰਦੀ ਸ਼ੁਰੂ ਕੀਤੀ ਗਈ ਹੈ। ਕੁੱਲ ਹਿੰਦ ਕਿਸਾਨ ਸੰਘਰਸ਼ ਤਾਲਮੇਲ ਕਮੇਟੀ ਨੇ 26 ਅਤੇ 27 ਨਵੰਬਰ ਨੂੰ ‘ਦਿੱਲੀ ਚਲੋ’ ਦਾ ਸੱਦਾ ਦਿੱਤਾ ਹੋਇਆ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿੱਚ ਰੇਲ ਸੇਵਾਵਾਂ ਬਹਾਲ ਕਰਨ ਲਈ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਦਖ਼ਲ ਮੰਗਿਆ ਹੈ। ਮੁੱਖ ਮੰਤਰੀ ਨੇ ਸ਼ਾਹ ਨੂੰ ਇਹ ਯਕੀਨ ਦਿਵਾਇਆ ਕਿ ਪੰਜਾਬ ਅਤੇ ਗੁਆਂਢੀ ਸੂਬਿਆਂ ਹਿਮਾਚਲ ਪ੍ਰਦੇਸ਼, ਲੱਦਾਖ ਅਤੇ ਜੰਮੂ ਤੇ ਕਸ਼ਮੀਰ ਵਿੱਚ ਜ਼ਰੂਰੀ ਵਸਤਾਂ ਦੀ ਸਪਲਾਈ ਦੀ ਸਹੂਲਤ ਲਈ ਰੇਲ ਸੇਵਾਵਾਂ ਨੂੰ ਮੁੜ ਬਹਾਲ ਕਰਨ ਵਿੱਚ ਅਮਨ ਤੇ ਕਾਨੂੰਨ ਵਿਵਸਥਾ ਦੀ ਕੋਈ ਚਿੰਤਾ ਨਹੀਂ ਹੈ। ਰੇਲ ਗੱਡੀਆਂ ਦੇ ਬੰਦ ਹੋਣ ਕਾਰਨ ਸਾਰਿਆਂ ਨੂੰ ਭਾਰੀ ਨੁਕਸਾਨ ਝੱਲਣਾ ਪੈ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜੇਕਰ ਰੇਲਵੇ ਵੱਲੋਂ ਤੁਰੰਤ ਮਾਲ ਗੱਡੀਆਂ ਚਲਾਉਣ ਦਾ ਫੈਸਲਾ ਨਾ ਕੀਤਾ ਗਿਆ ਤਾਂ ਲੱਦਾਖ ਵਿੱਚ ਰੱਖਿਆ ਬਲਾਂ ਅਤੇ ਘਾਟੀ ਵਿੱਚ ਬਰਫ਼ਬਾਰੀ ਤੋਂ ਪਹਿਲਾਂ ਜ਼ਰੂਰੀ ਸੇਵਾਵਾਂ ਨਾ ਪੁੱਜਦੀਆਂ ਹੋਣ ਕਾਰਨ ਦੇਸ਼ ਨੂੰ ਗੰਭੀਰ ਖਤਰਾ ਹੋ ਸਕਦਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਮਾਲ ਗੱਡੀਆਂ ਦੀ ਆਵਾਜਾਈ ਲਈ ਕਿਸਾਨਾਂ ਵੱਲੋਂ ਸਾਰੇ ਰੇਲਵੇ ਟਰੈਕ ਖਾਲੀ ਕਰ ਦਿੱਤੇ ਗਏ ਹਨ। ਉਨ੍ਹਾਂ ਗ੍ਰਹਿ ਮੰਤਰੀ ਨੂੰ ਇਸ ਗੱਲ ਤੋਂ ਜਾਣੂੰ ਕਰਵਾਇਆ ਕਿ ਜ਼ਮੀਨੀ ਪੱਧਰ ’ਤੇ ਸਥਿਤੀ ਪੂਰਨ ਸ਼ਾਂਤਮਈ ਤੇ ਮਾਲ ਗੱਡੀਆਂ ਦੀ ਸੁਰੱਖਿਅਤ ਆਵਾਜਾਈ ਲਈ ਪੂਰੀ ਢੁੱਕਵੀਂ ਹੈ। ਉਨ੍ਹਾਂ ਕਿਹਾ ਕਿ ਅੰਦੋਲਨਕਾਰੀ ਕਿਸਾਨਾਂ ਨੇ ਆਪਣੇ ਰੋਸ ਪ੍ਰਦਰਸ਼ਨਾਂ ਦੌਰਾਨ ਪਿਛਲੇ ਕੁਝ ਹਫਤਿਆਂ ਦੌਰਾਨ ਪੰਜਾਬ ਵਿੱਚ ਕਿਸੇ ਵੀ ਥਾਂ ਸ਼ਾਂਤੀ ਭੰਗ ਨਹੀਂ ਕੀਤੀ। ਕੈਪਟਨ ਅਮਰਿੰਦਰ ਸਿੰਘ ਨੇ ਇਸ ਮੁੱਦੇ ਦਾ ਸਿਆਸੀਕਰਨ ਕਰਨ ਲਈ ਭਾਜਪਾ ਆਗੂਆਂ ਸਣੇ ਵਿਰੋਧੀਆਂ ਦੀਆਂ ਕੋਸ਼ਿਸ਼ਾਂ ਨੂੰ ਮੰਦਭਾਗਾ ਕਰਾਰ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ ਸਥਿਤੀ ਦੀ ਗੰਭੀਰਤਾ ਨੂੰ ਦੇਖਦਿਆਂ ਦੇਸ਼ ਹਿੱਤ ਵਿੱਚ ਇਸ ਮਾਮਲੇ ਨੂੰ ਹੱਲ ਕਰਨ ਲਈ ਇਕੱਠੇ ਹੋਣ ਦਾ ਵੇਲਾ ਆ ਗਿਆ ਹੈ।

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




○ ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।

○ ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

# ਭਾਰਤ ਸਰਕਾਰ ਕਰਤਾਰਪੁਰ ਸਾਹਿਬ ਲਾਂਘਾ ਖੋਲਣ ਪ੍ਰਤੀ ਸੁਹਿਰਦ ਨਹੀਂ

### ✪ ਬਾਦਲ ਦਲ ਸਮੇਤ ਕਈ ਸੰਸਥਾਵਾਂ ਨੇ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਨੂੰ ਗੁਰੂ ਰੂਪ ਵਿਚ ਲਾਂਘਾ ਖੋਲਣ ਲਈ ਲਿਖਿਆ ਪੱਤਰ
### ✪ ਸਿੱਖ ਸੰਗਤ ਅਤੇ ਭਾਰਤ ਵੱਲੋਂ ਇਤਰਾਜ਼ ਜਤਾਉਣ ਤੋਂ ਬਾਅਦ ਪਾਕਿ ਸਰਕਾਰ ਨੇ ਨਵੀਂ ਸੰਸਥਾ ਬਾਰੇ ਜਾਰੀ ਕੀਤੇ ਨੋਟੀਫਿਕੇਸ਼ਨ ਵਿੱਚ ਕੀਤੀ ਸੋਧ
### ✪ ਗੁਰਦੁਆਰਾ ਕਰਤਾਰਪੁਰ ਦੇ ਪ੍ਰਬੰਧਾਂ ਬਾਰੇ ਪ੍ਰਚਾਰ ਗ਼ਲਤ: ਪਾਕਿ ਗੁਰਦੁਆਰਾ ਪ੍ਰਬੰਧਕ ਕਮੇਟੀ



**ਜਲੰਧਰ/ਏ.ਟੀ.ਨਿਊਜ਼:** 9 ਨਵੰਬਰ, 1919 ਨੂੰ ਸੈਂਟਰਲ ਏਸ਼ੀਆ ਵਿੱਚ ਕਰਤਾਰਪੁਰ ਸਾਹਿਬ ਲਾਂਘਾ ਖੁੱਲਿਆ ਸੀ, ਤਾਂ ਇਸ ਤਾਰੀਖ਼ ਤੋਂ 30 ਸਾਲ ਪਹਿਲਾਂ 9 ਨਵੰਬਰ, 1989 ਨੂੰ ਬਰਲਿਨ ਦੀ ਕੰਧ ਟੁੱਟੀ ਸੀ। ਦੋਹਾਂ ਪਾਸਿਆਂ ਦੇ ਲੋਕ ਇੱਕ ਦੂਜੇ ਦੀਆਂ ਖੁੱਸੀ ਧਰਤੀ ਦੀ ਬਾਤ ਪੁੱਛਦੇ, ਦਰਸ਼ਨ ਕਰਦੇ, ਸੇਵਾ ਕਰਦੇ, ਕਰਤਾਰਪੁਰ ਸਾਹਿਬ ਆ ਹਾਜ਼ਰ ਹੁੰਦੇ ਸਨ।

**ਕਰਤਾਰਪੁਰ ਦਾ ਇਤਿਹਾਸ**

ਗੁਰੂ ਨਾਨਕ ਦੇਵ ਜੀ ਨੇ ਇਸ ਸ਼ਹਿਰ ਦੀ ਨੀਂਹ 9 ਜਨਵਰੀ, 1516 ਈਸਵੀ ਵਿੱਚ ਰੱਖੀ। ਇਸ ਨਗਰ ਦੀ ਸਥਾਪਨਾ ਵੇਲੇ ਪਿੰਡ ਦੋਦੇ ਤੋਂ ਦੋਦਾ ਰੰਧਾਵਾ ਅਤੇ ਪੱਖੋਕੇ ਤੋਂ ਚੌਧਰੀ ਅਜਿੱਤਾ ਰੰਧਾਵਾ ਅਤੇ ਦੁਨੀ ਚੰਦ ਕਰੋੜੀ ਮੱਲ ਦਾ ਯੋਗਦਾਨ ਸੀ। 1521 ਈਸਵੀ ਤੱਕ ਗੁਰੂ ਨਾਨਕ ਦੇਵ ਜੀ ਇੱਥੇ ਪੱਕੇ ਤੌਰ ’ਤੇ ਵੱਸ ਚੁੱਕੇ ਸਨ। 1522-25 ਦੀ ਜਮਾਬੰਦੀ ਮੁਤਾਬਕ ਕਰਤਾਰਪੁਰ ਸਾਹਿਬ ਦੇ ਨਾਮ 171 ਕਿੱਲੇ ਜ਼ਮੀਨ ਦਰਜ ਹੈ। ਕਰਤਾਰਪੁਰ ਸਾਹਿਬ ਵਿਖੇ ਦੂਜੇ ਗੁਰੂ ‘ਗੁਰੂ ਅੰਗਦ ਦੇਵ ਜੀ’ ਖਡੂਰ ਸਾਹਿਬ ਜਾਣ ਤੋਂ ਪਹਿਲਾਂ ਰਹਿੰਦੇ ਰਹੇ ਅਤੇ ਬਾਬਾ ਸ੍ਰੀ ਚੰਦ ਨੇ ਇੱਥੇ ਬਕਾਇਦਾ ਇਮਾਰਤ ਦੀ ਉਸਾਰੀ ਕਰਵਾਈ ਸੀ। ਪੱਖੋਕੇ ਟਾਹਲੀ ਸਾਹਿਬ ਕੂਚ ਕਰਨ ਤੋਂ ਪਹਿਲਾਂ ਬਾਬਾ ਸ੍ਰੀ ਚੰਦ ਤੇ ਗੁਰੂ ਨਾਨਕ ਦੇਵ ਜੀ ਦੇ ਨਿੱਕੇ ਪੁੱਤਰ ਲੱਖਮੀ ਦਾਸ ਇੱਥੇ ਹੀ ਰਹਿੰਦੇ ਰਹੇ ਹਨ।

ਇਸ ਤੋਂ ਬਾਅਦ ਗੁਰਦੁਆਰਾ ਕਰਤਾਰਪੁਰ ਸਾਹਿਬ ਦੀ ਸੇਵਾ ‘ਲਾਲਾ ਨਾਨਕ ਚੰਦ’ ਨੇ ਕਰਵਾਈ ਸੀ। ਬਾਦਸ਼ਾਹ ਅਕਬਰ ਦੇ ਨੌਂ ਰਤਨ ਸਨ। ਇਨਾਂ 9 ਰਤਨਾਂ ਵਿੱਚੋਂ ਦੀਵਾਨ ਟੋਡਰ ਮੱਲ ਸਨ। ਲਾਲਾ ਨਾਨਕ ਚੰਦ, ਦੀਵਾਨ ਟੋਡਰ ਮੱਲ ਦਾ ਪੋਤਰਾ ਸੀ। ਅਕਬਰ ਦੇ ਦੌਰ ਅੰਦਰ ਹੈਦਰਾਬਾਦ ਸਟੇਟ ਦਾ ਪ੍ਰਧਾਨ ਮੰਤਰੀ ਲਾਲਾ ਚੂਨੀ ਲਾਲ, ਲਾਲਾ ਨਾਨਕ ਚੰਦ ਦਾ ਭਤੀਜਾ ਸੀ। ਮੁਗ਼ਲ ਹਕੂਮਤ ਦੌਰਾਨ ਲਾਲਾ ਚੁੰਨੀ ਲਾਲ ਨੇ ਗੁਰਦੁਆਰਾ ਕਰਤਾਰਪੁਰ ਸਾਹਿਬ ਲਈ ਸਾਰੀ ਸਹਾਇਤਾ ਮੁਹੱਈਆ ਕਰਵਾਈ ਅਤੇ ਲਾਲਾ ਨਾਨਕ ਚੰਦ ਦੇਖ ਰੇਖ ਵਿੱਚ ਇਮਾਰਤਸਾਜ਼ੀ ਹੋਈ।

ਇਸ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦੇ ਸੇਵਾਦਾਰ ਰਾਜਾ ਸੁਧ ਸਿੰਘ ਨੇ ਕਰਤਾਰਪੁਰ ਸਾਹਿਬ ਦੀ ਸੇਵਾ ਕਰਵਾਈ। ਲਾਲਾ ਸ਼ਾਮ ਦਾਸ ਨੇ 1911 ਈਸਵੀ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਦੀ ਇਮਾਰਤ ਦੀ ਮੁਰੰਮਤ ਕਰਵਾਈ ਸੀ। ਲਾਲਾ ਸ਼ਾਮ ਦਾਸ ਸਿੰਧ ਤੋਂ ਸਿੰਧੀ ਸਿੱਖ ਸੀ ਅਤੇ ਇਹ ਇਮਾਰਤ ਹੀ ਹੜ ਵੇਲੇ ਬਰਬਾਦ ਹੋ ਗਈ ਸੀ।

20ਵੀਂ ਸਦੀ ਦੇ ਦੂਜੇ ਦਹਾਕੇ ਵਿੱਚ ਰਾਵੀ ਦਰਿਆ ਵਿੱਚ ਆਏ ਭਾਰੀ ਹੜ ਨੇ ਕਰਤਾਰਪੁਰ ਸਾਹਿਬ ਦੀ ਇਮਾਰਤ ਨੂੰ ਵੱਡਾ ਨੁਕਸਾਨ ਪਹੁੰਚਾਇਆ। ਇਸ ਤੋਂ ਬਾਅਦ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਨੇ 1925 ਵਿੱਚ ਗੁਰਦੁਆਰਾ ਕਰਤਾਰਪੁਰ ਸਾਹਿਬ ਦੀ ਸੇਵਾ ਕਰਵਾਈ।

**ਪ੍ਰਬੰਧ ਬਾਰੇ ਵਿਵਾਦ ਛਿੜਿਆ**

ਕਰਤਾਰਪੁਰ ਲਾਂਘੇ ਤੋਂ ਬਾਅਦ ਪ੍ਰਬੰਧ ਦਾ ਮਸਲਾ

ਤਾਜ਼ਾ ਚਰਚਾ ਹੈ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਪ੍ਰਬੰਧ ‘ਪ੍ਰਾਜੈਕਟ ਮੈਨੇਜਮੈਂਟ ਯੂਨਿਟ’ ਢਾਂਚਾ ਬਣਾ ਕੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਲੈ ਲਿਆ ਗਿਆ ਹੈ ਅਤੇ ਇਸ ਅਦਾਰੇ ਵਿੱਚ ਕੋਈ ਵੀ ਸਿੱਖ ਨਹੀਂ ਹੈ। ਬੀਤੇ ਦਿਨੀਂ ਪਾਕਿਸਤਾਨ ਸਰਕਾਰ ਨੇ ਇਤਿਹਾਸਕ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਪ੍ਰਸ਼ਾਸਨਿਕ ਪ੍ਰਬੰਧ ਸਰਕਾਰੀ ਸੰਸਥਾ ‘ਪਾਕਿਸਤਾਨ ਇਵੈਕੁਈ ਟ੍ਰਸਟ ਕਮੇਟੀ’ ਨੂੰ ਦੇਣ ਦਾ ਫ਼ੈਸਲਾ ਲਿਆ ਸੀ। ਪਾਕਿ ਸਰਕਾਰ ਵੱਲੋਂ ਲਏ ਗਏ ਇਸ ਫ਼ੈਸਲੇ ਦਾ ਬਾਦਲ ਦਲ ਨਾਲ ਜੁੜੀਆਂ ਸਿੱਖ ਸੰਸਥਾਵਾਂ ਵੱਲੋਂ ਖ਼ਾਸਾ ਵਿਰੋਧ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਪਾਕਿ ਸਰਕਾਰ ਦੇ ਇਸ ਫ਼ੈਸਲੇ ’ਤੇ ਇਤਰਾਜ਼ ਜ਼ਾਹਿਰ ਕਰਦਿਆਂ ਕਿਹਾ ਕਿ ਪਾਕਿ ਸਰਕਾਰ ਦਾ ਇਹ ਫ਼ੈਸਲਾ ਮੰਦਭਾਗਾ ਹੈ। ਗੁਰਦੁਆਰੇ ਦਾ ਪ੍ਰਬੰਧ ਸਿੱਖ ਸੰਸਥਾਵਾਂ ਹੀ ਕਰ ਸਕਦੀਆਂ ਹਨ । ਅਸੀਂ ਪਾਕਿ ਸਰਕਾਰ ਨੂੰ ਬੇਨਤੀ ਕਰਦੇ ਹਾਂ ਕਿ ਇਹ ਫ਼ੈਸਲਾ ਵਾਪਸ ਲਿਆ ਜਾਵੇ।

ਸਾਬਕਾ ਕੇਂਦਰੀ ਮੰਤਰੀ ਅਤੇ ਅਕਾਲੀ ਦਲ ਲੀਡਰ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਪਾਕਿ ਸਰਕਾਰ ਯਕੀਨੀ ਬਣਾਵੇ ਕਿ ਗੁਰਦੁਆਰੇ ਦਾ ਪ੍ਰਬੰਧ ਮੁੜ ਤੋਂ ਪਾਕਿ ਗੁਰਦੁਆਰਾ ਕਮੇਟੀ ਨੂੰ ਜਲਦੀ ਸੌਂਪਿਆ ਜਾਵੇ।

**ਭਾਰਤ ਸਰਕਾਰ ਨੇ ਕਿਹਾ ਸੀ ਕਿ ਪਾਕਿ ਸਰਕਾਰ ਇਸ ਫ਼ੈਸਲੇ ਨੂੰ ਜਲਦੀ ਵਾਪਸ ਲਵੇ।**

ਦੂਜੇ ਪਾਸੇ ਪਾਕਿਸਤਾਨ ਦੇ ਧਾਰਮਿਕ ਮਾਮਲਿਆਂ ਦੇ ਮੰਤਰੀ ਇਮਰਾਨ ਸਦੀਕੀ ਨੇ ਕਿਹਾ ਕਿ ਕਰਤਾਰਪੁਰ ਗੁਰਦੁਆਰਾ ਹੀ ਨਹੀਂ, ਬਲਕਿ ਪਾਕਿਸਤਾਨ ’ਚ ਜਿੰਨੇ ਵੀ ਗੁਰਦੁਆਰੇ ਹਨ, ਉਨਾਂ ਦੀ ਰਹਿਤ ਮਰਿਆਦਾ ਦੀ ਦੇਖਭਾਲ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਕਰਦੀ ਹੈ। ਪਾਕਿਸਤਾਨ ਦੀ ਸਰਕਾਰ ਨੇ ਇੱਕ ‘ਪ੍ਰੋਜੈਕਟ ਮੈਨੇਜਮੈਂਟ ਯੂਨਿਟ’ ਬਣਾਇਆ ਹੈ ਜੋ ਸਾਰੇ ਪ੍ਰਸ਼ਾਸਨਿਕ ਕੰਮਾਂ ਦਾ ਜ਼ਿੰਮੇਵਾਰ ਹੋਵੇਗਾ। ਮਿਸਾਲ ਦੇ ਤੌਰ ’ਤੇ 20 ਡਾਲਰ ਦੀ ਫ਼ੀਸ ਦੀ ਗੱਲ ਹੋਵੇ ਜਾਂ ਪਾਕਿਸਤਾਨੀ ਅਤੇ ਵਿਦੇਸ਼ੀਆਂ ਦੇ ਗੁਰਦੁਆਰੇ ਜਾਣ ਨੂੰ ਲੈ ਕੇ ਪ੍ਰਸ਼ਾਸਨਿਕ ਕੰਮ ਹੋਣ, ਅਸੀਂ ਉਨਾਂ ਦਾ ਪ੍ਰਬੰਧ ਕਰਦੇ ਹਾਂ। ਗੁਰਦੁਆਰੇ ਦੇ ਧਾਰਮਿਕ ਮਾਮਲਿਆਂ ਦੀ ਦੇਖ ਭਾਲ ਪ੍ਰਬੰਧਕ ਕਮੇਟੀ ਹੀ ਕਰਦੀ ਹੈ। ਉਨਾਂ ਕਿਹਾ, ਭਾਰਤੀ ਮੀਡੀਆ ਵੱਲੋਂ ਚਲਾਏ ਜਾ ਰਹੇ ਇਸ ਪ੍ਰਾਪੇਗੰਡਾ ਦੀ ਅਸੀਂ ਨਿਖੇਧੀ ਕਰਦੇ ਹਾਂ।

ਕਰਤਾਰਪੁਰ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸਤਵੰਤ ਸਿੰਘ ਇਸ ਮਾਮਲੇ ਨੂੰ ਲੈ ਕੇ ਫੇਸਬੁੱਕ ’ਤੇ ਲਾਈਵ ਹੋਏ। ਉਨਾਂ ਕਿਹਾ ਕਿ ਐਸਜੀਪੀਸੀ ਅਤੇ ਡੀਐਸਜੀਪੀਸੀ ਵੱਲੋਂ ਝੂਠਾ ਪ੍ਰਾਪੇਗੰਡਾ ਚਲਾਇਆ ਜਾ ਰਿਹਾ ਹੈ। ਉਨਾਂ ਕਿਹਾ, ‘ਕਰਤਾਰਪੁਰ ਲਾਂਘੇ ਦਾ ਜਦੋਂ ਕੰਮ ਸ਼ੁਰੂ ਹੋਇਆ ਤਾਂ ਪਾਕਿ ਸਰਕਾਰ ਨੇ 875 ਏਕੜ ’ਚ ਕੋਰੀਡੋਰ ਬਣਾਇਆ।‘ ਈਟੀਪੀਬੀ ਗੁਰਦੁਆਰੇ ਤੋਂ ਬਾਹਰ ਦੀ ਮੈਨੇਜਮੇਂਟ ਦਾ ਕੰਮ ਕਰਦੀ ਹੈ। ਹੁਣ ਪੀਐਮਯੂ ਬਣਾਇਆ ਗਿਆ ਹੈ ਜਿਸ ਕੋਲ ਸਿਰਫ਼ ਪ੍ਰਸ਼ਾਸਨ ਦੇ ਕੰਮ ਹਨ। ਸਿੱਖ ਰਹਿਤ ਮਰਿਆਦਾ ਅਨੁਸਾਰ ਗੁਰਦੁਆਰੇ ਦਾ ਸਾਰਾ ਕੰਮ ਅਸੀਂ ਖ਼ੁਦ ਹੀ ਕਰਾਂਗੇ। ਪਾਕਿਸਤਾਨ ਸਰਕਾਰ ਹੁਣ ਤੱਕ ਕਰਤਾਰਪੁਰ ਲਾਂਘੇ ਦੇ ਪ੍ਰੋਜੈਕਟ ਦੇ ਪਹਿਲੇ ਪੜਾਅ ’ਚ 17 ਬਿਲੀਅਨ ਰੁਪਏ ਖ਼ਰਚ ਚੁੱਕੀ ਹੈ।

ਸਾਰੇ ਵਿਵਾਦ ਤੋਂ ਬਾਅਦ ਈਟੀਪੀਬੀ ਨੇ ਕਿਹਾ ਕਿ ਭਾਰਤੀ ਮੀਡੀਆ ਇਸ ਪੂਰੇ ਮਾਮਲੇ ’ਤੇ ਗੁੰਮਰਾਹ ਕਰ ਰਿਹਾ ਹੈ। ਉਹਨਾਂ ਕਿਹਾ ਕਿ ਈਟੀਪੀਬੀ ਪਾਕਿਸਤਾਨ ਵਿੱਚ ਸਿੱਖ ਧਾਰਮਿਕ ਸਥਾਨਾਂ ਦਾ ਰਖਵਾਲਾ ਹੈ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਿਆਂ ਦੇ ਰਹਿਤ ਮਰਿਆਦਾ ਨੂੰ ਸਾਂਭਣ ਵਾਲੀ ਅਧਿਕਾਰਤ ਸੰਸਥਾ। ‘ਪ੍ਰੋਜੈਕਟ ਮੈਨੇਜਮੇਂਟ ਯੂਨਿਟ’ ਦਾ ਟੀਚਾ ਮਹਿਜ਼ ਰੋਜ਼ਮਰਾਂ ਦੀ ਮੈਨੇਜਮੇਂਟ, ਅਕਾਉਂਟਸ ਅਤੇ ਹੋਰ ਅਧਿਕਾਰਤ ਕੰਮਾਂ ਦਾ ਧਿਆਨ ਰੱਖਣਾ ਹੈ। ਉਨਾਂ ਕਿਹਾ ਕਿ ਪਾਕਿਸਤਾਨ ਸਰਕਾਰ ਹੁਣ ਤੱਕ ਕਰਤਾਰਪੁਰ ਲਾਂਘੇ ਦੇ ਪ੍ਰੋਜੈਕਟ ਦੇ ਪਹਿਲੇ ਪੜਾਅ ’ਚ 17 ਬਿਲੀਅਨ ਰੁਪਏ ਖ਼ਰਚ ਚੁੱਕੀ ਹੈ। ਗੁਰਦੁਆਰਾ ਦਰਬਾਰ ਸਾਹਿਬ ਲਈ ਕਰੀਬ 875 ਏਕੜ ਜ਼ਮੀਨ ਦੇ ਚੁੱਕੀ ਹੈ। ਪ੍ਰੋਜੈਕਟ ਦਾ ਦੂਸਰਾ ਪੜਾਅ ਵੀ ਜਲਦ ਹੀ ਸ਼ੁਰੂ ਕੀਤਾ ਜਾਵੇਗਾ। ਯਾਦ ਰਹੇ; ਕਿ ਸਿੱਖ ਸੰਗਤ ਅਤੇ ਭਾਰਤ ਵੱਲੋਂ ਇਤਰਾਜ਼ ਜਤਾਉਣ ਤੋਂ ਬਾਅਦ ਪਾਕਿਸਤਾਨ ਸਰਕਾਰ ਨੇ ਵੀ ਤੁਰੰਤ ਨਵੀਂ ਸੰਸਥਾ ਬਾਰੇ ਜਾਰੀ ਕੀਤੇ ਨੋਟੀਫ਼ਿਕੇਸ਼ਨ ਵਿੱਚ ਸੋਧ ਕੀਤੀ ਹੈ।

**ਸੇਵਾ ਅਤੇ ਸਿੱਖ ਸੰਗਤ**

ਗੁਰਦੁਆਰਿਆਂ ਦੀ ਸੇਵਾ ਸ਼ੁਰੂ ਤੋਂ ਹੀ ਸਿੱਖ ਭਾਵਨਾ ਦਾ ਹਿੱਸਾ ਰਹੀ ਹੈ। 1965 ਦੀ ਭਾਰਤ-ਪਾਕਿਸਤਾਨ ਜੰਗ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦਾ ਜਥਾ 6 ਮਹੀਨੇ ਲਈ ਅੰਮ੍ਰਿਤਸਰ ਤੋਂ ਨਨਕਾਣਾ ਸਾਹਿਬ ਦੀ ਸੇਵਾ ਸੰਭਾਲ ਲਈ ਜਾਂਦਾ ਸੀ। 1965 ਤੋਂ ਇਹ ਸਿਲਸਿਲਾ ਤਲਖ਼ੀਆਂ ਕਰਕੇ ਬੰਦ ਹੋ ਗਿਆ। ਗਿਆਨੀ ਪਰਤਾਪ ਸਿੰਘ ਨਨਕਾਣਾ ਸਾਹਿਬ ਹੀ ਰੁੱਕ ਗਏ। 1984 ’ਚ ਉਨਾਂ ਦਾ ਇੰਤਕਾਲ ਹੋਇਆ। 1971 ਦੀ ਜੰਗ ਤੋਂ ਬਾਅਦ ਪਸ਼ਤੋ ਸਿੱਖਾਂ ਨੂੰ ਨਫ਼ਰਤ ਦਾ ਸ਼ਿਕਾਰ ਹੋਣਾ ਪਿਆ। ਪਖਤੂਨ ਦੇ ਇਲਾਕੇ ਵਿਚ ਉਨਾਂ ਨੂੰ ਜਬਰੀ ਇਸਲਾਮ ਕਬੂਲ ਕਰਵਾਇਆ। 1972 ਤੱਕ ਪਸ਼ਤੋ ਸਿੱਖ ਆਪਣੀ ਜਾਨ ਬਚਾ ਕੇ ਨਨਕਾਣਾ ਸਾਹਿਬ ਪਹੁੰਚੇ ਅਤੇ ਮੁੜ ਸਿੱਖ ਬਣੇ। 1972 ਤੋਂ ਪਸ਼ਤੋ ਸਿੱਖ ਨਨਕਾਣਾ ਸਾਹਿਬ ਦੀ ਸੇਵਾ ਸੰਭਾਲ ਰਹੇ ਹਨ।

ਸ਼੍ਰੋਮਣੀ ਕਮੇਟੀ ਐਡੀਸ਼ਨਲ ਸੈਕਟਰੀ ਸੁਖਦੇਵ ਸਿੰਘ ਭੂਰਾਕੋਨਾ ਦੱਸਦੇ ਹਨ ਕਿ 2015 ਵਿਚ ਸ਼੍ਰੋਮਣੀ ਕਮੇਟੀ ਕਰਤਾਰਪੁਰ ਸਾਹਿਬ ਵਿਖੇ ਕਾਰ ਸੇਵਾ ਕਰਨਾ ਚਾਹੁੰਦੀ ਸੀ। ਇਸ ਲਈ ਕਮੇਟੀ ਨੇ 2 ਕਰੋੜ ਦਾ ਬਜਟ ਵੀ ਤੈਅ ਕੀਤਾ ਸੀ ਪਰ ਵਾਰ-ਵਾਰ ਬੇਨਤੀ ਕਰਨ ’ਤੇ ਵੀ ਪਾਕਿਸਤਾਨ ਤੋਂ ਲਿਖਤੀ ਪ੍ਰਵਾਨਗੀ ਨਾ ਆਉਣ ਕਰਕੇ ਸੇਵਾ ਨਾ ਹੋ ਸਕੀ।

**ਅਲੌਕਿਕ ਸਥਾਨ ਅਤੇ ਸੰਗਤਾਂ ਦੇ ਦਰਸ਼ਨ**

9 ਨਵੰਬਰ, 2019 ਨੂੰ ਕਰਤਾਰਪੁਰ ਸਾਹਿਬ ਲਾਂਘਾ ਖੁੱਲ੍ਹਣ ਤੋਂ ਬਾਅਦ ਹੁਣ ਤੱਕ ਭਾਰਤ ਤੋਂ ਕੁੱਲ 60 ਹਜ਼ਾਰ ਸੰਗਤਾਂ ਦਰਬਾਰ ਸਾਹਿਬ ਵਿਖੇ ਦਰਸ਼ਨ ਕਰ ਚੁੱਕੀਆਂ ਹਨ। 16 ਮਾਰਚ, 2020 ਨੂੰ ਕੋਰੋਨਾ ਕਰਕੇ ਲਾਂਘਾ ਬੰਦ ਕਰ ਦਿੱਤਾ ਗਿਆ ਸੀ ਅਤੇ ਪਾਕਿਸਤਾਨ ਵੱਲੋਂ 29 ਜੂਨ, 2020 ਨੂੰ ਲਾਂਘਾ ਖੋਲ੍ਹਣ ਤੋਂ ਬਾਅਦ ਅਜੇ ਤੱਕ ਸੰਗਤਾਂ ਦਰਬਾਰ ਸਾਹਿਬ ਨਹੀਂ ਗਈਆਂ। ਭਾਰਤ ਤੋਂ ਅਜੇ ਕੋਰੋਨਾ ਦੇ ਚੱਲਦਿਆਂ ਲਾਂਘਾ ਨਹੀਂ ਖੁੱਲ੍ਹਿਆ।

ਪਾਕਿਸਤਾਨ ਤੋਂ 105000 ਸੰਗਤਾਂ ਕਰਤਾਰਪੁਰ ਸਾਹਿਬ ਵਿਖੇ ਦਰਸ਼ਨਾਂ ਲਈ ਹਾਜ਼ਰੀ ਭਰ ਚੁੱਕੀਆਂ ਹਨ। ਨਾਰੋਵਾਲ ਤੋਂ ਪੱਤਰਕਾਰ ਸ਼ਾਹਿਦ ਜ਼ਿਆ ਦੱਸਦੇ ਹਨ ਕਿ ਨਵੰਬਰ, ਦਸੰਬਰ, ਜਨਵਰੀ ’ਚ ਭਾਰਤ ਤੋਂ ਜਿੱਥੇ 400-1200 ਤੱਕ ਰੋਜ਼ਾਨਾ ਸੰਗਤਾਂ ਦਰਸ਼ਨਾਂ ਨੂੰ ਆਉਂਦੀਆਂ ਸਨ। ਉੱਥੇ ਪਾਕਿਸਤਾਨ ਤੋਂ 1400-2000 ਤੱਕ ਸੰਗਤਾਂ ਦਰਸ਼ਨ ਕਰਨ ਪਹੁੰਚਦੀਆਂ ਸਨ। ਲਾਂਘਾ ਖੁੱਲਣ ਤੋਂ ਬਾਅਦ ਟੀਚਾ 1.5 ਲੱਖ ਦਾ ਸੀ ਪਰ ਭਾਰਤ ਤੋਂ ਪਹਿਲੇ ਮਹੀਨੇ ਸਿਰਫ਼ 16 ਹਜ਼ਾਰ ਸੰਗਤਾਂ ਦਰਸ਼ਨਾਂ ਨੂੰ ਪਹੁੰਚੀਆਂ ਸਨ। ਫ਼ਿਲਹਾਲ ਸੰਗਤਾਂ ਨੂੰ ਕਰਤਾਰਪੁਰ ਸਾਹਿਬ ਲਾਂਘੇ ਦੇ ਖੁੱਲਣ ਦੀ ਬੇਸਬਰੀ ਨਾਲ ਉਡੀਕ ਹੈ।

**ਵਰੇਗੰਢ ਪਾਕਿਸਤਾਨ ਨੇ ਮਨਾਈ**

ਕਰਤਾਰਪੁਰ ਸਾਹਿਬ ਲਾਂਘਾ ਖੋਲਿਆਂ 9 ਨਵੰਬਰ ਨੂੰ 1 ਸਾਲ ਪੂਰਾ ਹੋ ਗਿਆ। ਇਸ ਲਾਂਘੇ ਦਾ ਉਦਘਾਟਨ ਭਾਰਤ ਵੱਲੋਂ ਪ੍ਰਧਾਨ ਮੰਤਰੀ ਮੋਦੀ ਅਤੇ ਪਾਕਿਸਤਾਨ ਪਾਸਿਓਂ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਕੀਤਾ ਸੀ। ਕਰਤਾਰਪੁਰ ਲਾਂਘੇ ਨੂੰ ਖੁੱਲੇ ਇੱਕ ਸਾਲ ਬੀਤ ਚੁੱਕਿਆ ਹੈ, ਪਰ ਦੁੱਖ ਦੀ ਗੱਲ ਇਹ ਹੈ ਕਿ ਇਸ ਇੱਕ ਸਾਲ ਵਿਚ ਇਹ ਲਾਂਘਾ ਸਿਰਫ਼ ਚਾਰ ਮਹੀਨੇ ਹੀ ਖੁੱਲ ਸਕਿਆ। 9 ਨਵੰਬਰ, 2019 ਨੂੰ ਖੁੱਲੇ ਕੌਰੀਡੋਰ ਜ਼ਰੀਏ, ਸੰਗਤ ਨੇ ਦਰਸ਼ਨ ਦੀਦਾਰ ਲਈ ਜਾਣਾ ਸ਼ੁਰੂ ਕੀਤਾ ਸੀ ਕਿ ਵਿਸ਼ਵ ਵਿਆਪੀ ਕੋਰੋਨਾ ਮਹਾਮਾਰੀ ਕਰਕੇ ਦੋਵਾਂ ਮੁਲਕਾਂ ਦੀ ਸਰਕਾਰਾਂ ਨੇ ਲਾਂਘਾ 15 ਮਾਰਚ, 2020 ਨੂੰ ਮੁੜ ਬੰਦ ਕਰ ਦਿੱਤਾ। ਜਿਸ ਦੇ ਇੱਕ ਵਾਰ ਫੇਰ ਖੁੱਲਣ ਦੀ ਉਮੀਦ ਸਿੱਖ ਸੰਗਤਾਂ ਨੂੰ ਬੇਸਬਰੀ ਨਾਲ ਹੈ। ਪਰ ਇਸ ਵਾਰ 30 ਨਵੰਬਰ ਨੂੰ ਗੁਰਪੁਰਬ ’ਤੇ ਲਾਂਘਾ ਖੋਲਣ ਦੀ ਸੰਭਾਵਨਾ ਨਹੀਂ ਹੈ। ਇਸ ਲਈ ਇਸ ਵਾਰ 28 ਤੋਂ 30 ਨਵੰਬਰ ਤੱਕ ਬਹੁਤ ਸਾਰੇ ਸਮੂਹ ਅਤੇ ਸੰਗਤਾਂ ਜ਼ੀਰੋ ਲਾਈਨ ਨੇੜੇ, ਬਾਬਾ ਜੀ ਅਰਦਾਸ ਕਰਨਗੇ। ਸ਼੍ਰੋਮਣੀ ਅਕਾਲੀ ਦਲ ਸਮੇਤ ਕਈ ਪਾਰਟੀਆਂ ਅਤੇ ਸੰਸਥਾਵਾਂ ਨੇ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਨੂੰ ਗੁਰੂ ਰੂਪ ਵਿਚ ਲਾਂਘਾ ਖੋਲਣ ਲਈ ਪੱਤਰ ਲਿਖਿਆ ਹੈ।

## ਲਾਂਘਾ ਮੁੜ ਖੁੱਲਣ ਦੀ ਉਡੀਕ ’ਚ ਕੈਪਟਨ

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਾਰੀਆਂ ਸਿੱਖ ਸੰਗਤਾਂ ਨੂੰ ਵਧਾਈਆਂ ਦਿੱਤੀਆਂ ਹਨ। ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਕੋਰੋਨਾ ਕਾਰਣ ਬੰਦ ਹੋਏ ਲਾਂਘੇ ਦੇ ਮੁੜ ਖੁੱਲਣ ਲਈ ਅਰਦਾਸ ਕੀਤੀ ਹੈ। ਮੁੱਖ ਮੰਤਰੀ ਨੇ ਆਪਣੇ ਫੇਸਬੁੱਕ ਪੇਜ ’ਤੇ ਇਸ ਪਾਵਨ ਮੌਕੇ ’ਤੇ ਵਧਾਈ ਦਿੰਦਿਆਂ ਆਖਿਆ ਹੈ ਕਿ ਕੋਵਿਡ-19 ਕਰਕੇ ਬੰਦ ਹੋਏ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਦੇ ਮੁੜ ਖੁੱਲਣ ਦੀ ਉਡੀਕ ਵਿਚ ਹਾਂ ਤਾਂ ਜੋ ਅਸੀਂ ਸਾਰੇ ਸਰਹੱਦ ਪਾਰ ਇਤਿਹਾਸਕ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰ ਸਕੀਏ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Quomantry AMRITSAR TIMES

11 ਨਵੰਬਰ 2020 ਤੋਂ 17 ਨਵੰਬਰ 2020

## ਖੇਤੀਬਾੜੀ ਕਨੂੰਨ : ਵਿਰੋਧ ਦੇ ਤਰੀਕੇ ਚ ਬਦਲਾਅ, ਪ੍ਰਾਪਤੀਆਂ ਅਤੇ ਅਗਲੀ ਜਿੰਮੇਵਾਰੀ

ਪੰਜਾਬ ਵਿੱਚ ਦਿੱਲੀ ਦੇ ਨਵੇਂ ਖੇਤੀਬਾੜੀ ਕਨੂੰਨਾਂ ਨੂੰ ਲੈ ਕੇ ਲਗਾਤਾਰ ਚੱਲ ਰਹੇ ਸੰਘਰਸ਼ ਵਿੱਚ ਵੱਖ ਵੱਖ ਥਾਂਵਾਂ ਤੇ ਵੱਖ ਵੱਖ ਤਰੀਕਿਆਂ ਨਾਲ ਵਿਰੋਧ ਹੋ ਰਿਹਾ ਹੈ। ਕਿਤੇ ਮੰਗ ਕੁਝ ਰਿਆਇਤਾਂ ਨੂੰ ਲੈ ਕੇ ਹੈ ਅਤੇ ਕਿਤੇ ਇਸ ਤੋਂ ਅੱਗੇ ਪੰਜਾਬ ਦੀ ਖੁਦਮੁਖਤਿਆਰੀ ਦੀ ਗੱਲ ਹੋ ਰਹੀ ਹੈ। ਇਹ ਗੱਲ ਵੀ ਲਗਾਤਾਰ ਕੀਤੀ ਜਾ ਰਹੀ ਹੈ ਕਿ ਇਹ ਸਿਰਫ ਘੱਟੋ-ਘੱਟ ਸਮਰਥਨ ਮੁੱਲ (MSP) ਜਾਂ ਕੁਝ ਰਿਆਇਤਾਂ ਦਾ ਮਸਲਾ ਨਹੀਂ ਹੈ ਬਲਕਿ ਇਹ ਪੰਜਾਬ ਦੀ ਹੋਂਦ ਲਈ ਖਤਰਾ ਹੈ ਜਿਸ ਦਾ ਸਮਾਜਿਕ ਅਤੇ ਰਾਜਨੀਤਕ ਦੋਵਾਂ ਪੱਧਰਾਂ ਉੱਤੇ ਟਾਕਰਾ ਕਰਨ ਦੀ ਲੋੜ ਹੈ। ਵੱਡੀ ਗਿਣਤੀ ਵਿਚ ਨੌਜਵਾਨ ਅਤੇ ਪੰਜਾਬ ਪ੍ਰਤੀ ਦਰਦ ਰੱਖਣ ਵਾਲੇ ਵੱਖ ਵੱਖ ਖੇਤਰਾਂ ਦੇ ਮਾਹਿਰ ਧਰਨਿਆਂ ਵਿਚ ਆਪਣੀ ਸ਼ਮੂਲੀਅਤ ਕਰ ਰਹੇ ਹਨ ਅਤੇ ਆਪਣੇ ਵਿਚਾਰ ਸਾਂਝੇ ਕਰ ਰਹੇ ਹਨ। ਭਾਵੇਂ ਦਿੱਲੀ ਤਖਤ ਵੱਲੋਂ ਆਪਣੇ ਸੁਭਾਅ ਮੁਤਾਬਿਕ ਸੱਤਾ ਦੇ ਹੰਕਾਰ ਵਿੱਚ ਇਹ ਸਾਰੇ ਸੰਘਰਸ਼ ਨੂੰ ਅੱਖੋਂ ਓਹਲੇ ਕਰ ਕੇ ਕਹਿ ਦਿੱਤਾ ਗਿਆ ਹੈ ਕਿ ਇਹਨਾਂ ਕਾਨੂੰਨਾਂ ਨੂੰ ਲਾਗੂ ਕਰਨ ਤੋਂ ਭੋਰਾ ਵੀ ਪਿੱਛੇ ਨਹੀਂ ਹਟਿਆ ਜਾਵੇਗਾ ਅਤੇ ਨਾ ਹੀ ਇਨ੍ਹਾਂ ਵਿੱਚ ਕੋਈ ਮਾਮੂਲੀ ਰਿਆਇਤ ਹੀ ਕੀਤੀ ਜਾਵੇਗੀ ਪਰ ਇਸ ਦੇ ਬਾਵਜੂਦ ਪੰਜਾਬ ਦੇ ਲੋਕਾਂ ਨੇ ਸੰਘਰਸ਼ ਜਾਰੀ ਰੱਖਿਆ ਹੋਇਆ ਹੈ ਅਤੇ ਜੇਕਰ ਹੁਣ ਤੱਕ ਦੇ ਸੰਘਰਸ਼ ਨੂੰ ਵੇਖਿਆ ਜਾਵੇ ਤਾਂ ਪਿਛਲੀ ਕਾਫੀ ਲੰਮੀ ਕਸਰਤ ਦੇ ਮੁਕਾਬਲੇ ਇਸ ਵਾਰ ਵਿਰੋਧ ਕਰਨ ਦੇ ਤਰੀਕੇ ਚ ਕੁਝ ਬਦਲਾਅ ਨਜ਼ਰ ਆਉਂਦੇ ਹਨ ਜਿਸ ਕਾਰਨ ਕੁਝ ਪ੍ਰਾਪਤੀਆਂ ਵੀ ਹੋਈਆਂ ਹਨ।

**ਵਿਰੋਧ ਦੇ ਤਰੀਕੇ ਚ ਬਦਲਾਅ :**

ਆਪਾਂ ਜਾਣਦੇ ਹਾਂ ਕਿ ਪੰਜਾਬ ਵਿੱਚ ਕਿਸੇ ਵੇਲੇ ਮਾੜੇ ਪ੍ਰਬੰਧਾਂ ਦੇ ਵਿਰੋਧ 'ਚ ਖੜ੍ਹਨ ਵਾਲੇ ਜਾਂ ਫੈਸਲਾ ਦਰੁੱਸਤ ਕਰਵਾਉਂਦੇ ਸਨ ਜਾਂ ਫਿਰ ਆਪਣੇ ਆਪ ਨੂੰ ਸੰਘਰਸ਼ ਦੇ ਲੇਖੇ ਲਾ ਦਿੰਦੇ ਸਨ ਪਰ ਹੌਲੀ ਹੌਲੀ ਪ੍ਰਬੰਧਕਾਂ/ਜਿੰਮੇਵਾਰਾਂ ਤੋਂ ਸਿਰਫ ਭਰੋਸਾ ਦੇਣ ਤੇ ਹੀ ਵਿਰੋਧ ਦਾ ਬਦਲਦਾ-ਵਿਗੜਦਾ ਹੋਇਆ ਰੂਪ ਆਪਣਾ ਦਮ ਤੋੜਨ ਲੱਗ ਪਿਆ ਸੀ। ਨਵੇਂ ਖੇਤੀਬਾੜੀ ਕਨੂੰਨਾਂ ਦੇ ਇਸ ਸੰਘਰਸ਼ ਵਿਚ ਇਹ ਬਹੁਤ ਅਹਿਮ ਮੋੜਾ ਆਇਆ ਕਿ ਮੁੜ ਤੋਂ ਸੰਘਰਸ਼ ਕੁਝ ਰਿਆਇਤਾਂ ਦੀ ਥਾਂ ਆਪਣੀ ਹੋਂਦ ਕਾਇਮ ਰੱਖਣ ਤੱਕ ਚਲਾ ਗਿਆ। ਬਿਲ ਰੱਦ ਜਾ ਘੱਟੋ-ਘੱਟ ਸਮਰਥਨ ਮੁੱਲ (MSP) ਦੀ ਥਾਂ ਆਪਣੀਆਂ ਫਸਲਾਂ ਸਬੰਧੀ ਫੈਸਲੇ ਪੰਜਾਬ ਨੂੰ ਲੈਣ ਦੀ ਗੱਲ ਤੁਰੀ। ਜੋ ਤੁਰਦੀ ਤੁਰਦੀ ਪੰਜਾਬ ਕੇਂਦਰਿਤ ਖੇਤੀਬਾੜੀ ਢਾਂਚੇ ਨੂੰ ਬਣਾਉਣ ਅਤੇ ਲਾਗੂ ਕਰਵਾਉਣ ਦੀ ਗੱਲ ਤੱਕ ਚਲੀ ਗਈ ਹੈ, ਭਾਵੇਂ ਇਹ ਗੱਲ ਸਾਰੇ ਧਰਨੇ/ਮੋਰਚਿਆਂ 'ਚੋਂ ਨਹੀਂ ਹੋ ਰਹੀ ਪਰ ਓਹਨਾ ਤੇ ਅਸਰ ਜਰੂਰ ਪਾ ਰਹੀ ਹੈ।

**ਪ੍ਰਾਪਤੀਆਂ :**

ਸਭ ਤੋਂ ਵੱਡੀ ਪ੍ਰਾਪਤੀ ਵਿਰੋਧ ਕਰਨ ਦੇ ਬਦਲਾਅ ਦੀ ਗਿਣੀ ਜਾ ਸਕਦੀ ਹੈ, ਕੁਝ ਰਿਆਇਤਾਂ ਤੋਂ ਗੱਲ ਖੁਦਮੁਖਤਿਆਰੀ ਤੱਕ ਜਾਣੀ ਭਵਿੱਖ ਵਿੱਚ ਹੋਣ ਵਾਲੇ ਸੰਘਰਸ਼ਾਂ ਤੇ ਯਕੀਨਨ ਅਸਰ ਪਾ ਸਕਦੀ ਹੈ। ਇਕ ਪ੍ਰਾਪਤੀ ਵਿਰੋਧੀ ਧਿਰ ਦੀ ਪਹਿਚਾਣ ਦੀ ਗਿਣੀ ਜਾ ਸਕਦੀ ਹੈ, ਪਹਿਲਾਂ ਹਰ ਵਾਰ ਕਿਸੇ ਇਕ ਸਿਆਸੀ ਧਿਰ ਨੂੰ ਵਿਰੋਧੀ ਧਿਰ ਵਜੋਂ ਵੇਖਿਆ ਪ੍ਰਚਾਰਿਆ ਜਾਂਦਾ ਸੀ ਪਰ ਐਤਕੀਂ ਧਰਨਿਆਂ ਦੀਆਂ ਤਕਰੀਰਾਂ ਤੋਂ ਗਾਉਣ ਵਾਲਿਆਂ ਦੇ ਗੀਤਾਂ ਤੱਕ ਦਿੱਲੀ ਤਖ਼ਤ ਨੂੰ ਵਿਰੋਧੀ ਧਿਰ ਵਜੋਂ ਵੇਖਿਆ ਪ੍ਰਚਾਰਿਆ ਗਿਆ ਹੈ। ਇਕ ਪ੍ਰਾਪਤੀ ਸੰਘਰਸ਼ੀ ਧਿਰਾਂ ਦੇ ਆਗੂਆਂ ਖ਼ਾਸਕਰ ਕਿਸਾਨ ਯੂਨੀਅਨਾਂ ਦੇ ਫੈਸਲੇ ਪ੍ਰਭਾਵਿਤ ਕਰਨ ਦੀ ਹੈ, ਲੋਕਾਂ ਦੇ ਦਬਾਅ ਕਰਕੇ ਇਹ ਪਹਿਲੀ ਵਾਰ ਹੋਇਆ ਕਿ ਕਿਸਾਨ ਯੂਨੀਅਨਾਂ ਸਰਕਾਰਾਂ ਨਾਲ ਹੁਣ ਤੱਕ ਦੀਆਂ ਮਿਲਣੀਆਂ ਵਿੱਚ ਆਪਣੇ ਮੁਤਾਬਿਕ ਅਤੇ ਲੋਕਾਂ ਦੇ ਜਜਬਾਤਾਂ ਦੇ ਉਲਟ ਫੈਸਲਾ ਨਹੀਂ ਕਰ ਸਕੀਆਂ। ਇਕ ਪ੍ਰਾਪਤੀ ਅਗਲਾ ਨਿਸ਼ਾਨਾ ਮਿੱਥਣ ਦੀ ਹੋਈ ਹੈ, ਹੁਣ ਤੱਕ ਤਕਰੀਬਨ ਹਰ ਵੱਡੇ ਉਭਾਰ ਵਿਚੋਂ ਸਿਰਫ ਜਾ ਤਾਂ ਕੋਈ ਸਿਆਸੀ ਪਾਰਟੀ ਨਿਕਲਦੀ ਰਹੀ ਹੈ ਤੇ ਜਾ ਨਿਕਲਣ ਦੀ ਗੱਲ ਚਲਦੀ ਰਹੀ ਹੈ ਪਰ ਐਤਕੀਂ ਇਹ ਗੱਲ ਸਾਹਮਣੇ ਆਈ ਹੈ ਕਿ ਪੰਜਾਬ ਦਾ ਕੋਈ ਆਪਣਾ ਖੇਤੀਬਾੜੀ ਢਾਂਚਾ ਹੋਵੇ ਤੇ ਓਹਨੂੰ ਲਾਗੂ ਕਰਵਾਉਣ ਲਈ ਸਮਾਜਿਕ ਅਤੇ ਰਾਜਸੀ ਧਿਰ ਹੋਵੇ। ਸਮਾਜਿਕ ਧਿਰ ਜੋ ਕਿ ਪੰਜਾਬ ਦੇ ਹਿਤਾਂ ਖਾਤਰ ਸੰਘਰਸ਼ ਕਰੇ ਅਤੇ ਰਾਜਸੀ ਪਾਰਟੀ ਤੇ ਦਬਾਅ ਬਣਾਏ, ਜੇਕਰ ਇਸ ਤਰ੍ਹਾਂ ਹੁੰਦਾ ਹੈ ਤਾਂ ਇਹ ਆਪਣੀ ਰਵਾਇਤ ਵੱਲ ਨੂੰ ਮੋੜਾ ਕੱਟਣ ਦਾ ਇਕ ਅਹਿਮ ਕਦਮ ਹੋਵੇਗਾ। 'ਸ਼ੰਭੂ ਮੋਰਚੇ' ਵੱਲੋਂ ਇਸ ਗੱਲ ਉੱਤੇ ਲਗਾਤਰ ਜ਼ੋਰ ਪਾਇਆ ਜਾ ਰਿਹਾ ਹੈ, ਜੋ ਕਿ ਬਹੁਤ ਅਹਿਮ ਗੱਲ ਹੈ ਕਿਓਂਕਿ ਇਸ ਗੱਲ ਦੀ ਘਾਟ ਕਾਰਨ ਪਿਛਲੇ ਕਾਫੀ ਸਾਲਾਂ ਤੋਂ ਪੰਜਾਬ ਦੇ ਸੂਬੇਦਾਰ ਆਪਣੇ ਲੋਕਾਂ ਨੂੰ ਜਵਾਬ-ਦੇਹ ਹੋਣ ਦੀ ਥਾਂ ਸਿਰਫ ਦਿੱਲੀ ਤਖਤ ਨੂੰ ਹੀ ਜਵਾਬ-ਦੇਹ ਹੁੰਦੇ ਸਨ। ਇਹ ਬਹੁਤ ਸੰਜੀਦਾ ਨੁਕਤਾ ਹੈ, ਪੰਜਾਬ ਦੇ ਆਪਣੇ ਫੈਸਲੇ ਆਪ ਕਰਨ ਦੀ ਗੱਲ ਸੂਬੇ ਅਤੇ ਕੇਂਦਰ ਦੇ ਰਿਸ਼ਤੇ ਮੁੜ ਤੋਂ ਪ੍ਰਭਾਸ਼ਿਤ ਕਰਨ ਦੀ ਗੱਲ ਹੈ ਅਤੇ ਸਮਾਜ ਦੀਆਂ ਧਿਰਾਂ ਜਿਹਨਾਂ ਨੇ ਸਿਆਸਤ ਕਾਬੂ ਕਰਨੀ ਹੁੰਦੀ ਹੈ, ਓਹਦੇ ਲਈ ਹੁਣ ਢੁਕਵਾਂ ਸਮਾਂ ਹੈ ਭਾਵੇਂ ਇਹ ਸਾਰੇ 'ਚ ਕੌਣ ਕਿੰਨਾ ਨਿਭ ਪਾਉਂਦਾ ਹੈ ਇਹ ਫੈਸਲਾ ਭਵਿੱਖ ਨੇ ਕਰਨਾ ਹੈ ਪਰ ਇਹ ਪ੍ਰਾਪਤੀਆਂ ਕਾਫੀ ਮਾਇਨੇ ਰੱਖਦੀਆਂ ਹਨ।

**ਅਗਲੀ ਜਿੰਮੇਵਾਰੀ :**

ਹੁਣ ਤੱਕ ਦੇ ਸੰਘਰਸ਼ ਵਿੱਚ ਹਾਲੀ ਤੱਕ ਦਿੱਲੀ ਤਖ਼ਤ ਵੱਲੋਂ ਕੋਈ ਵੀ ਸਖਤੀ ਸਿੱਧੇ ਤਰੀਕੇ ਨਹੀਂ ਕੀਤੀ ਗਈ, ਆਉਣ ਵਾਲੇ ਦਿਨਾਂ ਵਿੱਚ ਇਹ ਸੰਭਾਵਨਾ ਯਕੀਨਨ ਪਈ ਹੈ ਕਿ ਜੇਕਰ ਇਹ ਸੰਘਰਸ਼ ਕਿਸੇ ਹੀਲੇ (ਲਮਕਾ ਕੇ, ਵਡਿਆ ਕੇ, ਲਾਲਚ ਦੇ ਕੇ ਆਦਿ) ਨਹੀਂ ਰੁਕਦਾ ਤਾਂ ਇਹਦੇ ਤੇ ਸਖਤੀ ਕੀਤੀ ਜਾਣੀ ਹੈ। ਭਵਿੱਖ ਵਿੱਚ ਕੀ ਵਾਪਰਨਾ ਹੈ ਇਹ ਭਾਵੇਂ ਸਮੇਂ ਦੇ ਗਰਭ ਵਿਚ ਹੀ ਹੈ ਪਰ ਇਹ ਸੰਘਰਸ਼ ਦੇ ਆਗੂਆਂ ਨੂੰ ਹੁਣ ਲਗਾਤਾਰ ਭਵਿੱਖ ਦੀਆਂ ਸੰਭਾਵੀ ਚੁਣੌਤੀਆਂ ਨੂੰ ਬਹੁਤ ਗਹਿਰਾਈ ਅਤੇ ਜਿੰਮੇਵਾਰੀ ਨਾਲ ਵੇਖਣਾ ਸਮਝਣਾ ਪਵੇਗਾ ਅਤੇ ਅਗਲੇ ਕਦਮਾਂ ਲਈ ਤਿਆਰ ਰਹਿਣਾ ਪਵੇਗਾ। ਅਗਲੀ ਪਰਖ ਸਖਤ ਹੈ ਜਿਸ ਵਿੱਚ ਸਿਦਕ, ਅਕੀਦਾ ਅਤੇ ਤਿਆਗ ਪਰਖੇ ਜਾਣੇ ਹਨ। ਲੋਕਾਂ ਅਤੇ ਇਤਿਹਾਸ ਨੇ ਸੰਘਰਸ਼ ਦੇ ਆਗੂਆਂ ਨੂੰ ਕਿਸ ਥਾਂ ਤੇ ਰੱਖ ਕੇ ਵੇਖਣਾ ਹੈ, ਇਹ ਆਗੂਆਂ ਦੇ ਅਗਲੇ ਕਦਮ ਤੈਅ ਕਰਨਗੇ। ਕੁਝ ਰਿਆਇਤਾਂ ਤੋਂ ਜਿਸ ਪੱਧਰ ਤਕ ਗੱਲ ਚਲੀ ਗਈ ਹੈ, ਅਗਲੇ ਕਦਮ ਬਹੁਤ ਅਹਿਮ ਹੋਣਗੇ। ਗੁਰੂ ਪਾਤਸ਼ਾਹ ਮਿਹਰ ਕਰਨ।

# ਭਾਰਤੀ ਨਿਆਂ ਪ੍ਰਣਾਲੀ ਖ਼ਤਰੇ ਵਿਚ

**ਸੁਪਰੀਮ ਕੋਰਟ ਦੇ ਜੱਜਾਂ ਜਸਟਿਸ ਜੇ. ਚੇਲਾਮੇਸ਼ਵਰ, ਜਸਟਿਸ ਰੰਜਨ, ਜਸਟਿਸ ਐੱਮ.ਬੀ. ਲੋਕੁਰ ਤੇ ਜਸਟਿਸ ਕੁਰੀਅਨ ਨੇ ਮੁੱਖ ਜੱਜ ਦੀ ਕਾਰਜਸ਼ੈਲੀ ਨੂੰ ਲੋਕਤੰਤਰ ਲਈ ਦੱਸਿਆ ਸੀ ਖ਼ਤਰਾ**

**- ਐੱਮ.ਪੀ. ਸਿੰਘ ਪਾਹਵਾ**
**(ਸਾਬਕਾ ਵਧੀਕ ਜ਼ਿਲਾ ਤੇ ਸੈਸ਼ਨਜ਼ ਜੱਜ)**

12 ਜਨਵਰੀ ,2018 ਦਾ ਦਿਨ ਸਾਡੇ ਦੇਸ਼ ਅਤੇ ਸੁਪਰੀਮ ਕੋਰਟ ਦੇ ਇਤਿਹਾਸ 'ਚ ਅਜਿਹਾ ਪਹਿਲਾ ਦਿਨ ਸੀ ਜਦੋਂ ਸੁਪਰੀਮ ਕੋਰਟ ਦੇ ਚਾਰ ਸੀਨੀਅਰ ਜੱਜ ਸਾਹਿਬਾਨ ਨੇ ਪ੍ਰੈੱਸ ਕਾਨਫਰੰਸ ਕਰ ਕੇ ਉਸ ਵੇਲੇ ਦੇ ਮੁੱਖ ਜੱਜ ਦੀ ਕਾਰਜਸ਼ੈਲੀ 'ਤੇ ਖੁੱਲ੍ਹੇਆਮ ਨਾਰਾਜ਼ਗੀ ਪ੍ਰਗਟਾਈ ਸੀ ਅਤੇ ਇਸ ਕਾਰਜਸ਼ੈਲੀ ਨੂੰ ਦੇਸ਼ ਦੇ ਲੋਕਤੰਤਰ ਲਈ ਖ਼ਤਰਾ ਦੱਸਿਆ ਸੀ। ਪ੍ਰੈੱਸ ਕਾਨਫਰੰਸ ਵਿਚ ਜਸਟਿਸ ਜੇ. ਚੇਲਾਮੇਸ਼ਵਰ, ਜਸਟਿਸ ਰੰਜਨ ਗੋਗੋਈ (ਜੋ ਬਾਅਦ 'ਚ ਬਤੌਰ ਮੁੱਖ ਜੱਜ ਸੇਵਾ ਮੁਕਤ ਹੋਏ) ਜਸਟਿਸ ਐੱਮ.ਬੀ. ਲੋਕੁਰ ਅਤੇ ਜਸਟਿਸ ਕੁਰੀਅਨ ਜੋਸੇਫ ਸ਼ਾਮਲ ਸਨ। ਇਨ੍ਹਾਂ ਜੱਜਾਂ ਨੇ ਮੁੱਖ ਜੱਜ ਵੱਲੋਂ ਬਣਾਏ ਜਾਂਦੇ ਰੋਸਟਰ, ਕੁਝ ਮਹੱਤਵਪੂਰਨ ਮਾਮਲੇ ਜੂਨੀਅਰ ਜੱਜਾਂ ਨੂੰ ਸੌਂਪਣ ਅਤੇ ਸੀਨੀਅਰ ਜੱਜਾਂ ਨੂੰ ਨਜ਼ਰਅੰਦਾਜ਼ ਕੀਤੇ ਜਾਣ 'ਤੇ ਰੋਸ ਪ੍ਰਗਟਾਇਆ ਸੀ। ਉਨ੍ਹਾਂ ਨੇ ਅਜਿਹੇ ਮਾਮਲਿਆਂ 'ਚ ਕੋਈ ਪਾਰਦਰਸ਼ਤਾ ਵਾਲੀ ਨੀਤੀ ਅਪਨਾਉਣ ਦੀ ਮੰਗ ਉਠਾਈ ਸੀ।

ਹੁਣ 6 ਅਕਤੂਬਰ, 2020 ਨੂੰ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਵਾਈ.ਐੱਸ. ਜਗਨਮੋਹਨ ਰੈੱਡੀ ਨੇ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਨੂੰ ਚਿੱਠੀ ਲਿਖੀ ਹੈ ਜਿਸ ਦੀ ਕਾਪੀ 10 ਅਕਤੂਬਰ ਨੂੰ ਇਕ ਪ੍ਰੈੱਸ ਕਾਨਫਰੰਸ ਦੌਰਾਨ ਪੱਤਰਕਾਰਾਂ ਵਿਚ ਵੀ ਵੰਡੀ ਗਈ ਹੈ। ਇਹ ਕਾਪੀ ਮੁੱਖ ਮੰਤਰੀ ਦੇ ਮੁੱਖ ਸਲਾਹਕਾਰ ਅਜਯਾ ਕਲਾਮ ਵੱਲੋਂ ਕੀਤੀ ਗਈ ਪ੍ਰੈੱਸ ਕਾਨਫਰੰਸ ਦੌਰਾਨ ਵੰਡੀ ਗਈ। ਇਸ ਚਿੱਠੀ ਰਾਹੀਂ ਮੁੱਖ ਮੰਤਰੀ ਦਾ ਇਲਜ਼ਾਮ ਹੈ ਕਿ ਸੁਪਰੀਮ ਕੋਰਟ ਦੇ ਸੀਨੀਅਰ ਮੋਸਟ ਜੱਜ ਜਸਟਿਸ ਐੱਨ.ਵੀ. ਰਾਮੰਨਾ ਅਤੇ ਹਾਈ ਕੋਰਟ ਦੇ ਕੁਝ ਜੱਜਾਂ ਦੀ ਤੇਲਗੂ ਦੇਸਮ ਪਾਰਟੀ ਦੇ ਨੇਤਾ ਐੱਨ. ਚੰਦਰਬਾਬੂ ਨਾਇਡੂ ਨਾਲ ਨੇੜਤਾ ਹੈ ਜਿਸ ਕਾਰਨ ਉਹ ਮੇਰੀ ਸਰਕਾਰ ਨੂੰ ਪਲਟਣਾ ਚਾਹੁੰਦੇ ਹਨ। ਇਹ ਵੀ ਇਲਜ਼ਾਮ ਲਗਾਏ ਹਨ ਕਿ ਜਸਟਿਸ ਰਾਮੰਨਾ ਆਂਧਰ ਪ੍ਰਦੇਸ਼ ਦੇ ਮੌਜੂਦਾ ਜੱਜਾਂ ਨੂੰ ਪ੍ਰਭਾਵਿਤ ਕਰ ਰਹੇ ਹਨ, ਰੋਸਟਰ ਬਣਾਏ ਜਾਣ ਦੇ ਮਾਮਲੇ ਵਿਚ ਦਖ਼ਲਅੰਦਾਜ਼ੀ ਕਰ ਰਹੇ ਹਨ। ਮੁੱਖ ਮੰਤਰੀ ਦਾ ਕਹਿਣਾ ਹੈ ਕਿ ਉਨਾਂ ਨੇ ਤੇਲਗੂ ਦੇਸਮ ਦੇ ਨੇਤਾ ਚੰਦਰਬਾਬੂ ਵਲੋਂ ਜੂਨ 2014 ਤੋਂ ਮਈ 2019 ਤਕ ਕੀਤੇ ਸੌਦਿਆਂ ਦੀ ਜਾਂਚ ਦੇ ਹੁਕਮ ਦਿੱਤੇ ਹਨ। ਉਸ ਵੇਲੇ ਤੋਂ ਜਸਟਿਸ ਰਾਮੰਨਾ ਨੇ ਰਾਜ ਦੀ ਨਿਆਂ ਪ੍ਰਣਾਲੀ ਨੂੰ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ ਹੈ।

ਪੱਤਰ ਰਾਹੀਂ ਪ੍ਰਗਟਾਵਾ ਕੀਤਾ ਗਿਆ ਹੈ ਕਿ ਸੂਬੇ ਦੀ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ ਵੱਲੋਂ ਸਾਬਕਾ ਐਡਵੋਕੇਟ ਜਨਰਲ ਦਾਮਲਪਤੀ ਸ੍ਰੀਨਿਵਾਸ ਵਿਰੁੱਧ ਜ਼ਮੀਨ ਦੇ ਕੁਝ ਸ਼ੱਕੀ ਸੌਦਿਆਂ ਸਬੰਧੀ ਐੱਫ ਆਈ ਆਰ ਦਰਜ ਕੀਤੀ ਗਈ ਸੀ ਤੇ ਮਾਮਲੇ ਦੀ ਜਾਂਚ ਕੀਤੀ ਜਾਣੀ ਸੀ ਪਰ ਹਾਈ ਕੋਰਟ ਵੱਲੋਂ ਜਾਂਚ 'ਤੇ ਇਸ ਲਈ ਰੋਕ ਲਗਾ ਦਿੱਤੀ ਗਈ ਹੈ ਕਿ ਮੁਲਜ਼ਮ ਵੱਲੋਂ ਇਸ ਸੌਦੇ ਦੀ ਰਕਮ ਵਾਪਸ ਕਰ ਦਿੱਤੀ ਗਈ ਹੈ। ਸਿਰਫ਼ ਜਾਂਚ 'ਤੇ ਹੀ ਰੋਕ ਨਹੀਂ ਲਗਾਈ ਗਈ, ਸਗੋਂ ਇਸ ਮੁਕੱਦਮੇ ਦੇ ਵੇਰਵਿਆਂ ਦੀ ਕਿਸੇ ਵੀ ਤਰਾਂ ਦੀ ਰਿਪੋਰਟਿੰਗ 'ਤੇ ਵੀ ਪਾਬੰਦੀ ਲਗਾ ਦਿੱਤੀ ਗਈ ਸੀ। ਇਹ ਵੀ ਖ਼ਬਰਾਂ ਹਨ ਕਿ ਪਿਛਲੇ 18 ਮਹੀਨਿਆਂ ਦੌਰਾਨ ਹਾਈ ਕੋਰਟ ਵੱਲੋਂ ਲਗਪਗ 100 ਮਾਮਲਿਆਂ ਵਿਚ ਸੂਬਾ ਸਰਕਾਰ ਦੇ ਮਹੱਤਵਪੂਰਨ ਫ਼ੈਸਲਿਆਂ 'ਤੇ ਰੋਕ ਲਗਾਈ ਗਈ ਹੈ ਜਿਨਾਂ 'ਚ ਰਾਜਧਾਨੀ ਹੈੱਡਕੁਆਰਟਰ ਨੂੰ ਅਮਰਾਵਤੀ ਤੋਂ ਬਾਹਰ ਲਿਜਾਣ, ਆਂਧਰ ਪ੍ਰਦੇਸ਼ ਦੀ ਵਿਧਾਨ ਪ੍ਰੀਸ਼ਦ ਭੰਗ ਕਰਨ ਅਤੇ ਸੂਬੇ ਦੇ ਚੋਣ ਕਮਿਸ਼ਨਰ ਐੱਨ. ਸੁਰੇਸ਼ ਕੁਮਾਰ ਨੂੰ ਹਟਾਉਣ ਦੇ ਫ਼ੈਸਲੇ ਮੁੱਖ ਹਨ। ਪੱਤਰ ਵਿਚ ਜਸਟਿਸ ਰਾਮੰਨਾ ਦੀਆਂ ਦੋ ਧੀਆਂ ਵੱਲੋਂ ਅਤੇ ਉਨਾਂ ਦੇ ਕੁਝ ਹੋਰ ਰਿਸ਼ਤੇਦਾਰਾਂ ਅਤੇ ਸਾਥੀਆਂ ਵੱਲੋਂ ਉਸ ਖੇਤਰ 'ਚ ਜ਼ਮੀਨ ਖ਼ਰੀਦਣ ਦਾ ਜ਼ਿਕਰ ਹੈ ਜਿੱਥੇ ਪਹਿਲਾਂ ਚੰਦਰਬਾਬੂ ਨਾਇਡੂ ਦੀ ਸਰਕਾਰ ਵੱਲੋਂ ਰਾਜਧਾਨੀ ਹੈੱਡਕੁਆਰਟਰ ਬਣਾਏ ਜਾਣ ਦੀ ਤਜਵੀਜ਼ ਸੀ। ਇਹ ਸੌਦੇ ਵੀ ਇਸ ਕਰਕੇ ਸ਼ੱਕ ਦੇ ਘੇਰੇ ਵਿਚ ਲਏ ਗਏ ਹਨ ਕਿ ਇਹ ਜ਼ਮੀਨ ਰਾਜਧਾਨੀ ਤਬਦੀਲ ਕਰਨ ਦੇ ਫ਼ੈਸਲੇ ਤੋਂ ਥੋੜੇ ਸਮੇਂ ਬਾਅਦ ਖ਼ਰੀਦੀ ਗਈ ਸੀ। ਮੁੱਖ ਮੰਤਰੀ ਦਾ ਇਹ ਵੀ ਇਲਜ਼ਾਮ ਹੈ ਕਿ ਜਸਟਿਸ ਰਾਮੰਨਾ ਨੇ ਰਾਜ ਵਿਚ ਨਿਆਇਕ ਨਿਯੁਕਤੀਆਂ ਵਿਚ ਵੀ ਅਹਿਮ ਭੂਮਿਕਾ ਅਦਾ ਕੀਤੀ ਹੈ ਤਾਂ ਜੋ ਉਹ ਤੇਲਗੂ ਦੇਸਮ ਪਾਰਟੀ ਦੇ ਹੱਕ ਵਿਚ ਫ਼ੈਸਲੇ ਲੈ ਸਕਣ। ਭਾਵੇਂ ਮੁੱਖ ਮੰਤਰੀ ਵੱਲੋਂ ਸਿੱਧੇ ਤੌਰ 'ਤੇ ਜੱਜਾਂ ਵਿਰੁੱਧ ਕਿਸੇ ਕਾਰਵਾਈ ਦੀ ਮੰਗ ਨਹੀਂ ਰੱਖੀ ਗਈ ਪਰ ਇਹ ਬੇਨਤੀ ਕੀਤੀ ਗਈ ਹੈ ਕਿ ਕੁਝ ਅਜਿਹੇ ਕਦਮ ਚੁੱਕੇ ਜਾਣ ਜੋ ਸੂਬੇ ਦੀ ਨਿਆਂਪ੍ਰਣਾਲੀ ਦੀ ਨਿਰਪੱਖਤਾ ਬਣਾਈ ਰੱਖਣ ਲਈ ਉੱਚਿਤ ਸਮਝੇ ਜਾਣ।

ਕਿਸੇ ਰਾਜ ਦੇ ਮੁੱਖ ਮੰਤਰੀ ਵੱਲੋਂ ਜੱਜਾਂ ਵਿਰੁੱਧ ਅਜਿਹੀ ਚਿੱਠੀ ਪਹਿਲੀ ਵਾਰ ਲਿਖੀ ਗਈ ਹੈ, ਇਸ ਕਰਕੇ ਇਸ ਸਬੰਧੀ ਵੱਖ-ਵੱਖ ਪ੍ਰਤੀਕਰਮ ਮਿਲ ਰਹੇ ਹਨ। ਕੁਝ ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਚਿੱਠੀ ਇਸ ਕਾਰਨ ਲਿਖੀ ਗਈ ਹੈ ਕਿਉਂਕਿ ਜਸਟਿਸ ਰਾਮੰਨਾ ਉਸ ਬੈਂਚ ਦੇ ਮੁਖੀ ਹਨ ਜਿਸ ਨੇ ਪਿੱਛੇ ਜਿਹੇ ਕੇਂਦਰ, ਰਾਜ ਸਰਕਾਰਾਂ, ਕੇਂਦਰ ਸ਼ਾਸਿਤ ਪ੍ਰਦੇਸ਼ਾਂ ਅਤੇ ਹਾਈ ਕੋਰਟਾਂ ਨੂੰ ਇਹ ਹੁਕਮ ਦਿੱਤਾ ਹੈ ਕਿ ਅਦਾਲਤਾਂ 'ਚ ਵਿਧਾਇਕਾਂ ਅਤੇ ਮੈਂਬਰ ਪਾਰਲੀਮੈਂਟਾਂ ਵਿਰੁੱਧ ਚੱਲ ਰਹੇ ਫ਼ੌਜਦਾਰੀ ਮਾਮਲਿਆਂ ਦਾ ਨਿਪਟਾਰਾ ਇਕ ਸਾਲ ਦੇ ਅੰਦਰ ਕੀਤਾ ਜਾਵੇ। ਇਸ ਕੇਸ ਦੇ ਪਟੀਸ਼ਨਰ ਐਡਵੋਕੇਟ ਅਸ਼ਵਨੀ ਉਪਾਧਿਆਏ ਨੇ ਵੀ ਸੁਪਰੀਮ ਕੋਰਟ ਦੇ ਚੀਫ ਜਸਟਿਸ ਨੂੰ ਚਿੱਠੀ ਲਿਖ ਕੇ ਇਲਜ਼ਾਮ ਲਗਾਇਆ ਹੈ ਕਿ ਮੁੱਖ ਮੰਤਰੀ ਨੇ ਨਿਆਂ ਪ੍ਰਣਾਲੀ ਅਤੇ ਕਾਰਜਕਾਰਨੀ ਨੂੰ ਵੱਖ ਕਰਨ ਵਾਲੀ ਲਛਮਣ ਰੇਖਾ ਟੱਪ ਲਈ ਹੈ। ਰੈੱਡੀ ਅਤੇ ਉਸ ਦੇ ਸਾਥੀਆਂ ਵਿਰੁੱਧ ਭ੍ਰਿਸ਼ਟਾਚਾਰ, ਕਾਲਾ-ਧਨ ਇਕੱਠਾ ਕਰਨ, ਬੇਨਾਮੀ ਜਾਇਦਾਦ ਬਣਾਉਣ ਅਤੇ ਆਮਦਨ ਦੇ ਸਾਧਨਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਬਹੁਤ ਸਾਰੇ ਮਾਮਲੇ ਅਦਾਲਤਾਂ ਵਿਚ ਚੱਲ ਰਹੇ ਹਨ।

ਇਹ ਪ੍ਰੈੱਸ ਕਾਨਫਰੰਸ ਅਤੇ ਉਸ ਦੀ ਚਿੱਠੀ ਨਿਆਂਪਾਲਿਕਾ 'ਤੇ ਦਬਾਅ ਬਣਾਉਣ ਦੀ ਇਕ ਬੇਈਮਾਨਾ ਭਰੀ ਚਾਲ ਹੈ। ਦਿੱਲੀ ਹਾਈਕੋਰਟ ਦੇ ਵਕੀਲਾਂ ਦੀ ਐਸੋਸੀਏਸ਼ਨ, ਸੁਪਰੀਮ ਕੋਰਟ ਐਡਵੋਕੇਟਸ ਆਨ ਰਿਕਾਰਡ ਐਸੋਸੀਏਸ਼ਨ ਨੇ ਵੀ ਮੁੱਖ ਮੰਤਰੀ ਵੱਲੋਂ ਲਿਖੇ ਪੱਤਰ ਦੀ ਨਿਖੇਧੀ ਕਰਦੇ ਹੋਏ ਇਸ ਨੂੰ ਨਿਆਂਪਾਲਿਕਾ ਦੀ ਆਜ਼ਾਦੀ ਦੀ ਉਲੰਘਣਾ ਦੱਸਿਆ ਹੈ।

ਵਰਨਣਯੋਗ ਹੈ ਕਿ ਜਸਟਿਸ ਰਾਮੰਨਾ ਸੀਨੀਅਰ ਮੋਸਟ ਜੱਜ ਹਨ। ਉਹ 24 ਅਪ੍ਰੈਲ, 2021 ਤੋਂ ਸੁਪਰੀਮ ਕੋਰਟ ਦੇ ਅਗਲੇ ਮੁੱਖ ਜੱਜ ਬਣਨ ਵਾਲੇ ਹਨ ਅਤੇ ਉਨਾਂ ਨੇ 26 ਅਗਸਤ, 2022 ਤਕ ਮੁੱਖ ਜੱਜ ਦੇ ਅਹੁਦੇ 'ਤੇ ਰਹਿਣਾ ਹੈ। ਇਸ ਲਈ ਕੁਝ ਕਾਨੂੰਨੀ ਮਾਹਿਰ ਇਸ ਚਿੱਠੀ ਨੂੰ ਜਸਟਿਸ ਰਾਮੰਨਾ ਦੀ ਅਗਲੀ ਨਿਯੁਕਤੀ ਨਾਲ ਵੀ ਜੋੜ ਰਹੇ ਹਨ। ਸੁਨੀਲ ਕੁਮਾਰ ਸਿੰਘ ਨਾਮੀ ਵਕੀਲ ਨੇ ਤਾਂ ਸੁਪਰੀਮ ਕੋਰਟ ਵਿਚ ਇਕ ਜਨਹਿੱਤ ਪਟੀਸ਼ਨ ਦਾਇਰ ਕਰ ਕੇ ਇਹ ਦਲੀਲ ਰੱਖੀ ਹੈ ਕਿ ਪੱਤਰ 'ਚ ਲਿਖੀਆਂ ਗੱਲਾਂ ਨਿਆਇਕ ਪ੍ਰਣਾਲੀ ਦੇ ਵਿਰੁੱਧ ਹਨ ਅਤੇ ਇਸ 'ਤੇ ਕਾਰਵਾਈ ਕੀਤੀ ਜਾਵੇ। ਮੁੱਖ ਮੰਤਰੀ ਅਤੇ ਉਨਾਂ ਦੇ ਹੇਠਲੇ ਅਧਿਕਾਰੀਆਂ ਨੂੰ ਜੱਜਾਂ ਵਿਰੁੱਧ ਪ੍ਰੈੱਸ ਕਾਨਫਰੰਸ ਕਰਨ ਤੋਂ ਵਰਜਿਆ ਜਾਵੇ ਅਤੇ ਮੁੱਖ ਮੰਤਰੀ ਰੈੱਡੀ ਵਿਰੁੱਧ ਵੀ ਕਾਰਵਾਈ ਕੀਤੀ ਜਾਵੇ। ਇਕ ਪ੍ਰਾਂਤ ਦੇ ਮੁੱਖ ਮੰਤਰੀ ਵੱਲੋਂ ਦਸਤਾਵੇਜ਼ੀ ਸਬੂਤਾਂ ਨਾਲ ਕੋਈ ਮਾਮਲਾ ਉਠਾਇਆ ਗਿਆ ਹੈ। ਮੁੱਖ ਮੰਤਰੀ ਦਾ ਅਹੁਦਾ ਜ਼ਿੰਮੇਵਾਰੀ ਵਾਲਾ ਹੈ। ਇਹ ਮੰਨ ਲੈਣਾ ਵੀ ਔਖਾ ਹੈ ਕਿ ਮੁੱਖ ਮੰਤਰੀ ਵੱਲੋਂ ਕਿਸੇ ਠੋਸ ਸਬੂਤ ਤੋਂ ਬਿਨਾਂ ਹੀ ਇਕ ਸੀਨੀਅਰ ਜੱਜ ਵਿਰੁੱਧ ਅਜਿਹੇ ਇਲਜ਼ਾਮ ਲਗਾਏ ਗਏ ਹਨ। ਮੁੱਖ ਮੰਤਰੀ ਦਾ ਮੂੰਹ ਬੰਦ ਕਰਾਉਣ ਦੀ ਬਜਾਏ ਮਾਮਲੇ ਦੀ ਪੜਤਾਲ ਕਰਨੀ ਬਣਦੀ ਹੈ। ਹਾਂ, ਜੇ ਮਾਮਲੇ ਝੂਠੇ ਪਾਏ ਜਾਂਦੇ ਹਨ, ਇਲਜ਼ਾਮ ਬੇਬੁਨਿਆਦ ਜਾਂ ਮੰਦਭਾਵਨਾ 'ਤੇ ਆਧਾਰਿਤ ਪਾਏ ਜਾਂਦੇ ਹਨ ਤਾਂ ਫਿਰ ਉਸ ਵਿਰੁੱਧ ਵੀ ਬਣਦੀ ਕਾਰਵਾਈ ਹੋ ਸਕਦੀ ਹੈ। ਭਾਵੇਂ ਜੱਜਾਂ ਵਿਰੁੱਧ ਕਾਰਵਾਈ ਦਾ ਵੱਖਰਾ ਢੰਗ ਹੈ ਪਰ ਇਹ ਵੀ ਨਹੀਂ ਮੰਨ ਸਕਦੇ ਕਿ ਚੀਫ਼ ਜਸਟਿਸ ਕੋਲ ਕੋਈ ਅਧਿਕਾਰ ਨਹੀਂ ਜਾਂ ਉਹ ਸ਼ਕਤੀਹੀਣ ਹੈ। ਸੁਪਰੀਮ ਕੋਰਟ ਦੇ ਜੱਜਾਂ ਵੱਲੋਂ ਕੀਤੀ ਪ੍ਰੈੱਸ ਕਾਨਫਰੰਸ ਦਾ ਕਾਨੂੰਨੀ ਮਾਹਿਰਾਂ ਵੱਲੋਂ ਮਿਲਿਆ-ਜੁਲਿਆ ਪ੍ਰਤੀਕਰਮ ਹੋਇਆ ਸੀ।

ਕੁਝ ਦਾ ਮੰਨਣਾ ਸੀ ਕਿ ਪਬਲਿਕ ਨੂੰ ਇਹ ਜਾਣਨ ਦਾ ਹੱਕ ਹੈ ਕਿ ਨਿਆਂਪ੍ਰਣਾਲੀ ਵਿਚ ਕੀ ਕੁਝ ਹੋ ਰਿਹਾ ਹੈ ਅਤੇ ਕੁਝ ਦਾ ਵਿਚਾਰ ਸੀ ਕਿ ਇਸ ਪ੍ਰੈੱਸ ਕਾਨਫਰੰਸ ਦੇ ਗੰਭੀਰ ਸਿੱਟੇ ਨਿਕਲ ਸਕਦੇ ਹਨ। ਇਹ ਠੀਕ ਹੈ ਕਿ ਜਦੋਂ ਵੀ ਕੋਈ ਮਸਲਾ ਪਹਿਲੀ ਵਾਰ ਵੱਖਰੇ ਤਰੀਕੇ ਨਾਲ ਉਠਾਇਆ ਜਾਂਦਾ ਹੈ ਤਾਂ ਉਸ ਦੇ ਵੱਖੋ-ਵੱਖਰੇ ਪ੍ਰਤੀਕਰਮ ਹੋ ਸਕਦੇ ਹਨ। ਇਹ ਵੀ ਠੀਕ ਹੈ ਕਿ ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ ਜੱਜਾਂ ਦਾ ਅਹੁਦਾ ਸੰਵਿਧਾਨਕ ਹੈ ਅਤੇ ਉਨਾਂ ਵਿਰੁੱਧ ਕਿਸੇ ਕਾਰਵਾਈ ਦਾ ਵੱਖਰਾ ਢੰਗ ਹੈ ਪਰ ਜਦੋਂ ਸੁਪਰੀਮ ਕੋਰਟ ਦੇ ਸੀਨੀਅਰ ਜੱਜ ਆਪਣੇ ਗਿਲੇ-ਸ਼ਿਕਵੇ ਪ੍ਰੈੱਸ ਕਾਨਫਰੰਸ ਰਾਹੀਂ ਜ਼ਾਹਰ ਕਰ ਸਕਦੇ ਹਨ ਤਾਂ ਫਿਰ ਮੁੱਖ ਮੰਤਰੀ ਵੱਲੋਂ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਸਾਹਮਣੇ ਆਪਣੇ ਗਿਲੇ-ਸ਼ਿਕਵੇ ਰੱਖਣ ਨੂੰ ਨਿਆਂਪ੍ਰਣਾਲੀ ਵਿਚ ਦਖ਼ਲਅੰਦਾਜ਼ੀ ਕਰਾਰ ਦੇਣਾ ਜਾਇਜ਼ ਨਹੀਂ ਜਾਪਦਾ।

ਮੁੱਖ ਮੰਤਰੀ ਦਾ ਅਹੁਦਾ ਵੀ ਸੰਵਿਧਾਨਕ ਅਹੁਦਾ ਹੈ। ਉਸ ਨੇ ਵੀ ਨਿਆਂਪ੍ਰਣਾਲੀ ਦੀ ਨਿਰਪੱਖਤਾ ਬਣਾਏ ਰੱਖਣ ਦੀ ਗੱਲ ਆਖੀ ਹੈ। ਇਸ ਲਈ ਚੰਗਾ ਹੋਵੇਗਾ ਜੇ ਅਜਿਹੇ ਕਦਮ ਚੁੱਕੇ ਜਾਣ ਜਿਨਾਂ ਸਦਕਾ ਨਿਆਂਪ੍ਰਣਾਲੀ ਪ੍ਰਤੀ ਉੱਠ ਰਹੇ ਸਵਾਲਾਂ 'ਤੇ ਵਿਰਾਮ ਲੱਗ ਸਕੇ।

# ਭਾਜਪਾ ਦੀ ਰਾਜਨੀਤੀ ਫੇਲ ਹੋਣ ਬਾਅਦ ਸੰਘ ਫ਼ਿਰਕੂਵਾਦ ਵਲ

## ✪ ਆਰ ਐਸ ਐਸ ਨੇ ਮੁਸੋਲੀਨੀ ਅਤੇ ਹਿਟਲਰ ਨੂੰ ਆਪਣਾ ਮਾਡਲ ਮੰਨਿਆ ✪ ਅਯੁੱਧਿਆ ਤੋਂ ਬਾਅਦ ਸੰਘ ਦੀ ਅਗਲੀ ਰਣਨੀਤੀ ਮਥੁਰਾ ਵਿਚ ਕ੍ਰਿਸ਼ਨ ਜਨਮ-ਭੂਮੀ ਦਾ ਵਿਵਾਦ ਉਭਾਰਨ ਦੀ

**- ਬਿਨਾਏ ਬਿਸਮਾਮ**

ਭੱਖਦਾ ਮੱਸਲਾ

ਰਾਸ਼ਟਰੀ ਸੋਇਮ ਸੇਵਕ ਸੰਘ ਵੱਲੋਂ ਚਲਾਈ ਜਾ ਰਹੀ ਭਾਜਪਾ ਸਰਕਾਰ ਵਾਰ-ਵਾਰ ਅਸਫਲ ਸਰਕਾਰ ਸਾਬਤ ਹੋਈ ਹੈ। ਹਰ ਵਰਗ ਦੇ ਲੋਕਾਂ ਨੂੰ ਆਪਣੇ-ਆਪਣੇ ਵਾਅਦੇ ਪੂਰੇ ਨਾ ਕਰਕੇ ਇਸ ਨੇ ਧੋਖਾ ਦਿੱਤਾ ਹੈ। ਸਮਾਜ ਦਾ ਹਰ ਵਰਗ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕਰਨ ਲਈ ਸੰਘਰਸ਼ ਦੇ ਮੈਦਾਨ ਵਿਚ ਆਉਣ ਲਈ ਮਜਬੂਰ ਹੈ। ਕਿਸਾਨਾਂ, ਕਿਰਤੀਆਂ, ਵਿਦਿਆਰਥੀਆਂ, ਔਰਤਾਂ ਅਤੇ ਦਲਿਤਾਂ, ਸਾਰਿਆਂ ਨੇ ਆਪਣੇ ਅਨੁਭਵ ਤੋਂ ਇਹੀ ਸਿੱਖਿਆ ਹੈ ਕਿ ਜੀਵਤ ਰਹਿਣ ਦਾ ਇਕਲੌਤਾ ਤਰੀਕਾ ਇੱਕਜੁੱਟ ਹੋ ਕੇ ਸਰਕਾਰ ਵੱਲੋਂ ਕੀਤੇ ਜਾ ਰਹੇ ਅੱਤਿਆਚਾਰਾਂ ਵਿਰੁੱਧ ਲੜਨਾ ਹੀ ਹੈ। ਲੋਕਾਂ ਦੇ ਗ਼ੁੱਸੇ ਨੂੰ ਭਾਂਪਦਿਆਂ ਰਾਸ਼ਟਰੀ ਸੋਇਮ ਸੇਵਕ ਸੰਘ ਦੇ ਵਿਚਾਰਕਾਂ ਨੇ ਲੋਕਾਂ ਦੇ ਗ਼ੁੱਸੇ ਨੂੰ ਗ਼ੈਰ-ਪ੍ਰਭਾਵੀ ਬਣਾ ਕੇ ਆਪਣੀ ਬੇੜੀ ਬੰਨੇ ਲਾਉਣ ਦੀ ਨੀਤੀ ਤਿਆਰ ਕੀਤੀ ਹੈ। ਇਹ ਫਾਸ਼ੀਵਾਦੀ ਵਿਚਾਰਧਾਰਾ ਲਈ ਵਚਨਬੱਧ ਅਤਿ ਕੱਟੜਪੰਥੀ ਤਾਕਤਾਂ ਦਾ ਸਿਧਾਂਤ ਅਤੇ ਵਿਵਹਾਰ ਰਿਹਾ ਹੈ, ਭਾਵ ਲੋਕਾਂ ਵਿਚ ਵਿਸ਼ਵਾਸ ਅਤੇ ਮਿੱਥਾਂ ਦੀ ਵਰਤੋਂ ਕਰਦਿਆਂ ਵੰਡੀਆਂ ਪਾਉਣਾ। ਵਿਸ਼ਵ ਪੱਧਰ ’ਤੇ ਉਨਾਂ ਨੇ ਇਸ ਨੂੰ ਮੁਸੋਲੀਨੀ ਅਤੇ ਹਿਟਲਰ ਤੋਂ ਸਿੱਖਿਆ ਹੈ। ਭਾਰਤ ਵਿਚ ਉਹ ਬਰਤਾਨਵੀ ਸਾਮਰਾਜਵਾਦ ਤੋਂ ਇਲਾਵਾ ਕਿਸੇ ਹੋਰ ਦੇ ਰਿਣੀ ਨਹੀਂ ਹਨ, ਜੋ ‘ਫੁੱਟ ਪਾਓ ਅਤੇ ਰਾਜ ਕਰੋ‘ ਦੇ ਚੈਂਪੀਅਨ ਸਨ। ਸੰਘ ਪਰਿਵਾਰ ਨੇ ਆਪਣੇ ਸਿਆਸੀ ਹਿਤਾਂ ਨੂੰ ਪੂਰਾ ਕਰਨ ਲਈ ਦਹਾਕਿਆਂ ਤੱਕ ਰਾਮ ਜਨਮ-ਭੂਮੀ ਦੇ ਮੁੱਦੇ ਨੂੰ ਪ੍ਰਭਾਵੀ ਢੰਗ ਨਾਲ ਉਠਾਇਆ। ਜਿਸ ਕਾਰਨ ਆਖ਼ਰ 6 ਦਸੰਬਰ, 1992 ਨੂੰ ਬਾਬਰੀ ਮਸਜਿਦ ਢਾਹ ਦਿੱਤੀ ਗਈ ਸੀ।

ਵਰਤਮਾਨ ਸਥਿਤੀ ਵਿਚ ਸੰਕਟ ਡੂੰਘਾ ਹੋ ਰਿਹਾ ਹੈ ਅਤੇ ਲੋਕ ਸੰਘਰਸ਼ ਲਈ ਮੈਦਾਨ ਵਿਚ ਆ ਗਏ ਹਨ, ਇਸ ਲਈ ਉਹ ਹੋਰ ਨਵੇਂ ਮੁੱਦਿਆਂ ਦੀ ਤਲਾਸ਼ ਵਿਚ ਹਨ, ਜਿਸ ਰਾਹੀਂ ਲੋਕਾਂ ਦਾ ਧਿਆਨ ਭਟਕਾਇਆ ਜਾ ਸਕੇ। ਇਸ ਤਰਾਂ ਉੱਤਰ ਪ੍ਰਦੇਸ਼ ਦੇ ਮਥੁਰਾ ਵਿਚ ਕ੍ਰਿਸ਼ਨ ਜਨਮ-ਭੂਮੀ ਵਿਵਾਦ ਨੂੰ ਇਕ ਵਾਰ ਫਿਰ ਉਭਾਰਿਆ ਜਾ ਰਿਹਾ ਹੈ। ਸਤੰਬਰ 2020 ਵਿਚ ਮਥੁਰਾ ਦੀ ਇਕ ਅਦਾਲਤ ਵਿਚ 13.37 ਏਕੜ ਜ਼ਮੀਨ ਦੇ ਮਾਲਕਾਨਾ ਹੱਕ ਲਈ ਇਕ ਸਿਵਲ ਮੁਕੱਦਮਾ ਦਾਇਰ ਕੀਤਾ ਗਿਆ ਸੀ ਜਿੱਥੇ ਅੱਜਕੱਲ ਸ਼ਾਹੀ ਈਦਗਾਹ ਮਸਜਿਦ ਮੌਜੂਦ ਹੈ। 1989 ਵਿਚ ਅਯੁੱਧਿਆ ਵਿਚ ਵਿਵਾਦਿਤ ਜ਼ਮੀਨ ਦੀ ਮਾਲਕੀ ਲਈ ਰਾਮ ਲੱਲਾ ਬਿਰਾਜਮਾਨ ਵੱਲੋਂ ਦਾਇਰ ਸਿਵਲ ਕੇਸ ਦੇ ਨਕਸ਼ੇ ਕਦਮਾਂ ’ਤੇ ਚਲਦਿਆਂ ਮਥੁਰਾ ਵਿਚ ਸ੍ਰੀ ਕਿਸ਼ਨ ਬਿਰਾਜਮਾਨ ਵੱਲੋਂ ਮੁਕੱਦਮਾ ਦਾਇਰ ਕੀਤਾ ਗਿਆ ਹੈ।

ਇਹ ਭਗਵਾਨ ਸ੍ਰੀ ਕ੍ਰਿਸ਼ਨ ਬਿਰਾਜਮਾਨ ਕਟਰਾ ਕੇਸ਼ਵਦੇਵ ਕੇਵਟ, ਮੌਰਿਆ, ਮਥੁਰਾ ਬਾਜ਼ਾਰ ਸਿਟੀ ਸਿਵਲ ਕੇਸ ਦੇ ਪ੍ਰੇਮੀ ਹਨ। ਉਨਾਂ ਨਾਲ ਛੇ ਹੋਰ ਲੋਕ ਵੀ ਹਨ। ਮੁੱਢਲੇ ਤੌਰ ’ਤੇ ਇਸ ਨੂੰ ਅਣਡਿੱਠ ਕੀਤਾ ਜਾ ਸਕਦਾ ਹੈ ਕਿਉਂਕਿ ਇਹ ਇਕ ਹੋਰ ਸਿਵਲ ਕੇਸ ਹੈ ਜੋ ਇਕ ਨਿਸ਼ਚਿਤ ਸਥਾਨ ’ਤੇ ਕੁਝ ਜਾਇਦਾਦ ਦੀ ਮਾਲਕੀ ਦਾ ਦਾਅਵਾ ਕਰਦਾ ਹੈ। ਪਰ ਭਾਰਤ ਦੀ ਧਰਮ-ਨਿਰਪੱਖ ਆਤਮਾ ਦੀ ਆਵਾਜ਼ ਦੇ ਪੱਖ ਤੋਂ ਇਸ ਤਰਾਂ ਅਣਡਿੱਠ ਨਹੀਂ ਕੀਤਾ ਜਾ ਸਕਦਾ ਹੈ। 2019 ਵਿਚ ਅਯੁੱਧਿਆ ਜਨਮ-ਭੂਮੀ ਦੇ ਫ਼ੈਸਲੇ ਨੇ ਯਕੀਨੀ ਰੂਪ ਨਾਲ ਉਨਾਂ ਤਾਕਤਾਂ ਨੂੰ ਪ੍ਰੇਰਿਤ ਕੀਤਾ ਹੈ ਜੋ ਇਸ ਨਾਗਰਿਕ ਮੁਕੱਦਮੇਬਾਜ਼ੀ ਦੇ ਪਿੱਛੇ ਹਨ। ਇਹ ਅਜਿਹੀਆਂ ਚਾਲਾਂ ਦੀ ਸ਼ੁਰੂਆਤ ਹੋ ਸਕਦੀ ਹੈ ਜੋ ਵੱਖ-ਵੱਖ ਸਥਾਨਾਂ ’ਤੇ ਆਉਣ ਵਾਲੇ ਸਮੇਂ ਵਿਚ ਚੱਲੀਆਂ ਜਾ ਸਕਦੀਆਂ ਹਨ। ਦੇਸ਼ ਵਿਚ ਧਰਮ-ਨਿਰਪੱਖ ਤਾਕਤਾਂ ਨੂੰ ਇਸ ਤਰਾਂ ਦੀਆਂ ਕਾਨੂੰਨੀ ਕਾਰਵਾਈਆਂ ਦੀ ਸ਼ੱਕੀ ਪ੍ਰਵਿਰਤੀ ਬਾਰੇ ਚੌਕਸ ਰਹਿਣਾ ਚਾਹੀਦਾ ਹੈ, ਜਿੱਥੇ ਧਰਮ ਅਤੇ ਵਿਸ਼ਵਾਸ ਨੂੰ ਰਾਜਨੀਤਕ ਉਦੇਸ਼ਾਂ ਲਈ ਵਰਤਣ ਦੇ ਕੁਝ ਤਾਕਤਾਂ ਵੱਲੋਂ ਯਤਨ ਕੀਤੇ ਜਾ ਰਹੇ ਹਨ।

ਜਿੱਥੋਂ ਤੱਕ ਸੰਘ ਪਰਿਵਾਰ ਦੀ ਗੱਲ ਹੈ ਤਾਂ ਉਨਾਂ ਦਾ ਏਜੰਡਾ ਕੋਈ ਲੁਕਿਆ ਛਿਪਿਆ ਨਹੀਂ ਹੈ। ਉਨਾਂ ਨੇ ਅਯੁੱਧਿਆ ਵਿਚ ਪੂਜਾ ਦੇ ਵੱਖ-ਵੱਖ ਸਥਾਨਾਂ ਦੀ ਮਾਲਕੀ ਦਾ ਦਾਅਵਾ ਕਰਨ ਦੇ ਆਪਣੇ ਇਰਾਦੇ ਦਾ ਐਲਾਨ ਕੀਤਾ ਸੀ। ਬਾਬਰੀ ਮਸਜਿਦ ਨੂੰ ਢਾਹੁਣ ਤੋਂ ਬਾਅਦ ਉਸ ਦਿਨ ਉਨਾਂ ਨੇ ਅਜਿਹੀ ਨਾਅਰੇਬਾਜ਼ੀ ਕੀਤੀ ਸੀ, ਜੋ ਕਿ ਲੋਕਤੰਤਰੀ ਰਾਜ ਲਈ ਸ਼ਰਮ ਦੀ ਗੱਲ ਸੀ। ਜਦੋਂ ਬਾਬਰੀ ਮਸਜਿਦ ਡਿਗ ਰਹੀ ਸੀ ਤਾਂ ਨਾਅਰੇ ਗੂੰਜ ਰਹੇ ਸਨ, ‘ਹਮ ਐਸੇ ਬਣਾਏਂਗਾ ਹਿੰਦੂ ਰਾਸ਼ਟਰ‘। ਇਸ ਦੇ ਨਾਲ ਹੀ ਉਹ ‘ਯਹ ਤੋ ਪਹਿਲੀ ਝਾਂਕੀ ਹੈ, ਕਾਸ਼ੀ, ਮਥੁਰਾ ਬਾਕੀ ਹੈ‘ ਦਾ ਰੌਲਾ ਵੀ ਪਾ ਰਹੇ ਸਨ। ਅਯੁੱਧਿਆ ਮੁਹਿੰਮ ਦੀ ਪੂਰੀ ਕਾਰਵਾਈ ਦੌਰਾਨ ਰਾਸ਼ਟਰੀ ਸੋਇਮ ਸੇਵਕ ਸੰਘ ਅਤੇ ਉਸ ਦੇ ਚੇਲੇ ਚਪਟੇ ਉਨਾਂ ਮਸਜਿਦਾਂ ਦੀ ਸੂਚੀ ਨੂੰ ਲੋਕਾਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕਰ ਰਹੇ ਸਨ, ਜੋ ਉਨਾਂ ਅਨੁਸਾਰ ਸਦੀਆਂ ਪਹਿਲਾਂ ਮੰਦਰ ਢਾਹ ਕੇ ਬਣਾਈਆਂ ਗਈਆਂ ਸਨ। ਇਹ ਇਕ ਯੋਜਨਾਬੱਧ ਤਰੀਕੇ ਨਾਲ ਬਣਾਈ ਰਣਨੀਤੀ ਸੀ, ਜਿਸ ਨੂੰ ਰਾਸ਼ਟਰੀ ਸੋਇਮ ਸੇਵਕ ਸੰਘ ਦੇ ਦਿਮਾਗ ਨੇ ਧਾਰਮਿਕ ਕਲੇਸ਼, ਅਸਮਾਨਤਾ ਅਤੇ ਭੜਕਾਊ ਬੀਜ, ਬੀਜਕੇ ਪੈਦਾ ਕੀਤਾ ਸੀ। ਉਨਾਂ ਦਾ ਉਦੇਸ਼ ਸਪਸ਼ਟ ਅਤੇ ਯਕੀਨੀ ਹੈ। ਜਨਤਾ ਨੂੰ ਉਨਾਂ ਕਾਰਨਾਂ ਅਤੇ ਮਸਲਿਆਂ ’ਤੇ ਗ਼ੌਰ ਕਰਨ ਦਾ ਮੌਕਾ ਨਾ ਦਿੱਤਾ ਜਾਏ ਜੋ ਉਨਾਂ ਦੀਆਂ ਔਖਿਆਈਆਂ ਦਾ ਕਾਰਨ ਹਨ। ਧਾਰਮਿਕ ਅੱਤਵਾਦ ਉਨਾਂ ਦੇ ਪ੍ਰੀਖਣ ਦੀ ਰਣਨੀਤੀ ਹੈ, ਜਿਸ ਰਾਹੀਂ ਉਨਾਂ ਨੇ ਰਾਜਨੀਤਕ ਸ਼ਕਤੀ ਪ੍ਰਾਪਤ ਕੀਤੀ। ਇਸ ਤੋਂ ਇਲਾਵਾ 2019 ਅਯੁੱਧਿਆ ਦੇ ਫ਼ੈਸਲੇ ਨੇ ਮੁਕੱਦਮੇਬਾਜ਼ੀ ਦੀ ਇਕ ਤਰਾਂ ਦੀ ਰਣਨੀਤੀ ਅਤੇ ਇੱਕੋ ਸਮੇਂ ਦਬਾਵਾਂ ਨੂੰ ਅੱਗੇ ਵਧਾਉਣ ਲਈ ਉਨਾਂ ਨੂੰ ਇਕ ਨਵਾਂ ਉਤਸ਼ਾਹ ਦਿੱਤਾ। ਮਥੁਰਾ ਵਿਚ ਉਨਾਂ ਨੇ ਸ਼ਾਹੀ ਈਦਗਾਹ ਮਸਜਿਦ ਨੂੰ ਹਟਾਉਣ ਦੀ ਮੰਗ ਕੀਤੀ ਹੈ ਜੋ ਕ੍ਰਿਸ਼ਨ ਮੰਦਰ ਕੋਲ ਹੈ। ਸਿਵਲ ਕੇਸ ਵੰਡ ਪਾਊ ਰਣਨੀਤੀ ਕਰਨ ਲਈ ਰਾਸ਼ਟਰੀ ਸੋਇਮ ਸੇਵਕ ਸੰਘ ਦੇ ਤਰੀਕੇ ਦੀ ਹਮਾਇਤ ਕਰਦਾ ਹੈ।

ਹੁਣ ਉਨਾਂ ਦੇ ਫ਼ਿਰਕੂ ਅਨਸਰ ਇਹ ਕਹਿਣਾ ਸ਼ੁਰੂ ਕਰ ਦੇਣਗੇ ਕਿ ਕਾਨੂੰਨ ਦਾ ਵਿਸ਼ਵਾਸ ਦੇ ਮਾਮਲਿਆਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਉਹ 1968 ਦੇ ਸਮਝੌਤੇ ਪ੍ਰਤੀ ਆਪਣੀਆਂ ਅੱਖਾਂ ਬੰਦ ਕਰ ਲੈਣਗੇ ਅਤੇ ਆਪਣੇ ਆਪਣੇ ਕਾਰਨ ਦਿੰਦੇ ਰਹਿਣਗੇ। ਉਹ ਪਹਿਲਾਂ ਤੋਂ ਹੀ ਪੂਜਾ ਸਥਾਨਾਂ (ਵਿਸ਼ੇਸ਼ ਪ੍ਰਾਵਧਾਨਾਂ) ਐਕਟ, 1991 ’ਤੇ ਸਵਾਲ ਚੁੱਕਣ ਦੀ ਹੱਦ ਤੱਕ ਜਾ ਰਹੇ ਹਨ। ਐਕਟ ਇਹ ਸਪਸ਼ਟ ਕਿਹਾ ਗਿਆ ਹੈ ਕਿ ਕਿਸੇ ਵੀ ਪੂਜਾ ਸਥਾਨ ਦੇ ਉਸ ਧਾਰਮਿਕ ਕਿਰਦਾਰ ਨੂੰ ਬਣਾਈ ਰੱਖਿਆ ਜਾਣਾ ਚਾਹੀਦਾ ਹੈ, ਜੋ 15 ਅਗਸਤ, 1947 ਨੂੰ ਸੀ। ਉਸ ਸਮੇਂ ਇਲਾਹਾਬਾਦ ਉੱਚ ਅਦਾਲਤ ਵਿਚ ਅਯੁੱਧਿਆ ਸਬੰਧੀ ਕੇਸ ਚਲਦਾ ਹੋਣ ਕਾਰਨ ਰਾਮ ਮੰਦਰ ਦੇ ਵਿਵਾਦ ਨੂੰ ਐਕਟ ਤੋਂ ਬਾਹਰ ਰੱਖਿਆ ਗਿਆ ਸੀ। ਉੱਤਰ ਪ੍ਰਦੇਸ਼ ਅਤੇ ਕੇਂਦਰ ਵਿਚ ਸਰਕਾਰਾਂ ਨੂੰ ਇਹ ਸਮਝਣ ਲਈ ਜ਼ਿੰਮੇਵਾਰ ਸਰਕਾਰਾਂ ਵਜੋਂ ਵਿਹਾਰ ਕਰਨਾ ਚਾਹੀਦਾ ਹੈ ਕਿ ਉਨਾਂ ਦਾ ਪਹਿਲਾ ਅਤੇ ਸਭ ਤੋਂ ਮਹੱਤਵਪੂਰਨ ਕਰਤੱਵ ਸੰਵਿਧਾਨਕ ਫ਼ਰਜ਼ਾਂ ਨੂੰ ਨਿਭਾਉਣਾ ਹੈ।

---

# ਭਾਰਤ ਨੂੰ ਖੋਖਲਾ ਕਰ ਰਿਹਾ ਏ ‘ਭ੍ਰਿਸ਼ਟਾਚਾਰ ਅਤੇ ਰਿਸ਼ਵਤਖ਼ੋਰੀ ਦਾ ਘੁਣ’

## ✪ ਭਾਰਤ ’ਚ ਭ੍ਰਿਸ਼ਟਾਚਾਰ ਇਕ ਸੁਨਾਮੀ ਬਣਿਆ, ਨਿਆਂ ਮਾਹਿਰ ਨਰੀਮਨ ✪ ਜ਼ਿੰਮੇਵਾਰ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਭ੍ਰਿਸ਼ਟਾਚਾਰ ਵਿਚ ਸ਼ਾਮਿਲ

ਵਿਸ਼ੇਸ਼ ਕਰਾਈਮ ਰਿਪੋਟ

**ਨਵੀਂ ਦਿਲੀ/ਏ.ਟੀ.ਨਿਊਜ਼:** ਭਾਰਤ ’ਚ ਦਹਾਕਿਆਂ ਤੋਂ ਵਧ ਰਹੀ ਭ੍ਰਿਸ਼ਟਾਚਾਰ ਰੂਪੀ ਜ਼ਹਿਰੀਲੀ ਵੇਲ ਪਹਿਲਾਂ ਵਾਂਗ ਫਲ-ਫੁੱਲ ਰਹੀ ਹੈ ਅਤੇ ਤ੍ਰਾਸਦੀ ਇਹ ਹੈ ਕਿ ਜ਼ਿੰਮੇਵਾਰ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਵੀ ਇਸ ’ਚ ਸ਼ਾਮਲ ਹੋ ਗਏ ਹਨ। ਦੋ ਹਫ਼ਤਿਆਂ ਦੀਆਂ ਬੀਤੀਆਂ ਖ਼ਬਰਾਂ ਤੋਂ ਤੁਸੀਂ ਇਸ ਭਿਅੰਕਰ ਸਥਿਤੀ ਦਾ ਅੰਦਾਜ਼ਾ ਲਗਾ ਸਕਦੇ ਹੋ। 27 ਅਕਤੂਬਰ ਨੂੰ ‘ਨਸ਼ਾ ਰੋਕੂ ਕਾਨੂੰਨ‘ ਦੇ ਅਧੀਨ ਗ੍ਰਿਫ਼ਤਾਰ ਮੁਲਜ਼ਮ ਨੂੰ ਜ਼ਮਾਨਤ ਦਿਵਾਉਣ ਦੇ ਬਦਲੇ ’ਚ ਰਿਸ਼ਵਤ ਲੈਣ ਦੇ ਦੋਸ਼ ’ਚ ‘ਖਾਲੜਾ‘ ਥਾਣਾ ਦੇ ਏ. ਐੱਸ. ਆਈ. ਸਤਨਾਮ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਸਸਪੈਂਡ ਕੀਤਾ ਗਿਆ।

✪ 28 ਅਕਤੂਬਰ ਨੂੰ ਫ਼ਰੀਦਕੋਟ ਸੈਂਟਰਲ ਜੇਲ ’ਚ ਬੰਦ ਇਕ ਵਿਚਾਰ ਅਧੀਨ ਹੱਤਿਆ ਦੇ ਮੁਲਜ਼ਮ ਨੂੰ ਕੇਸ ਦਰਜ ਕਰਨ ਦਾ ਡਰ ਦਿਖਾ ਕੇ ਉਸ ਤੋਂ 15,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ’ਚ ਜੇਲ ਦਾ ਸਹਾਇਕ ਸੁਪਰਿੰਟੈਂਡੈਂਟ ਹਰਬੰਸ ਸਿੰਘ ਗ੍ਰਿਫ਼ਤਾਰ ।

✪ 4 ਨਵੰਬਰ ਨੂੰ ਪਲਵਲ ’ਚ ਗਊ ਨੂੰ ਮਾਰਨ ਦੇ ਮੁਲਜ਼ਮਾਂ ਕੋਲੋਂ 80,000 ਰੁਪਏ ਰਿਸ਼ਵਤ ਲੈਂਦੇ ਹੋਏ ਇਕ ਏ. ਐੱਸ. ਆਈ. ਇਕਬਾਲ ਅਤੇ ਹਵਲਦਾਰ ਧਰਮਿੰਦਰ ਨੂੰ ਦਬੋਚਿਆ ।

✪ 4 ਨਵੰਬਰ ਨੂੰ ਹੀ ਭ੍ਰਿਸ਼ਟਾਚਾਰ ਰੋਕੂ ਬਿਊਰੋ ਨੇ ਰਾਜਸਥਾਨ ਦੇ ‘ਬਾਰਾਂ’ ਜ਼ਿਲੇ ਦੇ ਨਾਇਬ ਤਹਿਸੀਲਦਾਰ ਹਰੀ ਪ੍ਰਕਾਸ਼ ਗੁਪਤਾ ਅਤੇ ‘ਜਾਲੌਰ‘ ਜ਼ਿਲੇ ਦੇ ਜੂਨੀਅਰ ਸਹਾਇਕ ਬਾਬੂ ਲਾਲ ਨੂੰ ਕ੍ਰਮਵਾਰ 25,000 ਰੁਪਏ ਅਤੇ 7700 ਰੁਪਏ ਰਿਸ਼ਵਤ ਲੈਂਦੇ ਹੋਏ ਫੜਿਆ।

✪ 5 ਨਵੰਬਰ ਨੂੰ ਰਾਜਸਥਾਨ ਦੇ ’ਚੁਰੂ’ ’ਚ ‘ਪਰਿਵਾਰਕ ਅਦਾਲਤ’ ਦੇ ਦਰਜਾ ਚਾਰ ‘ਕਰਮਚਾਰੀ ਭਗਵਤੀ ਪ੍ਰਸਾਦ’ ਨੂੰ ਸ਼ਿਕਾਇਤ ਕਰਤਾ ਦੇ ਪਤੀ ਵਿਰੁੱਧ ਵਸੂਲੀ ਵਾਰੰਟ ਜਾਰੀ ਕਰਵਾਉਣ ਦੇ ਇਵਜ਼ ’ਚ 40,000 ਰੁਪਏ ਰਿਸ਼ਵਤ ਲੈਂਦੇ ਹੋਏ ਕਾਬੂ ਕੀਤਾ।

✪ 5 ਨਵੰਬਰ ਨੂੰ ਹੀ ਜੈਪੁਰ ’ਚ ਇਕ ਵਿਅਕਤੀ ਨੂੰ ਜਾਰੀ ‘ਗੁਡਸ ਐਂਡ ਸਰਵਿਸਿਜ਼ ਟੈਕਸ‘ (ਜੀ. ਐੱਸ. ਟੀ.) ਦਾ ਨੋਟਿਸ ਦਬਾਉਣ ਦੇ ਲਈ 40,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ’ਚ ਵਿਭਾਗ ਦੇ ਸੁਪਰਡੈਂਟ ਅਤੇ ਇੰਸਪੈਕਟਰ ਨੂੰ ਫੜਿਆ ਗਿਆ।

✪ 5 ਨਵੰਬਰ ਨੂੰ ਹੀ ਬੀਕਾਨੇਰ ’ਚ ਪੈਟਰੋਲ ਪੰਪ ਚਲਾਉਣ ਲਈ ‘ਕੋਈ ਇਤਰਾਜ਼ ਨਹੀਂ ਸਰਟੀਫਿਕੇਟ‘ (ਐੱਨ. ਓ. ਸੀ.) ਜਾਰੀ ਕਰਨ ਦੇ ਬਦਲੇ ’ਚ 50,000 ਰੁਪਏ ਰਿਸ਼ਵਤ ਲੈਂਦੇ ਹੋਏ ਐਗਜ਼ੀਕਿਊਟਿਵ ਇੰਜੀਨੀਅਰ ‘ਦਾਨ ਸਿੰਘ ਤੇ ਤਕਨੀਕੀ ਸਹਾਇਕ ਸੀਤਾ ਰਾਮ‘ ਗ੍ਰਿਫ਼ਤਾਰ ।

ਅਗਲੇ ਦਿਨ 6 ਨਵੰਬਰ ਨੂੰ ਅਧਿਕਾਰੀਆਂ ਨੇ ਸੀਤਾ ਰਾਮ ਦੇ ਜੈਪੁਰ ਸਥਿਤ ਮਕਾਨ ਦੀ ਤਲਾਸ਼ੀ ਲੈ ਕੇ ਇਕ ਅਲਮਾਰੀ ’ਚ ਗੁਪਤ ਤੌਰ ’ਤੇ ਬਣਾਏ ਗਏ ਲਾਕਰ ’ਚ ਲੁਕਾ ਕੇ ਰੱਖੇ ਹੋਏ 48 ਲੱਖ ਰੁਪਏ ਜ਼ਬਤ ਕੀਤੇ।

✪ 6 ਨਵੰਬਰ ਨੂੰ ਰਾਜਸਥਾਨ ’ਚ ਕਰੌਲੀ ਥਾਣੇ ਦੇ ਅਧੀਨ ਚੰਦੇਲੀਪੁਰਾ ਦੇ ਚੌਕੀ ਇੰਚਾਰਜ ਸ਼੍ਰੀ ਕ੍ਰਿਸ਼ਨ ਨੂੰ ਇਕ ਭਾਈਚਾਰੇ ਵਿਸ਼ੇਸ਼ ਦੇ ਵਿਰੁੱਧ ਕਾਰਵਾਈ ਕਰਨ ਦੇ ਬਦਲੇ 15,000 ਰੁਪਏ ਦੀ ਰਿਸ਼ਵਤ ਲੈਂਦੇ ਕਾਬੂ ਕੀਤਾ ਗਿਆ।

✪ 6 ਨਵੰਬਰ ਨੂੰ ਹੀ ਐਨਫੋਰਸਮੈਂਟ ਡਾਇਰੈਕਟੋਰੇਟ ਨੇ ਅਨੇਕ ਪਲਾਟ, ਫਲੈਟ, ਚਾਰ ਪਹੀਆ ਵਾਹਨ ਤੇ ਬੈਂਕਾਂ ’ਚ ਜਮਾ ਰਕਮ ਸਮੇਤ ‘ਪਟਨਾ ਮੈਡੀਕਲ ਕਾਲਜ‘ ਦੇ ਸਾਬਕਾ ਸੁਪਰਡੈਂਟ ਓ. ਪੀ. ਚੌਧਰੀ ਦੀ ਤਿੰਨ ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਜ਼ਬਤ ਕੀਤੀ।

✪ 6 ਨਵੰਬਰ ਨੂੰ ਹੀ ਚੰਡੀਗੜ ’ਚ ਪੰਜਾਬ ਵਿਜੀਲੈਂਸ ਬਿਊਰੋ ਨੇ ਦੋ ਸਿਪਾਹੀਆਂ ਸਰਬਜੀਤ ਸਿੰਘ ਤੇ ਇਕਬਾਲ ਸਿੰਘ ਅਤੇ 2 ਹੋਰ ਵਿਅਕਤੀਆਂ ਜਸਪ੍ਰੀਤ ਸਿੰਘ ਤੇ ਸਿਮਰਜੀਤ ਸਿੰਘ ਨੂੰ ਇਕ ਬੱਸ ਆਪ੍ਰੇਟਰ ਦੇ ਵਿਰੁੱਧ ਕੇਸ ਦਰਜ ਕਰਨ ਦੀ ਧਮਕੀ ਦੇ ਕੇ ਉਸ ਕੋਲੋਂ 15,000 ਰੁਪਏ ਰਿਸ਼ਵਤ ਲੈਂਦੇ ਹੋਏ ਗ੍ਰਿਫ਼ਤਾਰ ਕੀਤਾ।

✪ 6 ਨਵੰਬਰ ਨੂੰ ਹੀ ਵਿਜੀਲੈਂਸ ਵਿਭਾਗ ਨੇ ‘ਐਂਟੀ ਪਾਵਰ ਥੈਪਟ ਥਾਣਾ‘ ਬਠਿੰਡਾ ’ਚ ਤਾਇਨਾਤ ਹਵਲਦਾਰ ਵਜ਼ੀਰ ਸਿੰਘ ਨੂੰ 13,000 ਰੁਪਏ ਰਿਸ਼ਵਤ ਲੈਂਦੇ ਹੋਏ ਫੜਿਆ।

✪ 6 ਨਵੰਬਰ ਨੂੰ ਹੀ ਪਟਨਾ ’ਚ ਗੁਰੂ ਗੋਬਿੰਦ ਸਿੰਘ ਹਸਪਤਾਲ ’ਚ ਕਲਰਕ ‘ਅੰਜਲੀ ਕੁਮਾਰ ਵਰਮਾ‘ ਨੂੰ ਸ਼ਿਕਾਇਤਕਰਤਾ ਕੋਲੋਂ 50,000 ਰੁਪਏ ਰਿਸ਼ਵਤ ਲੈਂਦੇ ਹੋਏ ਫੜਿਆ।

✪ 6 ਨਵੰਬਰ ਨੂੰ ਹੀ ਚੰਡੀਗੜ ਸਥਿਤ ਸੈਂਟਰਲ ‘ਗੁਡਸ ਐਂਡ ਸਰਵਿਸਿਜ਼ ਟੈਕਸ‘ ਵਿਭਾਗ ਦੇ ਸੁਪਰਡੈਂਟ ਨੂੰ ਸ਼ਿਕਾਇਤ ਕਰਤਾ ਕੋਲੋਂ 20,000 ਰੁਪਏ ਰਿਸ਼ਵਤ ਲੈਂਦੇ ਹੋਏ ਗ੍ਰਿਫ਼ਤਾਰ ਕੀਤਾ।

✪ 7 ਨਵੰਬਰ ਨੂੰ ਹਿਮਾਚਲ ਦੇ ਹਮੀਰਪੁਰ ’ਚ ਇਕ ਰੇਂਜ ਅਫ਼ਸਰ ਨੂੰ ਗੁਪਤ ਸੂਚਨਾ ਦੇ ਆਧਾਰ ’ਤੇ 1 ਹਜ਼ਾਰ ਰੁਪਏ ਰਿਸ਼ਵਤ ਲੈਂਦੇ ਹੋਏ ਫੜਿਆ।

ਇਨਾਂ ਦੇ ਇਲਾਵਾ ਵੀ ਪਤਾ ਨਹੀਂ ਕਿੰਨੀਆਂ ਅਜਿਹੀਆਂ ਘਟਨਾਵਾਂ ਹੋਈਆਂ ਹੋਣਗੀਆਂ। ਅਜਿਹੀਆਂ ਹੀ ਘਟਨਾਵਾਂ ਨੂੰ ਦੇਖਦੇ ਹੋਏ ਜੁਲਾਈ-2011 ’ਚ ਕੇਂਦਰੀ ਵਿੱਤ ਮੰਤਰਾਲਾ ’ਚ ‘ਸਾਬਕਾ ਮੁੱਖ ਵਿੱਤੀ ਸਲਾਹਕਾਰ ਕੌਸ਼ਿਕ ਬਸੂ ਨੇ ਕਿਹਾ ਸੀ‘ ਕਿ “ਰਿਸ਼ਵਤ ਦੇਣਾ ਕਿਉਂ ਨਾ ਜਾਇਜ਼ ਐਲਾਨ ਕਰ ਦਿੱਤਾ ਜਾਵੇ ਕਿਉਂਕਿ ਇਹ ਬੁਰਾਈ ਕਿਸੇ ਵੀ ਤਰਾਂ ਰੁਕਣ ਵਾਲੀ ਨਹੀਂ ਹੈ।“

ਇਸੇ ਤਰਾਂ ਮਾਰਚ, 2019 ’ਚ ਭਾਰਤ ਦੇ ਪ੍ਰਮੁੱਖ ਨਿਆਂ ਮਾਹਿਰ ਸ਼੍ਰੀ ਫਲੀ ਐੱਸ. ਨਰੀਮਨ ਨੇ ਇਕ ਭ੍ਰਿਸ਼ਟਾਚਾਰ ਵਿਰੋਧੀ ਗੋਸ਼ਟੀ ’ਚ ਕਿਹਾ ਸੀ ਕਿ :

‘ਭਾਰਤ ’ਚ ਭ੍ਰਿਸ਼ਟਾਚਾਰ ਦੇ ਵਿਰੁੱਧ ਮੁਹਿੰਮ ਸਫਲ ਨਹੀਂ ਹੋਈ ਹੈ ਅਤੇ ਇਹ ਇਕ ਸੁਨਾਮੀ ਬਣ ਗਿਆ ਹੈ... ਸ਼ਾਇਦ ਅਸੀਂ (ਆਪਣੇ ਜਿਊਂਦੇ ਜੀਅ) ਭ੍ਰਿਸ਼ਟਾਚਾਰ ਦਾ ਅੰਤ ਨਹੀਂ ਦੇਖਾਂਗੇ।‘

ਭਾਰਤ ’ਚ ਹਜ਼ਾਰਾਂ ਅਧਿਕਾਰੀ ਅਤੇ ਕਰਮਚਾਰੀ ਰਿਸ਼ਵਤ ਲੈਂਦੇ ਹੋਏ ਫੜੇ ਜਾਣ ਦੇ ਬਾਵਜੂਦ ਅੱਜ ਵੀ ਸਰਕਾਰੀ ਨੌਕਰੀ ’ਚ ਲੱਗੇ ਹੋਏ ਹਨ। ਇਸੇ ਤਰਾਂ ਭ੍ਰਿਸ਼ਟਾਚਾਰ ਵਿਚ ਸ਼ਾਮਲ ਰਹੇ ਕਈ ਨੇਤਾ ਸੰਸਦ ਅਤੇ ਵਿਧਾਨ ਸਭਾਵਾਂ ਅਤੇ ਆਪਣੀ ਜ਼ਿੰਦਗੀ ’ਚ ਇਹ ਸਭ ਕੁਝ ਕਰ ਰਹੇ ਹਨ।

ਇਸ ਲਈ ਇਸ ਬੁਰਾਈ ’ਤੇ ਰੋਕ ਲਗਾਉਣ ਲਈ ਸਰਕਾਰ ਨੂੰ ਦੋਸ਼ੀਆਂ ਦੇ ਵਿਰੁੱਧ ਸਖ਼ਤ ਅਤੇ ਸਿੱਖਿਆਦਾਇਕ ਕਦਮ ਚੁੱਕਣ ਦੀ ਲੋੜ ਹੈ ।

# ਬੇਰੁਜ਼ਗਾਰੀ ਬਣੀ ਪੰਜਾਬ ਲਈ ਸਭ ਤੋਂ ਵੱਡੀ ਸਮੱਸਿਆ

**✪ ਭਾਰਤ ਦੀ ਬੇਰੁਜ਼ਗਾਰੀ ਦਰ 13 ਫ਼ੀਸਦੀ ਹੈ ਤੇ ਪੰਜਾਬ 'ਚ ਇਹ ਦਰ 30.7 ਫ਼ੀਸਦੀ ✪ ਰੁਜ਼ਗਾਰ ਨਾ ਮਿਲਣ ਕਾਰਨ ਨਿਰਾਸ਼ ਨੌਜਵਾਨ ਨਸ਼ਾ ਤਸਕਰਾਂ ਦੇ ਜਾਲ ਵਿਚ ਫਸੇ ✪ ਕਈ ਪ੍ਰਸ਼ਾਸਨਿਕ ਅਧਿਕਾਰੀ ਤੇ ਨੇਤਾਵਾਂ ਦੇ ਨਾਂ ਨਸ਼ਿਆਂ ਦੇ ਤਸਕਰਾਂ ਵਜੋਂ ਨਸ਼ਰ ਹੋਏ ਹਨ ਪਰ ਇਕ 'ਤੇ ਵੀ ਕਾਰਵਾਈ ਦੀ ਰਿਪੋਰਟ ਜਨਤਕ ਨਹੀਂ ਹੋਈ**

**- ਨਵਤੇਜ ਸਿੰਘ**

ਇਸ ਸਮੇਂ ਸੂਬੇ 'ਚ ਬੇਰੁਜ਼ਗਾਰੀ ਦੀ ਦਰ ਦੇਸ਼ ਦੇ ਮੁਕਾਬਲੇ ਜ਼ਿਆਦਾ ਹੈ। ਖ਼ਾਸ ਕਰ ਕੋਰੋਨਾ ਕਾਲ 'ਚ ਜੇਕਰ ਦੇਸ਼ ਦੀ ਬੇਰੁਜ਼ਗਾਰੀ ਦਰ 13 ਫ਼ੀਸਦੀ ਹੈ ਤਾਂ ਪੰਜਾਬ 'ਚ ਇਹ ਦਰ 30.7 ਫ਼ੀਸਦੀ ਹੈ। ਬੇਰੁਜ਼ਗਾਰੀ ਪੰਜਾਬ ਲਈ ਸਭ ਤੋਂ ਵੱਡੀ ਸਮੱਸਿਆ ਤੇ ਚੁਣੌਤੀ ਹੈ। ਲੱਖਾਂ ਦੀ ਗਿਣਤੀ 'ਚ ਪੰਜਾਬੀ ਨੌਜਵਾਨ ਹੱਥਾਂ 'ਚ ਡਿਗਰੀਆਂ, ਡਿਪਲੋਮੇ ਲੈ ਕੇ ਸਰਕਾਰ ਤੋਂ ਰੁਜ਼ਗਾਰ ਦੀ ਮੰਗ ਕਰ ਰਹੇ ਹਨ। ਨਿਰਾਸ਼ ਨੌਜਵਾਨਾਂ ਨੂੰ ਆਪਣੀ ਕੋਈ ਮੰਜ਼ਿਲ ਨਜ਼ਰ ਨਹੀਂ ਆ ਰਹੀ। ਸੂਬਾ ਸਰਕਾਰ ਕੋਲ ਵੀ ਇਸ ਸਮੱਸਿਆ ਨਾਲ ਨਜਿੱਠਣ ਲਈ ਕੋਈ ਪੁਖ਼ਤਾ ਯੋਜਨਾ ਨਹੀਂ। ਇੱਥੋਂ ਤੱਕ ਕਿ ਸਾਲਾਂ-ਬੱਧੀ ਕਿਸੇ ਵੀ ਸਿਆਸੀ ਪਾਰਟੀ ਦੀ ਸਰਕਾਰ ਨੇ ਬੇਰੁਜ਼ਗਾਰੀ ਨੂੰ ਇਕ ਚੁਣੌਤੀ ਵੱਜੋਂ ਸਵੀਕਾਰ ਨਹੀਂ ਕੀਤਾ, ਨਾ ਹੀ ਕਿਸੇ ਨੇ ਏਜੰਡਾ ਬਣਾ ਕੇ ਇਸ ਮੁੱਦੇ 'ਤੇ ਚੋਣਾਂ ਲੜੀਆਂ ਹਨ ਅਤੇ ਨਾ ਹੀ ਕਿਸੇ ਸਿਆਸੀ ਆਗੂ ਦੀ ਬਹਿਸ ਦਾ ਵਿਸ਼ਾ ਬੇਰੁਜ਼ਗਾਰੀ ਹੈ। ਕੁਝ ਸਾਲ ਪਹਿਲਾਂ ਪੰਜਾਬ ਪੁਲਿਸ 'ਚ 7418 ਅਸਾਮੀਆਂ 'ਤੇ ਅਰਜ਼ੀਆਂ ਮੰਗੀਆਂ ਗਈਆਂ ਸਨ, ਜਿਸ 'ਤੇ 7 ਲੱਖ ਨੌਜਵਾਨਾਂ ਨੇ ਅਪਲਾਈ ਕੀਤਾ ਸੀ। ਪਰ ਸਾਡੀਆਂ ਸਿਆਸੀ ਪਾਰਟੀਆਂ ਨੌਜਵਾਨਾਂ ਲਈ ਰੁਜ਼ਗਾਰ ਪੈਦਾ ਕਰਨ ਦੇ ਮੌਕਿਆਂ ਦੀ ਥਾਂ ਲੋਕਾਂ ਨੂੰ ਆਟਾ, ਦਾਲਾਂ, ਕਣਕ, ਚੌਲ, ਘਿਓ, ਖੰਡ ਤੇ ਮੋਬਾਈਲ ਫੋਨਾਂ ਵਰਗੇ ਨਿਗੂਣੇ ਲਾਲਚ ਦੇ ਕੇ ਸੱਤਾ ਦਾ ਸੁੱਖ ਭੋਗਦੀਆਂ ਆ ਰਹੀਆਂ ਹਨ। ਪਰ ਇਸ ਨਾਲ ਸੂਬੇ ਦੇ ਹਾਲਾਤ ਬਦ ਤੋਂ ਬਦਤਰ ਹੋ ਰਹੇ ਹਨ। ਅੱਜ ਦਾ ਪੰਜਾਬ ਇਸ਼ਤਿਹਾਰਾਂ 'ਚ ਖ਼ੂਬ ਵਿਕਾਸ ਵੱਲ ਵਧਦਾ ਨਜ਼ਰ ਆ ਰਿਹਾ ਹੈ ਪਰ ਅਮਲੀ ਤੌਰ 'ਤੇ ਇਸ ਦੀ ਰੁਜ਼ਗਾਰ, ਖੇਤੀ, ਸੜਕਾਂ, ਇਲਾਜ ਪ੍ਰਬੰਧਾਂ ਤੇ ਸਿੱਖਿਆ ਦੇ ਖੇਤਰ 'ਚ ਹਾਲਤ ਡਾਵਾਂਡੋਲ ਨਜ਼ਰ ਆ ਰਹੀ ਹੈ। ਰੁਜ਼ਗਾਰਾਂ ਦੀ ਘਾਟ ਨੇ ਨੌਜਵਾਨਾਂ ਨੂੰ ਨਿਰਾਸ਼ਾ ਵੱਸ ਨਸ਼ਿਆਂ ਦੀ ਦਲਦਲ ਵਿਚ ਧੱਕਿਆ ਹੈ। ਰੁਜ਼ਗਾਰ ਨਾ ਮਿਲਣ ਕਾਰਨ ਨਿਰਾਸ਼ ਨੌਜਵਾਨਾਂ ਨੂੰ ਨਸ਼ਾ ਤਸਕਰਾਂ ਨੇ ਨਸ਼ੇ ਖਾਣ ਤੇ ਵੇਚਣ ਦੇ ਕਾਲੇ ਕਾਰੋਬਾਰ ਲਈ ਵੀ ਵਰਤਿਆ ਹੈ। ਨਸ਼ੇ ਨੇ ਘਰਾਂ ਦੇ ਚਿਰਾਗ਼ ਬੁਝਾ ਦਿੱਤੇ ਹਨ, ਪਰ ਸਰਕਾਰੀ ਸਰਪ੍ਰਸਤੀ ਕਾਰਨ ਇਨਾਂ ਨੂੰ ਠੱਲ ਨਹੀਂ ਪਾਈ ਜਾ ਸਕੀ। ਦਿਖਾਵੇ ਬਾਜ਼ੀ ਲਈ ਅਮਲੀਆਂ ਨੂੰ ਜੇਲਾਂ 'ਚ ਡੱਕ ਦਿੱਤਾ ਗਿਆ। ਹਾਲਾਂਕਿ ਕਈ ਪ੍ਰਸ਼ਾਸਨਿਕ ਅਧਿਕਾਰੀ ਤੇ ਨੇਤਾਵਾਂ ਦੇ ਨਾਂਅ ਨਸ਼ਿਆਂ ਦੇ ਤਸਕਰਾਂ ਵਜੋਂ ਨਸ਼ਰ ਹੋਏ ਹਨ ਪਰ ਕਿਸੇ ਇਕ 'ਤੇ ਵੀ ਕਾਰਵਾਈ ਦੀ ਰਿਪੋਰਟ ਜਨਤਕ ਨਹੀਂ ਹੋਈ। ਜੇਕਰ ਪਿਛਲੀ ਅਕਾਲੀ-ਭਾਜਪਾ ਸਰਕਾਰ ਵੇਲੇ ਵੀ ਨਸ਼ਿਆਂ ਦਾ ਪ੍ਰਚਲਨ ਜ਼ੋਰਾਂ 'ਤੇ ਸੀ ਤਾਂ ਮੌਜੂਦਾ ਪਾਰਟੀ ਦੀ ਸਰਕਾਰ ਵੇਲੇ ਵੀ ਇਨਾਂ ਦਾ ਪ੍ਰਚਲਨ ਘਟਣ ਦੀ ਬਜਾਏ ਵਧਿਆ ਹੈ। ਪਹਿਲਾਂ ਸਿਰਫ਼ ਆਰਥਿਕ ਤੰਗੀ ਹੱਥੋਂ ਕਿਸਾਨ ਖ਼ੁਦਕੁਸ਼ੀਆਂ ਕਰਦੇ ਸਨ, ਹੁਣ ਤਾਂ ਆਏ ਦਿਨ ਨੌਜਵਾਨ ਵੀ ਨਸ਼ੇ ਦੀ ਵਧੇਰੇ ਵਰਤੋਂ ਨਾਲ ਮੌਤ ਦੇ ਮੂੰਹ ਜਾ ਰਹੇ ਹਨ। ਇਕ ਪਾਸੇ ਸਰਕਾਰ ਨਸ਼ਿਆਂ 'ਤੇ ਸ਼ਿਕੰਜਾ ਕੱਸਣ ਦਾ ਦਾਅਵਾ ਕਰ ਰਹੀ ਹੈ, ਦੂਜੇ ਪਾਸੇ ਅਮਲੀ ਆਖਦੇ ਹਨ ਨਸ਼ਾ ਬੇਰੋਕ-ਟੋਕ ਮਿਲ ਰਿਹਾ ਹੈ। ਫ਼ਰਕ ਸਿਰਫ਼ ਏਨਾ ਲਗਦਾ ਹੈ ਕਿ ਸੱਤਾ ਤਬਦੀਲ ਹੋਈ ਹੈ, ਚਿਹਰੇ ਤਬਦੀਲ ਹੋਏ ਹਨ ਪਰ ਸੂਬੇ ਦੇ ਹਾਲਾਤ ਪਹਿਲਾਂ ਨਾਲੋਂ ਵੀ ਬਦਤਰ ਹਨ। ਲੋਕਾਂ ਜਾਂ ਸੂਬੇ ਦੇ ਹਿਤਾਂ ਨਾਲੋਂ ਕਾਰੋਬਾਰੀ ਹਿਤ ਉੱਚੇ ਹੋਏ ਹਨ। ਨਸ਼ੇ ਦੀ ਲਤ ਦੇ ਸ਼ਿਕਾਰ ਅਮਲੀਆਂ ਨੂੰ ਸਾਲਾਂ-ਬੱਧੀ ਜੇਲਾਂ 'ਚ ਸੜਨ ਲਈ ਸੁੱਟ ਦਿੱਤਾ ਜਾਂਦਾ ਹੈ ਪਰ ਤਸਕਰ ਸਰਕਾਰੀ ਸਰਪ੍ਰਸਤੀ ਹੇਠ ਆਪਣਾ ਗੋਰਖ ਧੰਦਾ ਨਿਰਵਿਘਨ ਚਲਾਉਂਦੇ ਹਨ। ਕਾਨੂੰਨ ਇਨਾਂ ਦੀ ਚਾਕਰੀ ਕਰਦਾ ਹੈ। ਪੰਜਾਬ 'ਚ ਨਸ਼ਿਆਂ ਦਾ ਕਾਰੋਬਾਰ ਜ਼ੋਰਾਂ-ਸ਼ੋਰਾਂ ਨਾਲ ਚੱਲ ਰਿਹਾ ਹੈ। ਇਸ ਦੀ ਸਭ ਤੋਂ ਵੱਡੀ ਉਦਾਹਰਨ ਜੇਲਾਂ ਹਨ, ਜਿੱਥੇ ਸੀ.ਸੀ.ਟੀ.ਵੀ. ਕੈਮਰਿਆਂ 'ਤੇ 24 ਘੰਟੇ ਪੁਲਿਸ ਨਿਗਰਾਨੀ ਹੇਠ ਵੀ ਕੈਦੀਆਂ ਕੋਲੋਂ ਨਸ਼ਿਆਂ ਦੀਆਂ ਖੇਪਾਂ ਮਿਲ ਰਹੀਆਂ ਹਨ। ਪੰਜਾਬ 'ਚੋਂ ਨਸ਼ੇ ਖ਼ਤਮ ਕਰਨ ਦੇ ਦਾਅਵੇ ਹਾਲੇ ਖੋਖਲੇ ਹਨ। ਪੰਜਾਬ 'ਚ ਨਸ਼ਿਆਂ ਦਾ 6ਵਾਂ ਦਰਿਆ ਵਹਿ ਰਿਹਾ ਹੈ। ਕੋਰੋਨਾ ਕਾਲ ਦੌਰਾਨ ਜਦ ਲੋਕਾਂ ਕੋਲ ਕੋਈ ਰੁਜ਼ਗਾਰ ਨਹੀਂ ਸੀ, ਦੋ ਵਕਤ ਦੀ ਰੋਟੀ ਪੂਰੀ ਕਰਨ ਦੀ ਚਿੰਤਾ ਸੀ, ਸਭ ਕੁਝ ਬੰਦ ਨਜ਼ਰ ਆ ਰਿਹਾ ਸੀ ਪਰ ਜ਼ਰੂਰੀ ਖਾਣ-ਪੀਣ ਦੀਆਂ ਚੀਜ਼ਾਂ ਨਾਲੋਂ ਵੀ ਪਹਿਲਾਂ ਸ਼ਰਾਬ ਦੇ ਠੇਕਿਆਂ ਨੂੰ ਪਹਿਲੀ ਤਰਜੀਹ ਦੇ ਆਧਾਰ 'ਤੇ 12-12 ਘੰਟੇ ਲਈ ਖੋਲਿਆ ਗਿਆ। ਸਰਕਾਰ ਦਾ ਇਹ ਦਾਅਵਾ ਕਿ ਸੂਬੇ 'ਚੋਂ ਨਸ਼ਾ ਖ਼ਤਮ ਹੋ ਗਿਆ, ਹੈਰਾਨੀ ਪੈਦਾ ਕਰਨ ਵਾਲਾ ਹੈ। ਦਿਨ-ਦਿਹਾੜੇ ਚੋਰੀਆਂ, ਲੁੱਟ-ਖੋਹ, ਡਾਕੇ, ਕਤਲ, ਗੈਂਗਵਾਰ, ਜਬਰ ਜਨਾਹ, ਧੱਕੇਸ਼ਾਹੀ ਦਾ ਵਰਤਾਰਾ ਆਮ ਗੱਲ ਹੈ। ਅਜਿਹੇ ਮਾਹੌਲ ਕਰਕੇ ਮਾਪੇ ਸੂਬੇ 'ਚ ਬੱਚਿਆਂ ਦਾ ਭਵਿੱਖ ਸੁਰੱਖਿਅਤ ਨਾ ਸਮਝਦੇ ਹੋਏ ਉਨਾਂ ਨੂੰ ਵੱਡੇ-ਵੱਡੇ ਕਰਜ਼ੇ ਚੁੱਕ, ਜਾਇਦਾਦਾਂ ਵੇਚ ਕੇ ਵੀ ਵਿਦੇਸ਼ਾਂ 'ਚ ਭੇਜਣ ਲਈ ਮਜਬੂਰ ਹਨ। ਆਪਣੀ ਜਨਮ-ਭੂਮੀ ਨੂੰ ਛੱਡ ਕੇ ਪੱਕੇ ਤੌਰ 'ਤੇ ਵਿਦੇਸ਼ੀਂ ਵੱਸਣਾ ਲੋਕਾਂ ਦੀ ਕੋਈ ਚਾਹਤ ਨਹੀਂ, ਮਜਬੂਰੀ ਹੈ। ਇਕ ਸਰਵੇਖਣ ਅਨੁਸਾਰ 62 ਫ਼ੀਸਦੀ ਸੂਬੇ ਦੇ ਨੌਜਵਾਨ ਵਿਦੇਸ਼ਾਂ 'ਚ ਵੱਸਣ ਦੀ ਇੱਛਾ ਰੱਖਦੇ ਹਨ। ਸਾਲ 2018 'ਚ ਡੇਢ ਲੱਖ ਨੌਜਵਾਨ ਅਮਰੀਕਾ, ਕੈਨੇਡਾ, ਇਟਲੀ, ਇੰਗਲੈਂਡ, ਆਸਟ੍ਰੇਲੀਆ ਤੇ ਨਿਊਜ਼ੀਲੈਂਡ ਵਰਗੇ ਮੁਲਕਾਂ 'ਚ ਪੜ੍ਹਾਈ ਲਈ ਗਏ ਹਨ। ਸਾਡੇ ਪ੍ਰਬੰਧ ਲਈ ਸ਼ਰਮ ਵਾਲੀ ਗੱਲ ਹੈ ਕਿ ਨੌਕਰੀ ਤਾਂ ਛੱਡੋ, ਲੋਕ ਇੱਥੇ ਰਹਿਣਾ ਵੀ ਸੁਰੱਖਿਅਤ ਨਹੀਂ ਸਮਝਦੇ। ਪੰਜਾਬ ਹਰ ਸਾਲ 25 ਹਜ਼ਾਰ ਕਰੋੜ ਰੁਪਏ ਦੀ ਵਿਦੇਸ਼ ਪੜਦੇ ਵਿਦਿਆਰਥੀਆਂ ਦੀ ਫ਼ੀਸ ਭਰਦਾ ਹੈ। ਵਿਦੇਸ਼ ਜਾਣ ਦੀ ਤਰਜੀਹ ਕੇਵਲ ਬੇਰੁਜ਼ਗਾਰ ਨੌਜਵਾਨਾਂ ਦੀ ਹੀ ਨਹੀਂ, ਸਗੋਂ ਪ੍ਰਬੰਧ ਤੋਂ ਅੱਕੇ ਬੁੱਧੀਜੀਵੀ ਚਿੰਤਕ, ਲੇਖਕ, ਡਾਕਟਰ, ਇੰਜੀਨੀਅਰ, ਅਧਿਆਪਕ, ਪਟਵਾਰੀ ਤੇ ਪ੍ਰੋਫੈਸਰ ਲੋਕ ਨੌਕਰੀਆਂ ਤੋਂ ਅਸਤੀਫ਼ੇ ਦੇ ਵਿਦੇਸ਼ ਜਾ ਰਹੇ ਹਨ। ਸਰਕਾਰੀ ਦਫ਼ਤਰਾਂ, ਥਾਣਿਆਂ, ਕਚਹਿਰੀਆਂ 'ਚ ਲੋਕਾਂ ਦੀ ਲੁੱਟ-ਖਸੁੱਟ ਹੁੰਦੀ ਹੈ। ਪਰ ਇਸ ਖ਼ਿਲਾਫ਼ ਕਿਸੇ ਦੀ ਕੋਈ ਸੁਣਵਾਈ ਨਹੀਂ। ਦੂਜੇ ਪਾਸੇ ਯੂਰਪ 'ਚ ਜਾਤ-ਪਾਤ, ਧਰਮ ਦੇ ਆਧਾਰ 'ਤੇ ਵਿਤਕਰਾ ਇੱਥੋਂ ਨਾਲੋਂ ਕਿਤੇ ਘੱਟ ਹੈ। ਇੱਥੇ ਵਾਂਗ ਅਪਰਾਧੀ ਦਾ ਰੁਤਬਾ ਵੇਖ ਕੇ ਸਜ਼ਾ ਤੈਅ ਨਹੀਂ ਹੁੰਦੀ, ਸਗੋਂ ਅਪਰਾਧ ਕਿੰਨਾ ਘਿਣਾਉਣਾ ਹੈ, ਵੇਖ ਕੇ ਸਜ਼ਾ ਦਿੱਤੀ ਜਾਂਦੀ ਹੈ। ਵਿਦੇਸ਼ੀ ਤੇ ਸਥਾਨਕ ਨਾਗਰਿਕਾਂ ਦੀਆਂ ਸਹੂਲਤਾਂ 'ਚ ਵਿਤਕਰਾ ਨਹੀਂ। ਇੱਥੇ ਤਾਂ ਕਤਲ ਕੇਸ 'ਚ ਵੀ ਥਾਣੇ ਮੂਹਰੇ ਧਰਨੇ ਤੋਂ ਬਗੈਰ ਮਾਮਲਾ ਦਰਜ ਨਹੀਂ ਹੁੰਦਾ। ਰਾਜਨੀਤਕ ਦਖ਼ਲਅੰਦਾਜ਼ੀ ਪੀੜਤ ਵਿਰੁੱਧ ਹੀ ਮਾਮਲਾ ਦਰਜ ਕਰਨ ਲਈ ਮਜਬੂਰ ਕਰ ਦਿੰਦੀ ਹੈ। ਪਰ ਵਿਦੇਸ਼ ਜਾਣ ਦਾ ਹੱਦੋਂ ਵੱਧ ਰੁਝਾਨ ਪੰਜਾਬ ਨੂੰ ਖੋਖਲਾ ਕਰ ਦੇਵੇਗਾ। ਇਸ ਨੂੰ ਰੋਕਣ ਲਈ ਰੁਜ਼ਗਾਰਾਂ ਤੇ ਸਵੈ-ਰੁਜ਼ਗਾਰਾਂ ਲਈ ਸੁਖਾਵਾਂ ਮਾਹੌਲ ਪੈਦਾ ਕਰਨ ਦੀ ਲੋੜ ਹੈ। ਕਹਿਣ ਨੂੰ ਘਰ-ਘਰ ਰੁਜ਼ਗਾਰ ਮਿਸ਼ਨ ਤਹਿਤ ਸੂਬੇ 'ਚ 15 ਲੱਖ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ। ਪਰ ਇਨਾਂ 'ਚ ਟਿਕਾਊ 15 ਹਜ਼ਾਰ ਵੀ ਨਹੀਂ। ਕਿਉਂਕਿ ਪ੍ਰਾਈਵੇਟ ਕੰਪਨੀਆਂ ਏਨੀਆਂ ਨਿਗੂਣੀਆਂ ਤਨਖ਼ਾਹਾਂ ਦਿੰਦੀਆਂ ਹਨ ਕਿ ਅੱਧੇ ਨੌਜਵਾਨ ਪਹਿਲੇ ਮਹੀਨੇ ਹੀ ਨੌਕਰੀ ਛੱਡ ਜਾਂਦੇ ਹਨ। ਹੁਣ ਸਰਕਾਰ ਇਕ ਪਾਸੇ ਇਕ ਲੱਖ ਸਰਕਾਰੀ ਨੌਕਰੀਆਂ ਦੇਣ ਦੇ ਦਾਅਵੇ ਕਰ ਰਹੀ ਹੈ, ਦੂਜੇ ਪਾਸੇ ਜਲ ਸਪਲਾਈ ਵਿਭਾਗ ਦੀਆਂ 8635, ਜਲ ਸਰੋਤ ਵਿਭਾਗ ਦੀਆਂ 8635 ਤੇ ਪਾਵਰ ਕਾਮ ਦੀਆਂ 40 ਹਜ਼ਾਰ ਅਸਾਮੀਆਂ ਖ਼ਤਮ ਕੀਤੀਆਂ ਗਈਆਂ ਹਨ। ਸਰਕਾਰੀ ਮਹਿਕਮਿਆਂ ਦਾ ਨਿੱਜੀਕਰਨ ਜੰਗੀ ਪੱਧਰ 'ਤੇ ਜਾਰੀ ਹੈ। ਫਿਰ ਨੌਕਰੀਆਂ ਕਿੱਥੇ ਦਿੱਤੀਆਂ ਜਾਣਗੀਆਂ? ਕਾਗਜ਼ੀ ਵਿਕਾਸ ਨਾਲ ਸੂਬੇ ਦੇ ਮਾਸਲੇ ਹੱਲ ਨਹੀਂ ਹੋ ਸਕਦੇ। ਮਜ਼ਬੂਤ ਇੱਛਾ ਸ਼ਕਤੀ ਦੀ ਲੋੜ ਹੈ।

# 250-300 ਰੁਪਏ ਦਾ ਕਰਜ਼ਾ/ਉਧਾਰ

**- ਰਜਨੀਸ਼ ਗਰਗ**

**90412-50087**

ਕਈ ਵਾਰ ਬੰਦਾ ਇਹੋ ਜਿਹੀ ਸਥਿਤੀ ਵਿੱਚ ਪਹੁੰਚ ਜਾਂਦਾ, ਜਿਸ ਵਿੱਚ ਉਸ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਹ ਉਸ ਪਲ ਦੀ ਖ਼ੁਸ਼ੀ ਮਨਾਵੇ ਜਾਂ ਨਾ ਮਨਾਵੇ। ਇਹੋ ਜਿਹੇ ਅਜੀਬੋ-ਗ਼ਰੀਬ ਪਲ ਬੰਦੇ ਨੂੰ ਉਦਾਸੀ ਤੇ ਨਮੋਸ਼ੀ ਵੱਲ ਧਕੇਲ ਦਿੰਦੇ ਨੇ, ਪਰ ਕਈ ਵਾਰ ਇਹੋ ਜਿਹੇ ਪਲ ਜ਼ਿੰਦਗੀ ਦਾ ਇੱਕ ਅਟੁੱਟ ਹਿੱਸਾ ਵੀ ਬਣ ਜਾਂਦੇ ਨੇ। ਕਦੇ ਵੀ ਨਾ ਭੁੱਲਣ ਵਾਲੇ, ਇੱਕ ਅਨਮੋਲ ਪਲ ਜਿਸ ਦੀਆ ਯਾਦਾਂ ਹਮੇਸ਼ਾ ਇੱਕ ਖਿੜੇ ਹੋਏ ਫੁੱਲ ਵਾਂਗ ਹਮੇਸ਼ਾ ਤਾਜ਼ਾ ਰਹਿੰਦੀਆਂ ਨੇ। ਚਾਹੁੰਦੇ ਹੋਏ ਵੀ ਉਸ ਪਲ ਨੂੰ ਭੁਲਾਇਆ ਨਹੀਂ ਜਾ ਸਕਦਾ। ਕੁਝ ਇਹੋ ਜਿਹਾ ਖੱਟਾ-ਮਿੱਠਾ ਪਲ ਜਿਸ ਨੂੰ ਹਮੇਸ਼ਾ ਮੈਂ ਆਪਣੀਆਂ ਯਾਦਾਂ ਦੀ ਡਾਇਰੀ 'ਚ ਅਮਰ ਰੱਖਣਾ ਚਾਹੁੰਦਾ ਹਾਂ, ਤੁਹਾਡੇ ਸਭ ਨਾਲ ਸਾਂਝਾ ਕਰਨ ਜਾ ਰਿਹਾ ਹਾਂ ।

ਇਹ ਉਸ ਵਕਤ ਦੀ ਗੱਲ ਹੈ ਜਦ ਮੈਂ ਛੋਟਾ ਹੁੰਦਾ ਸੀ ਤੇ ਮੈਂ ਪੰਜਵੀਂ ਕਲਾਸ 'ਚ ਪੜਦਾ ਸੀ। ਪੰਜਵੀਂ ਕਲਾਸ ਦੇ ਬੋਰਡ ਦੇ ਇਮਤਿਹਾਨ ਹੋ ਚੁੱਕੇ ਸੀ, ਬੱਸ ਉਸ ਦਾ ਨਤੀਜਾ ਆਉਣਾ ਬਾਕੀ ਸੀ । ਮੈਂ ਉਸ ਨਤੀਜੇ ਤੋਂ ਬੇਫ਼ਿਕਰ ਸੀ, ਨਾ ਪਾਸ ਹੋਣ ਦਾ ਡਰ, ਨਾ ਫੇਲ ਹੋਣ ਦੀ ਚਿੰਤਾ, ਕਿਉਂਕਿ ਉਸ ਵਕਤ ਨੰਬਰਾਂ ਨੂੰ ਏਨੀ ਅਹਿਮੀਅਤ ਨਹੀਂ ਸੀ ਦਿੱਤੀ ਜਾਂਦੀ, ਜਿੰਨੀ ਅੱਜ-ਕੱਲ ਦੇ ਬੱਚਿਆਂ ਦੇ ਮਾਪਿਆਂ ਦੁਆਰਾ ਦਿੱਤੀ ਜਾਂਦੀ ਹੈ। ਉਨਾਂ ਉੱਪਰ ਇਮਤਿਹਾਨਾਂ ਦੇ ਨਤੀਜਿਆਂ ਦੇ ਨੰਬਰਾਂ ਦਾ (ਜੋ ਕਿ ਮੇਰੇ ਖ਼ਿਆਲ 'ਚ ਫ਼ਜ਼ੂਲ ਤੇ ਬੇਮਤਲਬ ਹੈ ) ਵਾਧੂ ਬੋਝ ਪਾਇਆ ਜਾਂਦਾ ਹੈ ਅਤੇ ਇਸ ਬੋਝ ਥੱਲੇ ਦੱਬ ਕੇ ਬੱਚਾ ਅੰਕ ਤਾਂ ਬਹੁਤ ਵਧੀਆ ਪ੍ਰਾਪਤ ਕਰ ਲੈਂਦਾ ਹੈ, ਪਰ ਜ਼ਿੰਦਗੀ ਦੇ ਹਸੀਨ ਪਲਾਂ ਨੂੰ ਮਾਣਨ ਤੋਂ ਵਾਂਝਾ ਰਹਿ ਜਾਂਦਾ ਹੈ ਤੇ ਅਕਸਰ ਜ਼ਿੰਦਗੀ ਦੇ ਪੇਪਰਾਂ 'ਚੋਂ ਫੇਲ ਹੋ ਜਾਂਦਾ ਹੈ।

ਮੈਂ ਆਪਣੇ ਬਚਪਨ ਦੇ ਰੰਗਾਂ ਨੂੰ ਬਿਨਾਂ ਕਿਸੇ ਫ਼ਿਕਰਾਂ ਦੇ ਆਜ਼ਾਦੀ ਨਾਲ ਮਾਣ ਰਿਹਾ ਸੀ । ਅਚਾਨਕ ਮੈਨੂੰ ਮੇਰੇ ਦਾਦਾ ਜੀ ਜੋ ਕਿ ਸਕੂਲ ਦੇ ਬਾਹਰ ਇੱਕ ਛੋਟੀ ਜੀ ਕਰਿਆਨੇ ਦੀ ਦੁਕਾਨ ਕਰਦੇ ਸੀ, ਉਨਾਂ ਤੋਂ ਮੇਰੇ ਪੰਜਵੀਂ ਕਲਾਸ ਦੇ ਨਤੀਜੇ ਬਾਰੇ ਪਤਾ ਲੱਗਿਆ? ਮੇਰੇ ਦਾਦਾ ਜੀ ਕਹਿੰਦੇ ਕਿ ਤੇਰੀ ਭੈਣਜੀ (ਹਰਿੰਦਰ ਕੌਰ) ਆਈ ਸੀ, ਸਕੂਲ 'ਚੋਂ ਤੇ ਕਹਿੰਦੀ ਸੀ ਵੀ ਤੂੰ ਆਪਣੀ ਕਲਾਸ 'ਚੋਂ ਪਹਿਲੇ ਸਥਾਨ 'ਤੇ ਰਹਿ ਕੇ ਪੰਜਵੀਂ ਕਲਾਸ ਪਾਸ ਕਰ ਲਈ ਹੈ । ਪਹਿਲਾਂ ਤਾਂ ਸੁਣ ਕੇ ਕੁਝ ਅਜੀਬ ਜਾ ਲੱਗਿਆ, ਮੈਂ ਕਿਹਾ ਤੁਸੀਂ ਮਖ਼ੌਲ ਕਰਦੇ ਹੋ, ਮੈਂ, ਉਹ ਵੀ ਪਹਿਲੇ ਸਥਾਨ ਤੇ...?' ਹੋ ਨਹੀਂ ਸਕਦਾ ਤੇ ਉੱਚੀ-ਉੱਚੀ ਹੱਸਣ ਲੱਗ ਪਿਆ ਪਰ ਬਾਅਦ 'ਚ ਮੈਨੂੰ ਕਿਸੇ ਹੋਰ ਤੋਂ ਸੁਣ ਕੇ ਬਹੁਤ ਖ਼ੁਸ਼ੀ ਹੋਈ ਕਿ ਸੱਚਮੁੱਚ ਮੈਂ ਪਹਿਲਾ ਸਥਾਨ ਪ੍ਰਾਪਤ ਕਰਕੇ ਪੰਜਵੀਂ ਬੋਰਡ ਦੀ ਕਲਾਸ ਪਾਸ ਕਰ ਲਈ ਹੈ। ਉਸ ਵਖਤ ਮੈਂ ਆਪਣੇ ਘਰ ਦੇ ਆਰਥਿਕ ਹਾਲਤਾਂ ਤੋਂ ਬਿਲਕੁਲ ਅਨਜਾਣ ਸੀ । ਮੈਨੂੰ ਗ਼ਰੀਬੀ-ਅਮੀਰੀ ਬਾਰੇ ਕੁਝ ਪਤਾ ਹੀ ਨਹੀਂ ਸੀ। ਸੋ; ਮੈਂ ਬੜੇ ਚਾਵਾਂ ਨਾਲ ਆਪਣੀ ਮੰਮੀ ਜੀ ਦੇ ਨਾਲ ਸਕੂਲ ਵਿੱਚੋਂ ਆਪਣਾ ਸਰਟੀਫਿਕੇਟ ਲੈਣ ਪਹੁੰਚ ਗਿਆ, ਜੋ ਕਿ ਹਾਈ ਸਕੂਲ 'ਚ ਦਾਖ਼ਲੇ ਲਈ ਜ਼ਰੂਰੀ ਹੁੰਦਾ। ਜਦ ਮੈਂ ਆਪਣੀ ਭੈਣਜੀ (ਹਰਿੰਦਰ ਕੌਰ) ਨੂੰ ਮਿਲਿਆ ਤਾਂ ਅੱਗੋਂ ਉਹ ਵੀ ਬਹੁਤ ਖ਼ੁਸ਼ ਸਨ ਤੇ ਖ਼ੁਸ਼ੀ-ਖ਼ੁਸ਼ੀ 'ਚ ਉਨਾਂ ਨੇ ਮੇਰੇ ਤੋਂ ਮਠਿਆਈ ਦੇ ਡੱਬੇ ਦੀ ਮੰਗ ਕੀਤੀ, ਜਿਸ ਦਾ ਮੈਨੂੰ ਅੱਜ-ਤੱਕ ਅਫ਼ਸੋਸ ਹੈ ਤੇ ਸ਼ਾਇਦ ਹਮੇਸ਼ਾ ਹੀ ਰਹੇਗਾ ਤੇ ਨਾਲ ਹੀ ਮੇਰੀ ਤਾਰੀਫ਼ ਕਰਦੇ ਹੋਏ ਮੇਰੀ ਮੰਮੀ ਜੀ ਨੂੰ ਮੈਨੂੰ ਛੇਤੀ ਤੋਂ ਛੇਤੀ ਅਗਲੀ ਕਲਾਸ (ਛੇਵੀਂ ਕਲਾਸ) 'ਚ ਦਾਖ਼ਲਾ ਦਿਵਾਉਣ ਬਾਰੇ ਕਿਹਾ । ਜਿਸ ਤੋਂ ਬਾਅਦ ਮੇਰੀ ਮੰਮੀ ਜੀ ਨੇ ਮੇਰੀ ਭੈਣਜੀ ਨੂੰ ਤੁਰੰਤ ਸਾਡੇ ਘਰ ਦੀਆਂ ਆਰਥਿਕ ਮਜਬੂਰੀਆਂ ਬਾਰੇ ਦੱਸਿਆ ਤੇ ਅਗਲੀ ਜਮਾਤ 'ਚ ਦਾਖਲਾ ਲੈਣ ਤੋਂ ਅਸਮਰਥਾ ਪ੍ਰਗਟਾਈ। ਜਿਸ ਨੂੰ ਸੁਣ ਕੇ ਮੇਰੇ ਭੈਣਜੀ ਦੇ ਚਿਹਰੇ ਤੋਂ ਖ਼ੁਸ਼ੀ ਅਚਾਨਕ ਗ਼ਾਇਬ ਹੋ ਗਈ । ਇਸ ਤੋਂ ਬਾਅਦ ਰੱਬ ਜਾਣੇ ਮੇਰੀ ਭੈਣਜੀ ਨੂੰ ਮੇਰੇ ਅਣਭੋਲ ਚਿਹਰੇ 'ਤੇ ਤਰਸ ਆਇਆ ਸੀ, ਕਿ ਮੇਰੇ ਘਰਦਿਆਂ ਹਾਲਾਤਾਂ 'ਤੇ ਉਨਾਂ ਨੇ ਆਪਣੇ ਪਰਸ 'ਚੋਂ ਮੇਰੇ ਦਾਖ਼ਲੇ ਦੀ ਫ਼ੀਸ (ਜੋ ਕਿ 250-300 ਰੁਪਏ) ਸੀ ਕੱਢ ਕੇ ਮੇਰੇ ਮੰਮੀ ਜੀ ਨੂੰ ਦੇ ਦਿੱਤੇ ਤੇ ਉਸੇ ਵਕਤ ਹਾਈ ਸਕੂਲ 'ਚ ਜਮਾ ਕਰਵਾਉਣ ਨੂੰ ਕਿਹਾ। ਮੇਰੀ ਮੰਮੀ ਜੀ ਨੇ ਜਦ ਉਹ ਪੈਸੇ ਵਾਪਸ ਕਰਨੇ ਚਾਹੇ ਤਾਂ ਉਨਾਂ ਇਹ ਕਹਿ ਕੇ ਵਾਪਸ ਫੜਾ ਦਿੱਤੇ ਕਿ ਜਦ ਤੁਹਾਡੇ ਕੋਲ ਹੋਣ ਤਾਂ ਮੈਨੂੰ ਮੋੜ ਦਿਓ । ਮੇਰੀ ਮੰਮੀ ਨੇ ਉਨਾਂ ਦਾ ਧੰਨਵਾਦ ਕੀਤਾ ਤੇ ਅਸੀਂ, ਮੇਰਾ ਛੇਵੀਂ ਕਲਾਸ 'ਚ ਦਾਖਲਾ ਜਮਾ ਕਰਵਾ ਕੇ ਵਾਪਸ ਆ ਗਏ। ਸਮਾਂ ਬੀਤਦਾ ਗਿਆ ਤੇ ਮੈਨੂੰ ਮੇਰੇ ਮਾਂ-ਪਿਓ ਨੇ ਔਖ-ਸੌਖ ਨਾਲ ਬਾਰਾਂ ਕਲਾਸਾਂ ਪੂਰੀਆਂ ਕਰਵਾ ਦਿੱਤੀਆਂ ।

ੜਾਈ 'ਚ ਹੁਸ਼ਿਆਰ ਹੋਣ ਕਾਰਨ ਮੈਨੂੰ ਮੇਰੇ ਗੁਆਂਢੀਆ ਨੇ ਇੱਕ ਪ੍ਰਾਈਵੇਟ ਫਾਈਨਾਂਸ ਕੰਪਨੀ 'ਚ ਕੰਮ ਤੇ ਲਵਾ ਦਿੱਤਾ। ਹੌਲੀ-ਹੌਲੀ ਬਹੁਤ ਸਾਰੇ ਲੋਕਾਂ (ਕੰਪਨੀ ਦੇ ਮਾਲਕ, ਆਂਢ-ਗੁਆਂਢ, ਮੇਰੇ ਮਾਂ-ਪਿਓ ਤੇ ਪ੍ਰਮਾਤਮਾ) ਦੀ ਕਿਰਪਾ ਨਾਲ ਅਸੀਂ ਆਪਣੇ ਪੈਰਾਂ 'ਤੇ ਖੜੇ ਹੋ ਗਏ ।

ਅਸੀਂ ਵਧੀਆ ਸੌਖ ਨਾਲ ਆਮ ਜਨਜੀਵਨ ਬਤੀਤ ਕਰਨ ਲੱਗ ਪਏ । ਮੇਰੇ ਲਈ ਖ਼ੁਸ਼ੀ ਤੇ ਹੈਰਾਨ ਕਰਨ ਵਾਲੀ ਗੱਲ ਇਹ ਸੀ ਕਿ ਜਿਸ ਭੈਣਜੀ (ਮੈਡਮ ਹਰਿੰਦਰ ਕੌਰ ) ਦੀ ਬਦੌਲਤ ਮੈਂ ਆਪਣੇ ਆਪ ਨੂੰ ਖ਼ੁਸ਼ਕਿਸਮਤ ਸਮਝਦਾ ਸੀ, ਉਨਾਂ ਦਾ ਘਰ ਦਫ਼ਤਰ ਦੇ ਬਿਲਕੁਲ ਸਾਹਮਣੇ ਵਾਲੀ ਗਲੀ 'ਚ ਸਾਹਮਣੇ ਘਰ ਸੀ । ਪਰ ਅੱਜ-ਤੱਕ ਉਨਾਂ ਕੋਲ ਮੇਰੇ ਤੋਂ ਜਾ ਨਹੀਂ ਹੋਇਆ।

ਬਹੁਤ ਵਾਰ ਮਨ ਕੀਤਾ ਸਾਲਾਂ ਪਹਿਲਾ ਲਿਆ ਉਧਾਰ ਵਾਪਸ ਕਰਨ ਤੇ ਧੰਨਵਾਦ ਕਰਨ ਨੂੰ, ਪਰ ਕਦੇ ਹਿੰਮਤ ਹੀ ਨਹੀਂ ਪਈ ਜਾਂ ਸ਼ਾਇਦ ਮੈਂ ਉਸ ਉਧਾਰ ਨੂੰ ਵਾਪਸ ਹੀ ਨਹੀਂ ਕਰਨਾ ਚਾਹੁੰਦਾ ਸੀ ।

ਕਿਉਂਕਿ ਜੋ ਕੀਮਤੀ ਯਾਦਾਂ ਉਸ ਉਧਾਰ ਕਾਰਨ ਮੇਰੇ ਨਾਲ ਜੁੜੀਆਂ ਹੋਈਆਂ ਨੇ, ਉਹ ਉਧਾਰ ਵਾਪਸ ਚੁਕਾਉਣ ਤੋਂ ਬਾਅਦ ਨਹੀਂ ਰਹਿਣੀਆਂ। ਦੁਨੀਆ ਦੀ ਨਜ਼ਰ 'ਚ ਇਹ ਸਿਰਫ਼ 250-300 ਰੁਪਏ ਹੈ, ਪਰ ਮੇਰੇ ਲਈ ਇਹ ਉਧਾਰ ਅਨਮੋਲ ਹੈ ਇਸ ਉਧਾਰ ਨੂੰ ਕੋਈ ਵੀ ਅਮੀਰ ਬੰਦਾ ਉਤਾਰ ਨਹੀਂ ਸਕਦਾ । ਇਹ ਸਿਰਫ਼ ਪੈਸੇ ਨਹੀਂ ਇਸ ਨਾਲ ਕਈ ਮਹਿੰਗੇ ਜਜ਼ਬਾਤ ਜੁੜੇ ਹੋਏ ਨੇ ।

ਧੰਨਵਾਦ ਹਰਿੰਦਰ ਕੌਰ ਭੈਣਜੀ ਰਾਮਪੁਰਾ ਫੂਲ ।

# ਪੰਜਾਬ ਦਾ ਕਿਸਾਨੀ ਸੰਘਰਸ਼ ਖ਼ਾਲਸਾ ਪੰਥ ਦਾ ਉਭਾਰ

## ✪ ਮੌਜੂਦਾ ਕਿਸਾਨੀ ਸੰਕਟ ਨੂੰ ਪੰਜਾਬ ਦੇ ਬੀਤੇ ਇਤਿਹਾਸ ਨਾਲੋਂ ਤੋੜ ਕੇ ਵੇਖਣਾ ਗੁੰਮਰਾਹਕੁੰਨ

## ✪ ਮੋਦੀ ਸਰਕਾਰ ਖੇਤੀ ਸੁਧਾਰਾਂ ਰਾਹੀਂ ਪੰਜਾਬ ਦੀ ਕਿਸਾਨੀ ਨੂੰ ਕਾਰਪੋਰੇਟ ਮੰਡੀ ਦੀ ਗ਼ੁਲਾਮੀ ਵਿਚ ਚਾਹੁੰਦੀ ਹੈ ਜਕੜਨਾ



**- ਗੁਰਬਚਨ ਸਿੰਘ ਦੇਸ ਪੰਜਾਬ**
9815698451

ਕੇਂਦਰ ਸਰਕਾਰ ਵੱਲੋਂ ਦੇਸ ਦੇ ਖੇਤੀਬਾੜੀ ਢਾਂਚੇ ਵਿਚ ਸੁਧਾਰ ਕਰਨ ਦੇ ਬਹਾਨੇ ਬਣਾਏ ਗਏ ਤਿੰਨ ਨਵੇਂ ਕਾਨੂੰਨਾਂ ਵਿਰੁੱਧ ਪੰਜਾਬ ਅੰਦਰ ਕਿਸਾਨੀ ਦੇ ਹੋਏ ਉਭਾਰ ਨੇ ਦੁਨੀਆ ਭਰ ਵਿਚ ਬੈਠੇ ਸੁਹਿਰਦ ਪੰਜਾਬੀਆਂ ਨੂੰ ਟੁੰਬਿਆ ਹੈ। ਉਹ ਬੜੀ ਨੀਝ ਅਤੇ ਚਿੰਤਾ ਨਾਲ ਇਸ ਸੰਘਰਸ਼ ਵੱਲ ਵੇਖ ਰਹੇ ਹਨ। ਇਹ ਸਾਰਿਆਂ ਨੂੰ ਪਤਾ ਹੈ ਕਿ ਕਾਂਗਰਸ, ਬਾਦਲ ਦਲੀਆਂ ਅਤੇ ਕੁਝ ਹੋਰਨਾਂ ਜਥੇਬੰਦੀਆਂ ਨੇ ਮਜਬੂਰੀ ਵੱਸ ਭਾਵੇਂ ਇਸ ਸੰਘਰਸ਼ ਦੀ ਹਮਾਇਤ ਕੀਤੀ ਹੈ ਪਰ ਇਹ ਹਮਾਇਤ ਵਕਤੀ ਹੈ ਅਤੇ ਫੌਰੀ ਰਾਜਸੀ ਹਿਤਾਂ ਤੋਂ ਪ੍ਰੇਰਿਤ ਹੈ। ਇਹ ਵੀ ਸਚਾਈ ਹੈ ਕਿ 31 ਕਿਸਾਨ ਜਥੇਬੰਦੀਆਂ, ਜਿਹੜੀਆਂ ਇਸ ਸੰਘਰਸ਼ ਦੀ ਅਗਵਾਈ ਕਰ ਰਹੀਆਂ ਹਨ, ਉਹ ਸਾਰੀਆਂ ਵੀ ਇਕ ਸੋਚ ਦੀਆਂ ਧਾਰਨੀ ਨਹੀਂ ਹਨ। ਅਜਮੇਰ ਸਿੰਘ ਲਖੋਵਾਲ ਦੀ ਕਿਸਾਨ ਜਥੇਬੰਦੀ ਦਾ ਹੀ ਪਿਆਜ ਸੰਘਰਸ਼ ਦੇ ਮੁਢ ਵਿਚ ਹੀ ਨਸ਼ਰ ਹੋ ਗਿਆ ਹੈ। ਇਸੇ ਲਖੋਵਾਲ ਨੇ 1984 ਵਿਚ ਸਿੱਖ ਸੰਘਰਸ਼ ਵੱਲੋਂ ਲੋਕਾਂ ਦਾ ਧਿਆਨ ਲਾਂਭੇ ਹਟਾਉਣ ਲਈ ਗਵਰਨਰ ਹਾਊਸ ਦੇ ਘੇਰਾਓ ਕਰਨ ਦਾ ਪਾਖੰਡ ਕੀਤਾ ਸੀ। ਪਰ ਉਦੋਂ ਇਸ ਦੀ ਸਰਕਾਰ ਭਗਤੀ ਨਸ਼ਰ ਨਹੀਂ ਸੀ ਹੋ ਸਕੀ।

ਕਿਸਾਨੀ ਦੇ ਹੋਏ ਇਸ ਉਭਾਰ ਬਾਰੇ ਇਕ ਗੱਲ ਬੜੀ ਸਪਸ਼ਟ ਹੈ ਕਿ ਤੱਤ ਰੂਪ ਵਿਚ ਇਹ ਸਿੱਖ ਉਭਾਰ ਹੈ। ਇਸੇ ਕਰ ਕੇ ਦੁਨੀਆ ਭਰ ਦੇ ਹਰੇਕ ਕੋਨੇ ਵਿਚ ਬੈਠੇ ਸਿੱਖ ਇਸ ਸੰਘਰਸ਼ ਦੀ ਹਮਾਇਤ ਵਿਚ ਮੁਜ਼ਾਹਰੇ ਕਰ ਰਹੇ ਹਨ। ਪਿਛਲੇ ਕਰੀਬ ਚਾਰ ਦਹਾਕਿਆਂ ਵਿਚ ਪੰਜਾਬ ਅੰਦਰ ਜੋ ਕੁਝ ਵਾਪਰਿਆ ਹੈ, ਉਸ ਬਾਰੇ ਸਿੱਖਾਂ ਦੇ ਮਨਾਂ ਵਿਚ ਭਰਿਆ ਰੋਸ ਕਿਸੇ ਨਾ ਕਿਸੇ ਰੂਪ ਵਿਚ ਇਸ ਸੰਘਰਸ਼ ਵਿਚੋਂ ਵੀ ਪ੍ਰਗਟ ਹੋ ਰਿਹਾ ਹੈ। ਪਰ ਇਸ ਸੰਘਰਸ਼ ਦਾ ਇਕ ਅਹਿਮ ਪਹਿਲੂ ਇਹ ਹੈ ਕਿ ਕਿਸਾਨ ਜਥੇਬੰਦੀਆਂ ਦੇ ਰੂਪ ਵਿਚ ਇਸ ਦੀ ਅਗਵਾਈ 'ਕਮਿਊਨਿਸਟ' ਕਰ ਰਹੇ ਹਨ। ਉਹ ਕਮਿਊਨਿਸਟ ਜਿਨਾਂ ਦੀ ਸੋਚ ਮਾਰਕਸਵਾਦੀ ਫ਼ਿਲਾਸਫ਼ੀ ਤੋਂ ਕੋਰੀ ਹੈ ਅਤੇ ਜਿਨਾਂ ਦੀ ਸੋਚ ਉੱਤੇ ਆਰਥਿਕਵਾਦ ਭਾਰੂ ਹੈ। ਜਿਨਾਂ ਨੂੰ ਮਨੁੱਖ ਦੀ ਪੂਰਨ ਮੁਕਤੀ ਦੇ ਵਿਕਸਿਤ ਕੀਤੇ ਗਏ ਮਾਰਕਸਵਾਦੀ ਸੰਕਲਪ ਦੀ ਉੱਕਾ ਹੀ ਕੋਈ ਜਾਣਕਾਰੀ ਨਹੀਂ। ਇਸੇ ਕਰ ਕੇ ਉਹ ਗੁਰਮਤਿ, ਪੰਜਾਬ ਅਤੇ ਸਿੱਖ ਇਤਿਹਾਸ ਨੂੰ ਨਫ਼ਰਤ ਕਰਦੇ ਹਨ। ਉਨਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੇ ਰੂਪ ਵਿਚ ਵਿਕਸਿਤ ਕੀਤੇ ਗਏ 'ਸਿੱਖ ਪਾਤਸ਼ਾਹੀ' ਦੇ ਮਹਾਨ ਸੰਕਲਪ ਦੀ ਕੋਈ ਸੋਝੀ ਨਹੀਂ। ਉਹ ਕਿਸਾਨੀ ਦੇ ਇਸ ਉਭਾਰ ਨੂੰ ਵੀ ਮੁੱਖ ਰੂਪ ਵਿਚ ਆਰਥਿਕ ਭਾਵ 'ਫ਼ਸਲਾਂ ਦੇ ਭਾਅ ਨਿਸ਼ਚਿਤ ਕਰਨ ਅਤੇ ਉਨਾਂ ਅਨੁਸਾਰ ਫ਼ਸਲਾਂ ਦੀ ਖ਼ਰੀਦ ਕਰਨ' ਦੇ ਪੱਖ ਤੋਂ ਵੇਖ ਰਹੇ ਹਨ। ਜਦੋਂ ਕਿ ਇਹ ਸਚਾਈ ਸਪਸ਼ਟ ਹੈ ਕਿ ਜੇ ਪੰਜਾਬ ਦੇ ਕਿਸਾਨਾਂ ਦੀਆਂ ਫ਼ਸਲਾਂ ਘੱਟੋ ਘਟ ਸਹਾਇਕ ਕੀਮਤਾਂ ਉੱਤੇ ਖ਼ਰੀਦਣੀਆਂ ਜਾਰੀ ਵੀ ਰਹਿਣ, ਤਾਂ ਵੀ ਹਰੇ ਇਨਕਲਾਬ ਨਾਲ ਆਰੰਭ ਹੋਇਆ ਪੰਜਾਬ ਦਾ ਉਜਾੜਾ ਓਵੇਂ ਹੀ ਹੁੰਦਾ ਰਹੇਗਾ।

ਦਰਅਸਲ ਪੰਜਾਬ ਅਤੇ ਦੇਸ ਦੇ ਹੋਰਨਾਂ ਸੂਬਿਆਂ ਵਿਚ ਕਿਸਾਨੀ ਦਾ ਹੋ ਰਿਹਾ ਇਹ ਉਭਾਰ ਭਾਰਤੀ ਕੇਂਦਰੀ ਰਾਜ ਦੇ ਵਜੂਦ ਸਮੋਈ ਇਕ ਬੁਨਿਆਦੀ ਵਿਰੋਧਤਾਈ ਨੂੰ ਪ੍ਰਗਟ ਕਰ ਰਿਹਾ ਹੈ। ਹੁਣ ਤਕ ਜਿਨਾਂ ਸਾਮਰਾਜੀ ਪੂੰਜੀਵਾਦੀ ਆਰਥਿਕ ਰਿਸ਼ਤਿਆਂ ਉੱਤੇ ਟੇਕ ਰੱਖ ਕੇ ਸਮੁੱਚੇ ਦੇਸ ਦਾ ਵਿਕਾਸ ਹੋ ਰਿਹਾ ਹੈ, ਉਹ ਸਾਮਰਾਜੀ ਪੈਦਾਵਾਰੀ ਪ੍ਰਬੰਧ ਦੁਨੀਆ ਭਰ ਵਿਚ ਹੀ ਸੰਕਟਗ੍ਰਸਤ ਹੋ ਗਿਆ ਹੈ। 2008 ਵਿਚ ਆਰੰਭ ਹੋਇਆ ਸੰਸਾਰ ਸਾਮਰਾਜੀ ਆਰਥਿਕ ਮੰਦਵਾੜਾ ਖ਼ਤਮ ਹੋਣ ਦੀ ਬਜਾਏ ਹੋਰ ਫੈਲਦਾ ਜਾ ਰਿਹਾ ਹੈ। ਸਾਮਰਾਜੀ ਪੈਦਾਵਾਰ ਦੇ ਵਜੂਦ ਸਮੋਏ ਇਸ ਸੰਕਟ ਕਾਰਨ ਦਿਨੋ-ਦਿਨ ਨਿੱਘਰਦੇ ਜਾ ਰਹੇ ਅਮਰੀਕੀ ਸਾਮਰਾਜ ਦੀ ਥਾਂ ਲੈਣ ਲਈ ਚੀਨੀ ਸਾਮਰਾਜੀ ਆਪਣੇ ਪਰ ਤੋਲ ਰਹੇ ਹਨ। ਭਾਵੇਂ ਇਸ ਆਰਥਿਕ ਸੰਕਟ ਨੇ ਭਾਰਤੀ ਸਾਮਰਾਜੀ ਰਾਜ ਪ੍ਰਬੰਧ ਦੀਆਂ ਚੂਲਾਂ ਹਿਲਾ ਦਿੱਤੀਆਂ ਹਨ ਪਰ ਬ੍ਰਾਹਮਣਵਾਦੀ ਕਲਪਨਾ ਵਿਚ ਜਿਊਣ ਵਾਲੇ ਭਾਰਤੀ ਸਾਮਰਾਜੀ ਹਾਕਮ ਆਪਣੇ ਕਮਜ਼ੋਰ ਆਧਾਰ ਦੇ ਬਾਵਜੂਦ ਅਜੇ ਵੀ ਸੰਸਾਰ ਦੀ ਇਕ ਮਹਾਂਸ਼ਕਤੀ ਬਣਨ ਦੇ ਸੁਪਨੇ ਲੈ ਰਹੇ ਹਨ। ਉਹ ਇਸ ਗ਼ਲਤ ਧਾਰਨਾ ਦਾ ਵੀ ਸ਼ਿਕਾਰ ਹਨ ਕਿ ਅਜੋਕੇ ਸਾਮਰਾਜੀ ਸੰਕਟ ਵਿਚੋਂ ਬਾਹਰ ਨਿਕਲਣ ਲਈ ਉਹ ਡੁੱਬ ਰਹੇ ਅਮਰੀਕੀ ਸਾਮਰਾਜੀ ਬੇੜੇ ਉੱਤੇ ਸੁਆਰ ਹੋ ਕੇ ਚੀਨੀ ਸਾਮਰਾਜ ਦਾ ਮੁਕਾਬਲਾ ਕਰਨ ਵਿਚ ਸਫਲ ਹੋ ਸਕਦੇ ਹਨ।

ਅੰਬਾਨੀ ਅਡਾਨੀ ਵਰਗੇ ਸਾਮਰਾਜੀ ਕਾਰਪੋਰੇਟਾਂ ਲਈ ਬਾਹਰਲੀ ਮੰਡੀ ਸੁੰਗੜ ਜਾਣ ਕਾਰਨ ਹੁਣ ਉਨਾਂ ਦੇ ਮੁਨਾਫ਼ੇ ਵਧਾਉਣ ਲਈ ਦੇਸ ਵਿਚਲੀ ਮੰਡੀ ਦਾ ਫੈਲਾਅ ਕਰਨਾ ਮੋਦੀ ਸਰਕਾਰ ਦੀ ਮਜਬੂਰੀ ਬਣ ਗਈ ਹੈ। ਫਿਰ ਸੰਸਾਰ ਬੈਂਕ, ਸੰਸਾਰ ਵਪਾਰ ਸੰਸਥਾ ਅਤੇ ਕੌਮਾਂਤਰੀ ਮਾਲੀ ਫ਼ੰਡ ਵਰਗੇ ਆਲਮੀ ਅਦਾਰੇ ਬੜੇ ਲੰਬੇ ਸਮੇਂ ਤੋਂ ਇਹਨਾਂ ਸੁਧਾਰਾਂ ਲਈ ਕੇਂਦਰ ਸਰਕਾਰ ਉੱਤੇ ਦਬਾਅ ਪਾ ਰਹੇ ਹਨ। ਕੋਰੋਨਾ ਵਾਇਰਸ ਕਾਰਨ ਚਰਮਰਾ ਰਹੀ ਭਾਰਤੀ ਆਰਥਿਕਤਾ ਨੂੰ ਠੁੰਮਣਾ ਦੇਣ ਲਈ ਆਲਮੀ ਮਾਲੀ ਅਦਾਰਿਆਂ ਕੋਲੋਂ ਕਰਜ਼ਾ ਲੈਣ ਵਾਸਤੇ ਦੇਸ ਦੀ ਖੇਤੀ ਉਪਜ ਨੂੰ ਸੰਸਾਰ ਮੰਡੀ ਨਾਲ ਜੋੜਨਾ, ਮੋਦੀ ਸਰਕਾਰ ਦੀ ਇਕ ਹੋਰ ਮਜਬੂਰੀ ਹੈ। ਮੋਦੀ ਸਰਕਾਰ ਵੱਲੋਂ ਬੜੀ ਕਾਹਲ ਨਾਲ ਸੁਧਾਰਾਂ ਦੇ ਨਾਂ ਉੱਤੇ ਦੇਸ ਦੇ ਆਰਥਿਕ ਤੇ ਰਾਜਸੀ ਢਾਂਚੇ ਵਿਚ ਕੀਤੀਆਂ ਜਾ ਰਹੀਆਂ ਇਹ ਤਬਦੀਲੀਆਂ ਦਰਅਸਲ, ਉਸਦੇ ਇਸ ਆਰਥਿਕ ਸੰਕਟ ਨੂੰ ਹੱਲ ਕਰਨ ਦੇ ਯਤਨਾਂ ਦਾ ਇਕ ਅੰਗ ਹਨ। ਨੋਟ ਬੰਦੀ ਤੋਂ ਨੋਟ ਬਦਲੀ ਤੇ ਫਿਰ ਦੇਸ ਭਰ ਵਿਚ ਜੀ ਐਸ ਟੀ ਨੂੰ ਲਾਗੂ ਕਰਨਾ ਵੀ ਇਨਾਂ ਯਤਨਾਂ ਦਾ ਇਕ ਹਿੱਸਾ ਸਨ। ਬਦਰਵਾਸੀ ਵਿਚ ਕਿਰਤ ਕਾਨੂੰਨਾਂ ਵਿਚ ਕੀਤੀ ਗਈ ਤਬਦੀਲੀ ਅਤੇ ਖੜੇ ਪੈਰ ਜ਼ਰੂਰੀ ਵਸਤੂ ਐਕਟ ਵਿਚ ਤਬਦੀਲੀ ਵੀ ਮੋਦੀ ਸਰਕਾਰ ਦੀਆਂ ਇਹਨਾਂ ਨੀਤੀਆਂ ਦਾ ਹੀ ਜਾਰੀ ਰੂਪ ਹਨ।

**ਇਹ ਇਕੱਲਾ ਫ਼ਸਲਾਂ ਦੇ ਭਾਵਾਂ ਦਾ ਮਸਲਾ ਨਹੀਂ**

ਮੌਜੂਦਾ ਕਿਸਾਨੀ ਸੰਕਟ ਨੂੰ ਪੰਜਾਬ ਦੇ ਬੀਤੇ ਇਤਿਹਾਸ ਨਾਲੋਂ ਤੋੜ ਕੇ ਵੇਖਣਾ ਅਤੇ ਇਸ ਨੂੰ ਮਹਿਜ਼ ਇਕ ਆਰਥਿਕ ਮਸਲਾ ਬਣਾ ਕੇ ਪੇਸ਼ ਕਰਨਾ ਨਾ ਸਿਰਫ਼ ਗੁੰਮਰਾਹਕੁੰਨ ਹੈ ਬਲਕਿ ਪੰਜਾਬ ਦੇ ਲੋਕਾਂ ਨਾਲ ਕੀਤਾ ਜਾਣ ਵਾਲਾ ਇਕ ਹੋਰ ਧੋਖਾ ਹੈ। ਪੰਜਾਬ ਦਾ ਮੌਜੂਦਾ ਸੰਕਟ ਸਰਬ ਪੱਖੀ ਹੈ ਅਤੇ ਇਸ ਦਾ ਮੂਲ ਕਾਰਨ ਪੰਜਾਬ ਦੇ ਵਿਕਾਸ ਦਾ ਬਸਤੀਵਾਦੀ ਢੰਗ ਅਤੇ ਇਸ ਆਧਾਰ ਉੱਤੇ ਹੋਇਆ ਹਰਾ ਇਨਕਲਾਬ ਹੈ। ਹਰੇ ਇਨਕਲਾਬ ਦੇ ਫਲਸਰੂਪ ਰਸਾਇਣਿਕ ਖਾਦਾਂ ਦੀ ਮਾਰ ਹੇਠ ਆਈ ਪੰਜਾਬ ਦੀ ਜ਼ਮੀਨ ਜ਼ਹਿਰੀ ਹੋਈ ਹੈ। ਧਰਤੀ ਹੇਠਲਾ ਪਾਣੀ ਮੁੱਕਣ ਕਿਨਾਰੇ ਹੈ ਅਤੇ ਪੰਜਾਬ ਅੰਦਰ ਅਣਕਿਆਸੇ ਰੋਗਾਂ ਦੀ ਆਮਦ ਹੋਈ ਹੈ। ਕਿਰਤ ਸਭਿਆਚਾਰ ਦੇ ਖ਼ਤਮ ਹੋਣ ਅਤੇ ਸਾਮਰਾਜੀ ਖਪਤਕਾਰੀ ਸਭਿਆਚਾਰ ਦੇ ਫੈਲਣ ਨਾਲ ਪੰਜਾਬ ਵਿਚੋਂ ਬੜੀ ਤੇਜ਼ੀ ਨਾਲ ਪ੍ਰਵਾਸ ਵਧਿਆ ਹੈ। ਸਾਮਰਾਜੀ ਤਰਜ਼ ਦੇ ਹੋ ਰਹੇ ਇਸ ਵਿਕਾਸ ਦੀ ਬਦੌਲਤ ਪੰਜਾਬ ਦਾ ਸਮੁੱਚਾ ਆਰਥਿਕ, ਰਾਜਸੀ ਅਤੇ ਸਮਾਜੀ-ਸਭਿਆਚਾਰਕ ਤਾਣਾ ਬਾਣਾ ਉੱਖੜ ਗਿਆ ਹੈ। ਸਮਾਜੀ ਤੇ ਪਰਿਵਾਰਕ ਰਿਸ਼ਤਿਆਂ ਵਿਚ ਆਇਆ ਨਿਘਾਰ ਸਮੁੱਚੇ ਸਭਿਆਚਾਰਕ ਨਿਘਾਰ ਦਾ ਪ੍ਰਗਟ ਰੂਪ ਹੈ।

ਮੋਦੀ ਸਰਕਾਰ ਇਹਨਾਂ ਖੇਤੀ ਸੁਧਾਰਾਂ ਰਾਹੀਂ ਪੰਜਾਬ ਦੀ ਕਿਸਾਨੀ ਨੂੰ ਇਕ ਝੰਜੋੜਾ ਦੇ ਕੇ ਉਸ ਨੂੰ ਕਾਰਪੋਰੇਟ ਮੰਡੀ ਦਾ ਅਟੁੱਟ ਅੰਗ ਬਣਾਉਣਾ ਅਤੇ ਸਦਾ ਲਈ ਆਪਣੀ ਆਰਥਿਕ ਗ਼ੁਲਾਮੀ ਵਿਚ ਜਕੜਨਾ ਚਾਹੁੰਦੀ ਹੈ। ਪੰਜਾਬ ਦੀ ਰੀੜ ਦੀ ਹੱਡੀ ਕਿਸਾਨੀ ਦੀ ਆਰਥਿਕ ਕਮਰ ਤੋੜ ਕੇ ਉਨਾਂ ਨੂੰ ਸਦਾ ਲਈ ਘਸਿਆਰੇ ਬਣਾਉਣਾ ਚਾਹੁੰਦੀ ਹੈ ਅਤੇ ਮੁੱਖ ਰੂਪ ਵਿਚ ਸਿੱਖ ਕਿਸਾਨੀ ਨੂੰ ਸਦਾ ਲਈ ਆਪਣੇ ਆਰਥਿਕ ਗ਼ੁਲਾਮ ਬਣਾ ਕੇ ਉਨਾਂ ਦੇ ਸਿੱਖ ਸਵੈਮਾਣ ਨੂੰ ਕੁਚਲਨਾ ਚਾਹੁੰਦੀ ਹੈ। ਜੇ ਕੋਈ ਇਹ ਸੋਚਦਾ ਹੈ ਕਿ ਘੱਟੋ ਘਟ ਸਹਾਇਕ ਕੀਮਤ ਉੱਤੇ ਫ਼ਸਲਾਂ ਦੀ ਵਿੱਕਰੀ ਜਾਰੀ ਰਹਿਣ ਨਾਲ ਕਿਸਾਨੀ ਦਾ ਇਹ ਸੰਕਟ ਹੱਲ ਹੋ ਜਾਵੇਗਾ, ਉਹ ਗ਼ਲਤਫ਼ਹਿਮੀ ਦਾ ਸ਼ਿਕਾਰ ਹੈ। ਪੰਜਾਬ ਦੀ ਕਿਸਾਨੀ ਦਾ ਸੰਕਟ ਮੌਜੂਦਾ ਸੰਸਾਰ ਸਾਮਰਾਜੀ ਸੰਕਟ ਦਾ ਅਟੁੱਟ ਅੰਗ ਹੈ ਤੇ ਇਸ ਦਾ ਮੂਲ ਕਾਰਨ ਪੂੰਜੀਵਾਦੀ ਆਰਥਿਕ ਰਿਸ਼ਤੇ ਹਨ। ਜਿੰਨਾ ਚਿਰ ਇਹਨਾਂ ਰਿਸ਼ਤਿਆਂ ਨੂੰ ਨਹੀਂ ਬਦਲਿਆ ਜਾਂਦਾ ਓਨੀ ਦੇਰ ਇਸ ਸੰਕਟ ਦਾ ਸਥਾਈ ਹੱਲ ਨਹੀਂ ਹੋ ਸਕਦਾ। ਯਾਦ ਰੱਖਣਾ ਚਾਹੀਦਾ ਹੈ ਕਿ ਪੰਜਾਬ ਦੇ ਇਸੇ ਸਰਬ ਪੱਖੀ ਸੰਕਟ ਨੂੰ ਹੱਲ ਕਰਨ ਲਈ, 1980 ਦੇ ਆਰੰਭ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਧਰਮ ਯੁੱਧ ਮੋਰਚਾ ਲਾਇਆ ਸੀ।

26 ਜੁਲਾਈ, 1981 ਨੂੰ ਸ੍ਰੀ ਅੰਮ੍ਰਿਤਸਰ ਵਿਖੇ ਉਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਨੇ ਪੰਜਾਬ ਦੀ ਧਾਰਮਿਕ, ਰਾਜਸੀ, ਆਰਥਿਕ, ਸਮਾਜਿਕ ਅਧੀਨਗੀ ਤੇ ਨਾਬਰਾਬਰੀ ਦੀਆਂ ਜ਼ੰਜੀਰਾਂ ਤੋੜਨ ਲਈ ਹੀ ਧਰਮ ਯੁੱਧ ਮੋਰਚੇ ਦਾ ਐਲਾਨ ਕੀਤਾ ਸੀ। ਉਸ ਐਲਾਨ ਵਿਚ ਸਪਸ਼ਟ ਕੀਤਾ ਗਿਆ ਸੀ ਕਿ ਜਗਤ ਇਤਿਹਾਸ ਇਹ ਸਾਖੀ ਭਰ ਰਿਹਾ ਹੈ ਕਿ ਮਾਨਵ ਕਲਿਆਣੀ ਜਮਾਤ ਦਾ, ਸਦਾ ਮਾਨਸ ਖਾਣੀ ਜਮਾਤ ਨਾਲ, ਟਕਰਾਅ ਰਿਹਾ ਹੈ। ਪੰਦ੍ਰਵੀਂ ਸਦੀ ਵਿਚ ਸਤਿਗੁਰੂ ਨਾਨਕ ਦੇਵ ਜੀ ਨੇ ਹਨੇਰੇ ਵਿਚ ਭਟਕਦੀ ਮਨੁੱਖਤਾ ਨੂੰ ਸੱਚ ਦਾ ਮਾਰਗ ਦਿਖਾਇਆ ਤਾਂ ਕਿ ਮਨੁੱਖਤਾ ਸਮਾਜਿਕ ਮੁਕਤੀ ਦੇ ਮਾਰਗ ਉੱਤੇ ਚਲਦਿਆਂ ਆਤਮਿਕ ਮੁਕਤੀ ਦੀ ਮੰਜ਼ਿਲ ਪਾ ਸਕੇ। ਇਸ ਪਾਵਨ ਆਸ਼ੇ ਦੀ ਪੂਰਤੀ ਲਈ ਹੀ ਦਸ ਗੁਰੂ ਸਾਹਿਬਾਨ ਨੇ 225 ਸਾਲ ਮਹਾਨ ਕੁਰਬਾਨੀਆਂ ਕਰ ਕੇ, ਤੱਤੀਆਂ ਤਵੀਆਂ ਉੱਤੇ ਬੈਠ ਕੇ, ਦਿੱਲੀ ਵਿਚ ਸੀਸ ਦੇ ਕੇ, ਸਰਬੰਸ ਵਾਰ ਕੇ, ਆਪਣੇ ਅਮਲੀ ਜੀਵਨ ਰਾਹੀਂ ਸਿੱਖੀ ਦਾ ਪ੍ਰਚਾਰ ਕੀਤਾ। ਸਰਬੰਸ ਦਾਨੀ ਦਸਮੇਸ਼ ਪਿਤਾ ਜੀ ਨੇ 1699 ਦੀ ਵਿਸਾਖੀ ਦੇ ਪਵਿੱਤਰ ਦਿਹਾੜੇ ਸਿੱਖ ਕੌਮ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਖ਼ਾਲਸੇ ਦੀ ਸਿਰਜਣਾ ਕੀਤੀ ਤੇ ਮਾਨਵਤਾ ਦੇ ਕਲਿਆਣ ਲਈ ਹਮੇਸ਼ਾ ਉੱਦਮਸ਼ੀਲ ਰਹਿਣ ਤੇ ਸੱਚ ਲਈ ਸੀਸ ਵਾਰਨ ਦਾ ਉਪਦੇਸ਼ ਦਿੱਤਾ। ਖ਼ਾਲਸਾ ਪੰਥ ਨੇ ਆਪਣੀ ਕਰਨੀ, ਬੀਰਤਾ ਤੇ ਕੁਰਬਾਨੀਆਂ ਨਾਲ ਸਦੀਆਂ ਦਾ ਇਤਿਹਾਸ ਬਦਲ ਦਿੱਤਾ। ਸਿੱਖ ਕੌਮ ਨੇ ਧਾੜਵੀਆਂ ਦੇ ਲੱਗੇ ਪੈਰਾਂ ਦੇ ਨਿਸ਼ਾਨਾਂ ਨੂੰ ਆਪਣੇ ਖ਼ੂਨ ਨਾਲ ਧੋ ਕੇ ਪੰਜਾਬ ਦੀ ਧਰਤੀ ਉੱਤੇ ਖ਼ਾਲਸਾ ਰਾਜ ਸਥਾਪਿਤ ਕੀਤਾ, ਜਿਹੜਾ ਪੰਥਕ ਗ਼ੱਦਾਰਾਂ ਤੇ ਨਮਕ-ਹਰਾਮੀਆਂ ਦੀਆਂ ਕਰਤੂਤਾਂ ਕਾਰਨ ਖ਼ਤਮ ਹੋ ਗਿਆ ਤੇ ਸਿੱਖ ਕੌਮ ਅੰਗਰੇਜ਼ਾਂ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜੀ ਗਈ।

ਭਾਰਤੀ ਸੁਤੰਤਰਤਾ ਸੰਗਰਾਮ ਵਿਚ ਸਿੱਖ ਕੌਮ ਨੇ ਵਡਮੁੱਲਾ ਹਿੱਸਾ ਪਾਇਆ। 500 ਸਿੰਘ ਅਕਾਲੀ ਲਹਿਰ ਵਿਚ ਸ਼ਹੀਦ ਹੋਏ, 93 ਸਿੰਘਾਂ ਨੇ ਫਾਂਸੀ ਦੇ ਰਸਿਆਂ ਨੂੰ ਚੁੰਮਿਆਂ, 67 ਸਿੰਘ ਬਜਬਜ ਘਾਟ ਉੱਤੇ ਮੌਤ ਦੇ ਘਾਟ ਉਤਾਰੇ ਗਏ, 91 ਕੂਕੇ ਸਿੱਖ ਤੋਪਾਂ ਨਾਲ ਉਡਾਏ ਗਏ, 790 ਸਿੰਘ ਜਲਿਆਂ ਵਾਲੇ ਬਾਗ ਦੇ ਖ਼ੂਨੀ ਕਾਂਡ ਵਿਚ ਅੰਗਰੇਜ਼ਾਂ ਦੀਆਂ ਗੋਲੀਆਂ ਦਾ ਨਿਸ਼ਾਨਾ ਬਣੇ, 2147 ਸਿੱਖ ਜਲਾਵਤਨ ਕਰਕੇ ਕਾਲੇ ਪਾਣੀ ਭੇਜੇ ਗਏ। ਸਿੱਖ ਕੌਮ ਨੇ ਪੁਰ-ਅਮਨ ਜਲੂਸਾਂ ਵਿਚ ਲਾਠੀਆਂ, ਗੋਲੀਆਂ ਖਾ ਕੇ, ਕਾਲ ਕੋਠੜੀਆਂ ਵਿਚ ਜਾ ਕੇ, ਜਾਇਦਾਦਾਂ ਕੁਰਕ ਕਰਵਾ ਕੇ, ਅਸਹਿ ਤੇ ਅਕਹਿ ਕੁਰਬਾਨੀਆਂ ਕਰਕੇ, ਅੰਗਰੇਜ਼ਾਂ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਿਆ ਅਤੇ ਸਿੱਖ ਕੌਮ ਦੀ ਕਿਸਮਤ ਨੂੰ ਆਜ਼ਾਦ ਭਾਰਤ ਨਾਲ ਜੋੜਿਆ, ਜਿਸ ਬਦਲੇ ਪੰਜ ਲੱਖ ਸਿੱਖ ਪਾਕਿਸਤਾਨ ਵਿਚ ਸ਼ਹੀਦ ਹੋਇਆ ਤੇ ਸਿੱਖ ਕੌਮ ਨੂੰ ਕਰੋੜਾਂ ਅਰਬਾਂ ਰੁਪਏ ਦੀ ਜਾਇਦਾਦ ਤੋਂ ਹੱਥ ਧੋਣੇ ਪਏ ਤੇ ਜਾਨ-ਮਾਲ ਨਾਲੋਂ ਪਿਆਰੇ ਗੁਰਧਾਮਾਂ ਤੋਂ ਵਿਛੜਨਾ ਪਿਆ। ਪਰ ਕਾਂਗਰਸ ਨੇ ਸਿੱਖ ਕੌਮ ਨਾਲ ਕੀਤੇ ਰਾਜਸੀ ਵਾਅਦਿਆਂ ਤੋਂ ਮੁਨਕਰ ਹੋ ਕੇ ਆਜ਼ਾਦ ਭਾਰਤ ਵਿਚ ਸਿੱਖ ਕੌਮ ਨਾਲ ਸਦਾ ਦੂਜੇ ਦਰਜੇ ਦੇ ਸ਼ਹਿਰੀਆਂ ਵਾਲਾ ਸਲੂਕ ਕੀਤਾ ਤੇ ਸਿੱਖ ਕੌਮ ਨੂੰ ਧਾਰਮਿਕ, ਰਾਜਸੀ, ਆਰਥਿਕ ਤੇ ਸਮਾਜਿਕ ਪੱਖੋਂ ਅਧੀਨ ਬਣਾਉਣ ਦੀਆਂ ਕੋਝੀਆਂ ਸਾਜ਼ਿਸ਼ਾਂ ਕੀਤੀਆਂ, ਜਿਵੇਂ ਕਿ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਤੇ 1947 ਤੋਂ 1955 ਤਕ ਕਾਂਗਰਸ ਸਰਕਾਰ ਵੱਲੋਂ ਆਰਥਿਕ ਤੇ ਰਾਜਸੀ ਸ਼ਕਤੀ ਰਾਹੀਂ ਆਪਣੇ ਏਜੰਟਾਂ ਦਾ ਕਬਜ਼ਾ ਕਰਵਾਉਣਾ। ਪਾਕਿਸਤਾਨ ਵਿਚ ਰਹਿ ਗਏ ਗੁਰਧਾਮਾਂ ਦੀ ਸੇਵਾ-ਸੰਭਾਲ ਸਿੱਖਾਂ ਦੇ ਹੱਥਾਂ ਵਿਚ ਦਿਵਾਉਣ ਲਈ ਕੋਈ ਯਤਨ ਨਾ ਕਰਨਾ। ਪ੍ਰਦੇਸਾਂ ਤੇ ਬਦੇਸਾਂ ਵਿਚ ਵੱਸਦੇ ਸਿੱਖਾਂ ਦੇ ਜਾਨ-ਮਾਲ ਤੇ ਧਰਮ ਦੀ ਸੁਰੱਖਿਆ ਵੱਲੋਂ ਅਵੇਸਲੇ ਰਹਿਣਾ। 1971 ਵਿਚ ਦਿੱਲੀ ਦੇ ਗੁਰਦੁਆਰਿਆਂ ਉੱਤੇ ਜਬਰਨ ਕਬਜ਼ਾ ਕਰਨਾ ਤੇ 15,000 ਸਿੰਘਾਂ ਦੀਆਂ ਗ੍ਰਿਫ਼ਤਾਰੀਆਂ ਤੋਂ ਬਾਅਦ ਦਿੱਲੀ ਗੁਰਦੁਆਰਾ ਐਕਟ ਬਣਾਉਣਾ ਪਰ ਚੋਣਾਂ ਨਾ ਕਰਵਾਉਣੀਆਂ। ਹਰਿਆਣੇ ਦੇ ਗੁਰਦੁਆਰਿਆਂ ਵਿਚ ਲੈਂਡ ਸੀਲਿੰਗ ਐਕਟ ਲਾਗੂ ਕਰਨਾ। ਪੰਦਰਾਂ ਵੱਖ-ਵੱਖ ਤੀਰਥ ਅਸਥਾਨਾਂ ਦੇ ਨਾਮ ਉੱਤੇ ਰੇਲ ਗੱਡੀਆਂ ਦੇ ਨਾਮ ਰੱਖਣੇ ਪਰ ਹਰਿਮੰਦਰ ਸਾਹਿਬ ਐਕਸਪ੍ਰੈੱਸ ਨਾਮ ਰੱਖਣ ਤੋਂ ਇਨਕਾਰ ਕਰਨਾ। ਹਰਿਦੁਆਰ, ਕਾਂਸ਼ੀ ਤੇ ਕੁਰੂਕਸ਼ੇਤਰ ਸ਼ਹਿਰਾਂ ਨੂੰ ਧਾਰਮਿਕ ਸ਼ਹਿਰਾਂ ਦਾ ਦਰਜਾ ਦੇਣਾ ਪਰ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਧਾਰਮਿਕ ਸ਼ਹਿਰ ਦਾ ਦਰਜਾ ਦੇਣ ਤੋਂ ਵਾਵੇਲਾ ਕਰਨਾ।

ਦਰਬਾਰ ਸਾਹਿਬ ਵਿਚ ਟ੍ਰਾਂਸਮੀਟਰ ਲਾਉਣ ਦੀ ਆਗਿਆ ਨਾ ਦੇਣਾ। ਆਲ ਇੰਡੀਆ ਗੁਰਦੁਆਰਾ ਐਕਟ ਨਾ ਬਣਾਉਣਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿੱਖਾਂ ਦੀ ਇੱਕੋ-ਇਕ ਪ੍ਰਤੀਨਿਧ ਸੰਸਥਾ ਮੰਨਣ ਤੋਂ ਇਨਕਾਰੀ ਹੋਣਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਾਕਿਸਤਾਨ ਤੀਰਥ ਯਾਤਰੂ ਭੇਜਣ ਦੇ ਹੱਕ ਉੱਤੇ ਛਾਪਾ ਮਾਰਨਾ। ਸਿੱਖਾਂ ਦੀਆਂ ਧਾਰਮਿਕ ਰਹੁ-ਰੀਤਾਂ ਵਿਚ ਦਖ਼ਲ ਦੇਣਾ ਤੇ ਸਿੱਖ ਪਰੰਪਰਾਵਾਂ ਤੇ ਰਵਾਇਤਾਂ ਦੀ ਪਵਿੱਤਰਤਾ ਨੂੰ ਭੰਗ ਕਰਨਾ। ਧਰਮ ਨਿਰਪੱਖਤਾ ਦੀ ਢੰਡੋਰਚੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦਾ ਗੈਰ-ਵਿਧਾਨਿਕ, ਪੂਰਨ ਤੌਰ ਉੱਤੇ ਪੁਲਿਸ ਸ਼ਕਤੀ ਦੀ ਸ਼ਰਮਨਾਕ ਵਰਤੋਂ ਕਰਕੇ ਦਿੱਲੀ ਦੇ ਗੁਰਧਾਮਾਂ ਉੱਤੇ ਕਬਜ਼ਾ ਕਰਨਾ। ਕਾਂਗਰਸ ਨੇ ਸਿੱਖ ਕੌਮ ਨੂੰ ਰਾਜਸੀ ਵਚਨ ਦਿੱਤਾ ਸੀ ਕਿ ਉੱਤਰੀ ਭਾਰਤ ਵਿਚ ਇਕ ਅਜਿਹੇ ਖ਼ਿੱਤੇ ਦਾ ਪ੍ਰਬੰਧ ਕੀਤਾ ਜਾਵੇਗਾ, ਜਿਸ ਵਿਚ ਸਿੱਖ ਆਜ਼ਾਦੀ ਦਾ ਪੂਰਨ ਅਨੰਦ ਮਾਣ ਸਕਣਗੇ, ਪਰ ਭਾਰਤ ਦੀ ਹੋਮ-ਮਨਿਸਟਰੀ ਨੇ 1947 ਵਿਚ ਹੀ ਸਿੱਖਾਂ ਨੂੰ ਜਰਾਇਮ ਪੇਸ਼ਾ ਕਰਾਰ ਦੇ ਦਿੱਤਾ। ਭਾਰਤ ਵਿਚ ਬੋਲੀ ਦੇ ਆਧਾਰ ਉੱਤੇ ਸੂਬੇ ਸਥਾਪਤ ਕਰਨਾ ਪਰ ਪੰਜਾਬੀ ਸੂਬੇ ਦੇ ਨਾਹਰੇ ਉੱਤੇ ਪਾਬੰਦੀ ਲਾਉਣੀ। ਸਿੱਖ ਕੌਮ ਨੇ 18 ਸਾਲ ਜੱਦੋ-ਜਹਿਦ ਕਰਕੇ, ਜਾਇਦਾਦਾਂ ਕੁਰਕ ਕਰਵਾ ਕੇ, 75 ਜੱਦੋ-ਜਹਿਦ ਸਿੰਘ ਜੇਲਾਂ ਜਾ ਕੇ, ਜੇਲਾਂ ਵਿਚ ਗੋਲੀਆਂ ਖਾ ਕੇ, ਬੱਚੇ ਖੂਹਾਂ ਵਿਚ ਸੁਟਵਾ ਕੇ, ਲਾਠੀ ਗੋਲੀ ਦੀ ਕਾਂਗਰਸ ਸਰਕਾਰ ਨੂੰ ਪੰਜਾਬੀ ਸੂਬਾ ਬਣਾਉਣ ਲਈ ਮਜਬੂਰ ਕੀਤਾ। ਪੰਜਾਬ ਤੋਂ ਪੰਜਾਬੀ ਬੋਲਦੇ ਇਲਾਕੇ, ਪੰਜਾਬ ਦੀ ਰਾਜਧਾਨੀ ਚੰਡੀਗੜ, ਪੰਜਾਬ ਦੇ ਹੈੱਡ ਵਰਕਸ ਦਾ ਪ੍ਰਬੰਧ ਤੇ ਦਰਿਆਵਾਂ ਦੇ ਪਾਣੀ ਤੇ ਬਿਜਲੀ ਨੂੰ ਖੋਹਣਾ।

ਭਾਰਤੀ ਵਿਧਾਨ ਅਸਲੀ ਫੈਡਰਲ ਰੂਪ ਵਿਚ ਢਾਲ ਕੇ ਪ੍ਰਦੇਸ਼ਾਂ ਨੂੰ ਅੰਦਰੂਨੀ ਖ਼ੁਦਮੁਖ਼ਤਾਰੀ ਨਾ ਦੇਣਾ, ਸਗੋਂ ਰਾਜਸੀ ਸ਼ਕਤੀ ਦਾ ਕੇਂਦਰੀਕਰਨ ਕਰਨਾ। ਨਹਿਰੂ ਭਾਸ਼ਾਈ ਫ਼ਾਰਮੂਲੇ ਅਨੁਸਾਰ ਪੰਜਾਬ ਦੇ ਗੁਆਂਢੀ ਰਾਜਾਂ ਵਿਚ ਪੰਜਾਬੀ ਨੂੰ ਦੂਸਰੀ ਭਾਸ਼ਾ ਦਾ ਦਰਜਾ ਨਾ ਦੇਣਾ। ਸਿੱਖਾਂ ਦੀ ਫ਼ੌਜ ਵਿਚ ਭਰਤੀ 20 ਫ਼ੀਸਦੀ ਤੋਂ ਘਟਾ ਕੇ ਡੇਢ ਫ਼ੀਸਦੀ ਕਰ ਦੇਣੀ। ਸਿੱਖਾਂ ਦੇ ਇੱਕੋ-ਇਕ ਪੰਜਾਬ ਐਂਡ ਸਿੰਧ ਬੈਂਕ ਦਾ ਕੌਮੀਕਰਨ ਕਰਨਾ। ਸਿੱਖਾਂ ਦਾ ਪਰਸਨਲ ਲਾਅ ਨਾ ਮੰਨਣਾ। ਸਿੱਖ ਸਭਿਆਚਾਰ ਦੀ ਪ੍ਰਫੁੱਲਤਾ ਲਈ ਰੇਡੀਓ ਤੇ ਟੀ ਵੀ ਰਾਹੀਂ ਕੋਈ ਉੱਦਮ ਨਾ ਕਰਨਾ, ਸਗੋਂ ਫ਼ਿਲਮਾਂ ਤੇ ਟੀ ਵੀ ਉੱਤੇ ਸਿੱਖ ਕਰੈਕਟਰ ਨੂੰ ਘਟੀਆ ਬਣਾ ਕੇ ਪੇਸ਼ ਕਰਨਾ। ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਡਰਾਈ ਪੋਰਟ ਨਾ ਬਣਾਉਣਾ। ਪੰਜਾਬ ਨੂੰ ਕੇਂਦਰੀ ਸਹਾਇਤਾ ਵਿਚੋਂ ਸਭ ਤੋਂ ਘਟ ਰਕਮ ਦੇਣਾ। ਅਕਾਲੀ ਸਰਕਾਰਾਂ ਨੂੰ ਪੰਜ ਸਾਲ ਦਾ ਪੂਰਾ ਸਮਾਂ ਨਾ ਕਰਨ ਦੇਣਾ ਤੇ ਗੈਰ-ਵਿਧਾਨਿਕ ਤੇ ਭ੍ਰਿਸ਼ਟਾਚਾਰ ਰਾਹੀਂ ਦਲ-ਬਦਲੀ ਕਰਵਾ ਕੇ ਅਕਾਲੀ ਸਰਕਾਰਾਂ ਨੂੰ ਤੋੜਨਾ।

ਪੰਜਾਬੀਆਂ ਉੱਪਰ ਬੇਵਿਸ਼ਵਾਸੀ ਪ੍ਰਗਟ ਕਰਦਿਆਂ ਹੋਇਆਂ ਨਿੱਜੀ ਸੁਰੱਖਿਆ ਲਈ ਦਿੱਤੇ ਲਾਇਸੰਸੀ ਹਥਿਆਰਾਂ ਨੂੰ ਖੋਹ ਕੇ ਉਨਾਂ ਨੂੰ ਨਿਹੱਥੇ ਬਣਾਉਣਾ। ਆਰਥਿਕ ਸ਼ਕਤੀ 5 ਪ੍ਰਤੀਸ਼ਤ ਅਮੀਰ ਲੋਕਾਂ ਦੇ ਹੱਥਾਂ ਵਿਚ ਇਕੱਠੀ ਕਰਕੇ ਗ਼ਰੀਬੀ-ਅਮੀਰੀ ਦੇ ਪਾੜੇ ਨੂੰ ਹੋਰ ਵਧਾਉਣਾ। ਕਾਂਗਰਸ ਵੱਲੋਂ 34 ਸਾਲਾਂ ਦੇ ਰਾਜ-ਕਾਲ ਵਿਚ 34 ਕਰੋੜ ਲੋਕਾਂ ਨੂੰ ਅਤਿ ਗ਼ਰੀਬ ਬਣਾ ਕੇ ਰੱਖ ਦੇਣਾ। ਪੰਜਾਬ ਨੂੰ ਤਜ਼ਾਰਤੀ ਮੰਡੀ ਬਣਾ ਕੇ ਇਸ ਦੀ ਲੁੱਟ-ਖਸੁੱਟ ਕਰਨਾ। ਕਾਂਗਰਸ ਵੱਲੋਂ ਜਮਾਂ ਖੋਰੀ, ਮੁਨਾਫ਼ਾਖ਼ੋਰ ਤੇ ਚੋਰ-ਬਾਜ਼ਾਰੀ ਨੂੰ ਵਧਾ ਕੇ ਜਨਤਾ ਨੂੰ ਮਹਿੰਗਾਈ ਦੀ ਚੱਕੀ ਵਿਚ ਪੀਹਣਾ। ਪੰਜਾਬ ਨੂੰ ਆਰਥਿਕ ਪੱਖੋਂ ਪਛੜਿਆ ਰੱਖਣ ਲਈ ਪੰਜਾਬ ਵਿਚ ਵੱਡੇ ਕਾਰਖ਼ਾਨੇ ਨਾ ਲਾਉਣਾ। ਪੰਜਾਬੀ ਕਿਸਾਨਾਂ ਨੂੰ ਯੂ ਪੀ ਤੇ ਹਰਿਆਣੇ ਵਿਚੋਂ ਉਜਾੜਨ ਦੀਆਂ ਕੋਝੀਆਂ ਹਰਕਤਾਂ ਕਰਨੀਆਂ। ਕਿਸਾਨ ਦੀ ਜ਼ਮੀਨ ਦੀ ਹੱਦ ਸਾਢੇ 7 ਹੈਕਟਰ ਨਿਸ਼ਚਿਤ ਕਰਨਾ ਪਰ ਸ਼ਹਿਰੀ ਜਾਇਦਾਦ ਤੇ ਆਮਦਨ ਨੂੰ ਸੀਮਤ ਨਾ ਕਰਨਾ। ਕਿਸਾਨ ਨੂੰ ਫ਼ਸਲ ਦੇ ਬੀਮੇ ਦੀਆਂ ਸਹੂਲਤਾਂ ਨਾ ਦੇਣਾ। ਕਿਸਾਨ ਨੂੰ ਸਨਅਤੀ ਦਰਾਂ ਦੇ ਆਧਾਰ ਉੱਤੇ ਕਰਜ਼ਾ ਨਾ ਦੇਣਾ। ਕਿਸਾਨ ਦੀ ਜਿਨਸ ਦੇ ਭਾਅ ਨੂੰ ਪੈਦਾਵਾਰੀ ਸਾਧਨਾਂ ਦੇ ਭਾਅ ਨਾਲ ਜੋੜ ਕੇ, ਉਸ ਦੀ ਪੈਦਾਵਾਰ ਦਾ ਯੋਗ ਮੁੱਲ ਨਾ ਦੇਣਾ।

ਕਿਸਾਨ ਦੀ ਜਿਨਸ ਨੂੰ ਸਸਤੇ ਭਾਅ ਲੁੱਟਣਾ ਅਤੇ ਖਪਤਕਾਰਾਂ ਨੂੰ ਮਹਿੰਗੇ ਭਾਅ ਵੇਚਣਾ। ਦਲਿਤਾਂ, ਕਮਜ਼ੋਰ ਵਰਗਾਂ, ਮਜ਼ਦੂਰਾਂ ਤੇ ਮੁਲਾਜ਼ਮਾਂ ਦੇ ਹੱਕਾਂ ਦੀ ਰਾਖੀ ਲਈ ਯੋਗ ਕਦਮ ਨਾ ਪੁੱਟਣਾ। ਦੇਸ ਵਿਚ ਵਾਪਰੇ ਹਰ ਕੁਦਰਤੀ ਅਤੇ ਗੈਰ-ਕੁਦਰਤੀ ਕਹਿਰ ਲਈ ਮਾਲੀ ਸਹਾਇਤਾ ਦੇਣਾ ਪਰ ਪੰਜਾਬ ਵਿਚ ਦੋ ਜੰਗਾਂ ਦੀ ਵਾਪਰੀ ਭਿਆਨਕ ਤਬਾਹੀ ਦਾ ਕੋਈ ਮੁਆਵਜ਼ਾ ਨਾ ਦੇਣਾ।

**ਬਾਕੀ ਸਫ਼ਾ 29 'ਤੇ**

# ਵਿਸ਼ਵ ਅੰਦਰ ਲੋਕਤੰਤਰ ਸੰਕਟ ਵਿਚ ਭਾਰਤ ਜਮਹੂਰੀਅਤ ਪੱਖ ਤੋਂ ਨਿਘਰਿਆ

## ਪੱਤਰਕਾਰਾਂ ਦੀ ਗ੍ਰਿਫ਼ਤਾਰੀ ਤੇ ਮੀਡੀਆ ਵੱਲੋਂ ਸੈਲਫ ਸੈਂਸਰਸ਼ਿਪ ਦੀਆਂ ਘਟਨਾਵਾਂ ਵਧੀਆਂ ਤੇ ਨਿਆਂ ਪ੍ਰਣਾਲੀ ਕਮਜ਼ੋਰ ਪਈ

**- ਅੱਬਾਸ ਧਾਲੀਵਾਲ**

ਇੱਕ ਹਕੀਕੀ ਲੋਕਤੰਤਰਿਕ ਦੇਸ਼ ਵਿੱਚ ਮੁਲਕ ਦੀ ਆਵਾਮ ਨੂੰ ਜੇਕਰ ਹੁਕਮਰਾਨ ਜਮਾਤ ਦੀਆਂ ਨੀਤੀਆਂ ਵਿੱਚ ਆਪਣੇ ਹਿਤ ਸੁਰੱਖਿਅਤ ਨਾ ਲੱਗਣ ਤਾਂ ਹਾਕਮਾਂ ਨੂੰ ਆਪਹੁਦਰੇ ਅਧਿਕਾਰ ਨਹੀਂ ਹੋਣੇ ਚਾਹੀਦੇ ਕਿ ਉਹ ਆਪਣੀਆਂ ਨੀਤੀਆਂ ਰਾਸ਼ਟਰੀ ਹਿਤ ਦੇ ਨਾਂ ਹੇਠ ਥੋਪਣ ਅਤੇ ਕਾਨੂੰਨਾਂ ਨੂੰ ਜਬਰਨ ਆਲੋਚਕਾਂ ਦੀ ਜ਼ੁਬਾਨ ਬੰਦੀ ਲਈ ਹਥਿਆਰ ਬਣਾ ਕੇ ਇਸਤੇਮਾਲ ਕਰਨ। ਜਮਹੂਰੀਅਤ ਦਰਅਸਲ ਵਿਚਾਰਾਂ ਦੇ ਪ੍ਰਗਟਾਵੇ, ਘੱਟ ਗਿਣਤੀਆਂ ਅਤੇ ਦਲਿਤਾਂ ਲਈ ਬੇਖ਼ੌਫ ਅਤੇ ਬਰਾਬਰੀ ਦੇ ਸਿਆਸੀ ਅਤੇ ਸਮਾਜਿਕ ਮਾਹੌਲ ਵਿੱਚ ਹੀ ਫਲਦੀ-ਫੁੱਲਦੀ ਹੈ। ਲੋਕਤੰਤਰ ਵਿੱਚ ਅਸਹਿਮਤੀ ਅਤੇ ਵਿਰੋਧੀ ਵਿਚਾਰ ਰੱਖਣ ਦੇ ਹੱਕ ਦਾ ਸਨਮਾਨ ਕਰਕੇ ਹੀ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਬਚਾਇਆ ਜਾ ਸਕਦਾ ਹੈ।

ਜਮਹੂਰੀਅਤ ਦੇ ਸੰਦਰਭ ਵਿੱਚ 'ਸਾਰੇ ਜਹਾਂ ਸੇ ਅੱਛਾ ਹਿੰਦੁਸਤਾਂ ਹਮਾਰਾ' ਤਰਾਨਾ ਲਿਖਣ ਵਾਲੇ ਸ਼ਾਇਰ ਇਕਬਾਲ ਨੇ ਇੱਕ ਵਾਰ ਕੌੜਾ ਸੱਚ ਬਿਆਨ ਕਰਦਿਆਂ ਕਿਹਾ ਸੀ:

ਇਸ ਰਾਜ਼ ਕੋ ਇੱਕ ਮਰਦ-ਏ-ਫਿਰੰਗੀ ਨੇ ਕੀਯਾ ਫਾਸ਼।<br>
ਹਰ ਚੰਦ ਕੇ ਦਾਨਾ ਇਸੇ ਖੋਲਾ ਨਹੀਂ ਕਰਤੇ।<br>
ਜਮਹੂਰੀਅਤ ਇੱਕ ਤਰਜ਼-ਏ-ਹਕੂਮਤ ਕਿ ਜਿਸ ਮੇਂ।<br>
ਬੰਦੋਂ ਕੋ ਗਿਨਾ ਕਰਤੇ ਹੈਂ ਤੋਲਾ ਨਹੀਂ ਕਰਤੇ।

ਪਿਛਲੇ ਲੰਮੇ ਸਮੇਂ ਤੋਂ ਸਾਡਾ ਦੇਸ਼ ਵਿਸ਼ਵ ਦੀ ਵੱਡੀ ਜਮਹੂਰੀਅਤ ਕਹਾਉਣ ਦਾ ਦਮ ਭਰਦਾ ਆ ਰਿਹਾ ਹੈ। ਪ੍ਰੰਤੂ ਹੁਣ 'ਵੀ-ਡੈਮ ਇੰਸਟੀਚਿਊਟ' ਨੇ ਆਪਣੀ ਰਿਪੋਰਟ ਵਿੱਚ ਦੇਸ਼ ਦੇ ਲੋਕਤੰਤਰ ਦੇ ਡਿਗ ਰਹੇ ਮਿਆਰ, ਕਮਜ਼ੋਰ ਹੋ ਰਹੀ ਵਿਵਸਥਾ ਦੇ ਸੰਦਰਭ ਵਿੱਚ ਜੋ ਵਿਚਾਰ ਪ੍ਰਗਟਾਏ ਹਨ, ਉਹ ਯਕੀਨਨ ਸਾਡੇ ਸਭਨਾਂ ਲਈ ਚਿੰਤਾ ਦਾ ਵਿਸ਼ਾ ਹਨ।

ਇਸ ਰਿਪੋਰਟ ਨੂੰ ਸਵੀਡਨ ਦੀ ਗੋਟੇਨਬਰਗ ਯੂਨੀਵਰਸਿਟੀ ਨਾਲ ਜੁੜੀ 'ਵੀ-ਡੈਮ ਇੰਸਟੀਚਿਊਟ' ਨਾਮੀ ਸੰਸਥਾ ਨੇ ਤਿਆਰ ਕੀਤਾ ਹੈ। ਇਸ ਸੰਸਥਾ ਦੇ ਅਧਿਕਾਰੀ ਦਾ ਮੰਨਣਾ ਹੈ ਕਿ ਭਾਰਤ ਵਿੱਚ ਲੋਕਤੰਤਰ ਦੀ ਵਿਗੜਦੀ ਸਥਿਤੀ ਦੀ ਉਨ੍ਹਾਂ ਨੂੰ ਫ਼ਿਕਰ ਹੈ। ਰਿਪੋਰਟ ਵਿੱਚ 'ਉਦਾਰ ਲੋਕਤੰਤਰ ਇੰਡੈਕਸ' ਵਿੱਚ ਭਾਰਤ ਨੂੰ 179 ਦੇਸ਼ਾਂ ਵਿੱਚੋਂ 90ਵਾਂ ਸਥਾਨ ਮਿਲਿਆ ਹੈ - ਜੋ ਯਕੀਨਨ ਦੇਸ਼ ਵਾਸੀਆਂ ਲਈ ਫ਼ਿਕਰ ਵਾਲੀ ਗੱਲ ਹੈ। ਇਸ ਰਿਪੋਰਟ ਦੇ ਇੰਡੈਕਸ ਵਿੱਚ ਡੈਨਮਾਰਕ ਪਹਿਲੇ ਸਥਾਨ 'ਤੇ ਰਿਹਾ ਹੈ। ਇਸਦੇ ਨਾਲ ਹੀ ਸਾਡੇ ਗਵਾਂਢੀ ਦੇਸ਼ਾਂ ਵਿੱਚੋਂ ਸ੍ਰੀਲੰਕਾ 70ਵੇਂ ਨੰਬਰ 'ਤੇ ਬਿਰਾਜਮਾਨ ਹੈ ਜਦੋਂ ਕਿ ਨੇਪਾਲ 72ਵੇਂ, ਪਾਕਿਸਤਾਨ 126ਵੇਂ ਨੰਬਰ 'ਤੇ ਅਤੇ ਬੰਗਲਾਦੇਸ਼ 154ਵੇਂ ਸਥਾਨ 'ਤੇ ਆਏ ਹਨ।

ਰਿਪੋਰਟ ਵਿੱਚ ਭਾਰਤ ਦੇ ਸੰਦਰਭ ਵਿੱਚ ਕਿਹਾ ਗਿਆ ਹੈ ਕਿ ਮੀਡੀਆ, ਸਿਵਲ ਸੁਸਾਇਟੀ ਅਤੇ ਸਰਕਾਰ ਵਿੱਚ ਵਿਰੋਧੀ ਧਿਰ ਦੀ ਥਾਂ ਘੱਟ ਹੁੰਦੀ ਜਾ ਰਹੀ ਹੈ, ਜਿਸ ਕਾਰਨ ਲੋਕਤੰਤਰਿਕ ਦੇਸ਼ ਵਜੋਂ ਭਾਰਤ ਆਪਣਾ ਸਥਾਨ ਗੁਆਉਣ ਦੀ ਕਗ਼ਾਰ ਵਲ ਵਧ ਰਿਹਾ ਹੈ।

'ਵੀ-ਡੈਮ ਇੰਸਟੀਚਿਊਟ' ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਰਿਪੋਰਟ ਨੂੰ ਤਿਆਰ ਕਰਨ ਵੇਲੇ ਗਲੋਬਲ ਸਟੈਂਡਰਡ ਅਤੇ ਸਥਾਨਕ ਜਾਣਕਾਰੀਆਂ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ। ਸੰਸਥਾ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ਰਿਪੋਰਟ ਬਾਕੀ ਰਿਪੋਰਟਾਂ ਤੋਂ ਵੱਖ ਹੈ ਕਿਉਂਕਿ ਇਹ ਜਟਿਲ ਡਾਟਾ ਉੱਤੇ ਆਧਾਰਿਤ ਹੈ।

ਰਿਪੋਰਟ ਤਿਆਰ ਕਰਨ ਵਾਲੇ ਸਟਾਫ਼ਨ ਲਿੰਡਬਰਗ ਨੇ ਇੱਕ ਇੰਟਰਵਿਊ ਵਿੱਚ ਆਖਿਆ ਹੈ, ਇਹ ਮੈਂ ਜਾਂ ਪੱਛਮੀ ਦੇਸ਼ਾਂ ਵਿੱਚ ਬੈਠੇ ਲੋਕ ਭਾਰਤ ਜਾਂ ਦੂਜੇ ਦੇਸ਼ਾਂ ਵਿੱਚ ਲੋਕਤੰਤਰ ਦੀ ਦਸ਼ਾ 'ਤੇ ਨਹੀਂ ਬੋਲ ਰਹੇ ਹਨ। ਇਸਦੇ ਨਾਲ ਹੀ ਉਨ੍ਹਾਂ ਨੇ ਕਿਹਾ, ਸਾਡੇ ਨਾਲ ਤਿੰਨ ਹਜ਼ਾਰ ਤੋਂ ਵੱਧ ਮਾਹਰਾਂ ਦਾ ਇੱਕ ਨੈੱਟਵਰਕ ਜੁੜਿਆ ਹੈ, ਜਿਨ੍ਹਾਂ ਵਿੱਚ ਭਾਰਤ ਵਿੱਚ ਕੰਮ ਕਰਨ ਵਾਲੇ ਪੜ੍ਹੇ-ਲਿਖੇ ਲੋਕ ਵੀ ਹਨ, ਜੋ ਸਿਵਲ ਸੁਸਾਇਟੀ ਅਤੇ ਸਿਆਸੀ ਪਾਰਟੀਆਂ ਨੂੰ ਜਾਣਦੇ ਹਨ। ਉਨ੍ਹਾਂ ਦੀ ਮੁਹਾਰਤ ਪੱਕੀ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਸਹਿਯੋਗੀ ਕਿਸੇ ਵੀ ਇੱਕ ਦੇਸ਼ ਵਿੱਚ 400 ਇੰਡੀਕੇਟਰਸ ਨੂੰ ਲੈ ਕੇ ਲੋਕਤੰਤਰ ਦੀ ਸਿਹਤ ਨੂੰ ਪਰਖਣ ਦੀ ਕੋਸ਼ਿਸ਼ ਕਰਦੇ ਹਨ। ਇਨ੍ਹਾਂ ਵਿੱਚੋਂ ਜੋ ਇੰਡੀਕੇਟਰਸ ਹਨ ਉਨ੍ਹਾਂ ਵਿਚ ਬੋਲਣ ਦੀ ਸੁਤੰਤਰਤਾ, ਮੀਡੀਆ ਦੀ ਸੁਤੰਤਰਤਾ, ਸਿਵਲ ਸੁਸਾਇਟੀ ਦੀ ਸੁਤੰਤਰਤਾ, ਚੋਣਾਂ ਦੀ ਗੁਣਵਤਾ, ਮੀਡੀਆ ਵਿੱਚ ਵੱਖ-ਵੱਖ ਵਿਚਾਰਾਂ ਦੀ ਥਾਂ ਅਤੇ ਸਿੱਖਿਆ ਵਿੱਚ ਸੁਤੰਤਰਤਾ ਆਦਿ ਸ਼ਾਮਲ ਹਨ।

ਲਿੰਡਬਰਗ ਅਨੁਸਾਰ, 'ਮੇਰੇ ਵਿਚਾਰ ਵਿੱਚ ਪਿਛਲੇ 5 ਸਾਲ ਤੋਂ 8 ਸਾਲਾਂ ਵਿੱਚ ਸਥਿਤੀ ਵਧੇਰੇ ਵਿਗੜ ਗਈ ਹੈ। ਭਾਰਤ ਹੁਣ ਲੋਕਤੰਤਰ ਨਾ ਅਖਵਾਏ ਜਾਣ ਵਾਲੇ ਦੇਸ਼ਾਂ ਦੀ ਸੂਚੀ ਵਿੱਚ ਆਉਣ ਦੇ ਬਿਲਕੁਲ ਨੇੜੇ ਹੈ।'

ਉਨ੍ਹਾਂ ਦਾ ਇਹ ਵੀ ਮੰਨਣਾ ਹੈ, ਸਾਡੇ ਇੰਡੀਕੇਟਰਸ ਦੱਸਦੇ ਹਨ ਕਿ ਪਿਛਲੇ ਕੁਝ ਸਾਲਾਂ ਵਿੱਚ ਸਰਕਾਰ ਪ੍ਰਤੀ ਮੀਡੀਆ ਦਾ ਪੱਖ ਲੈਣ ਦਾ ਸਿਲਸਿਲਾ ਕਾਫ਼ੀ ਵਧ ਗਿਆ ਹੈ। ਸਰਕਾਰ ਵੱਲੋਂ ਪੱਤਰਕਾਰਾਂ ਨੂੰ ਤਸੀਹੇ ਦਿੱਤੇ, ਮੀਡੀਆ ਨੂੰ ਸੈਂਸਰ ਕਰਨ ਦੀ ਕੋਸ਼ਿਸ਼ ਕਰਨਾ, ਪੱਤਰਕਾਰਾਂ ਦੀ ਗ੍ਰਿਫ਼ਤਾਰੀ ਅਤੇ ਮੀਡੀਆ ਵੱਲੋਂ ਸੈਲਫ ਸੈਂਸਰਸ਼ਿਪ ਦੀਆਂ ਘਟਨਾਵਾਂ ਵਧਦੀਆਂ ਜਾ ਰਹੀਆਂ ਹਨ।

'ਵੀ-ਡੈਮ' ਦੀ ਰਿਪੋਰਟ ਮੁਤਾਬਕ ਜੀ-20 ਦੇ ਸਾਰੇ ਪ੍ਰਮੁੱਖ ਦੇਸ਼ ਅਤੇ ਦੁਨੀਆ ਦੇ ਸਾਰੇ ਖੇਤਰ ਹੁਣ 'ਤਾਨਾਸ਼ਾਹੀ ਦੀ ਤੀਜੀ ਲਹਿਰ' ਵਿੱਚੋਂ ਲੰਘ ਰਹੇ ਹਨ, ਜਿਸ ਦੀ ਲਪੇਟ ਵਿੱਚ ਭਾਰਤ ਦੇ ਨਾਲ ਨਾਲ ਬ੍ਰਾਜ਼ੀਲ, ਅਮਰੀਕਾ ਅਤੇ ਤੁਰਕੀ ਵਰਗੀਆਂ ਅਰਥ-ਵਿਵਸਥਾਵਾਂ ਆ ਚੁੱਕੀਆਂ ਹਨ। ਲਿੰਡਬਰਗ ਦਾ ਇਹ ਵੀ ਕਹਿਣਾ ਹੈ ਕਿ, ਭਾਰਤ ਵਿੱਚ ਜੋ ਹੋ ਰਿਹਾ ਹੈ, ਉਹ ਵਿਸ਼ਵ ਵਿੱਚ ਜਾਰੀ ਇੱਕ ਰੁਝਾਨ ਦਾ ਹਿੱਸਾ ਹੈ, ਜੋ ਚਿੰਤਾ ਦਾ ਵਿਸ਼ਾ ਹੈ। ਭਾਰਤ ਵਿੱਚ ਤਾਨਾਸ਼ਾਹੀ ਦੁਨੀਆ ਦੀ ਤਾਨਾਸ਼ਾਹੀ ਦੇ ਰਸਤੇ ਦਾ ਪਿੱਛਾ ਕਰ ਰਹੀ ਹੈ। ਉਹ ਇਸ ਰੁਝਾਨ ਨਾਲ ਚਿੰਤਾ ਵਿੱਚ ਹਨ। ਉਹ ਅੱਗੇ ਕਹਿੰਦੇ ਹਨ, ਚਿੰਤਾ ਦੀ ਗੱਲ ਇਹ ਹੈ ਕਿ ਦੁਨੀਆ ਦੇ ਜਿਨ੍ਹਾਂ ਲੋਕਤਾਂਤਰਿਕ ਦੇਸ਼ਾਂ ਵਿੱਚ ਇਹ ਰੁਝਾਨ ਰਿਹਾ ਹੈ, ਉਨ੍ਹਾਂ ਵਿੱਚੋਂ 80 ਫ਼ੀਸਦੀ ਤਾਨਾਸ਼ਾਹੀ ਵਿੱਚ ਪਰਿਵਰਤਿਤ ਹੋ ਗਏ ਹਨ।

ਉਕਤ ਰਿਪੋਰਟ ਦੇ ਸੰਦਰਭ ਵਿੱਚ ਇੱਕ ਨਿਊਜ਼ ਰਿਪੋਰਟ ਅਨੁਸਾਰ ਸੁਰਿਆ ਪ੍ਰਕਾਸ਼ ਦਾ ਕਹਿਣਾ ਹੈ ਕਿ ਰਿਪੋਰਟ ਕਹਿੰਦੀ ਹੈ ਕਿ ਭਾਰਤ ਵਿੱਚ ਮੀਡੀਆ ਦੀ ਥਾਂ ਸੁੰਗੜਦੀ ਜਾ ਰਹੀ ਹੈ। ਪਿਛਲੇ 8-10 ਸਾਲਾਂ ਵਿੱਚ ਸਾਡੇ ਦੇਸ਼ ਵਿੱਚ ਕੀ ਹੋਇਆ ਹੈ, ਇਸ ਦਾ ਉਨ੍ਹਾਂ ਨੂੰ ਅੰਦਾਜ਼ਾ ਹੀ ਨਹੀਂ ਹੈ। ਰਜਿਸਟਰਾਰ ਆਫ਼ ਨਿਊਜ਼ਪੇਪਰਸ ਹਰ ਸਾਲ ਅੰਕੜੇ ਜਾਰੀ ਕਰਦੇ ਹਨ, ਜਿਨ੍ਹਾਂ ਮੁਤਾਬਕ 20174 ਵਿੱਚ ਦੈਨਿਕ ਅਖ਼ਬਾਰਾਂ ਦਾ ਸਰਕੂਲੇਸ਼ਨ 14 ਕਰੋੜ ਸੀ, ਜੋ 2018 ਵਿੱਚ ਵਧ ਕੇ 24 ਕਰੋੜ ਹੋ ਗਿਆ।

ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ 'ਦੇਸ਼ ਵਿੱਚ 800 ਟੀਵੀ ਚੈਨਲ ਹਨ, ਜਿਨ੍ਹਾਂ ਵਿੱਚ 200 ਨਿਊਜ਼ ਚੈਨਲ ਹਨ। ਲੋਕਾਂ ਦੇ ਘਰਾਂ ਵਿੱਚ ਟੀਵੀ ਦੇਖਣ ਵਾਲੇ 14 ਕਰੋੜ ਸਨ, ਜੋ 2018 ਵਿੱਚ ਵਧ ਕੇ 20 ਕਰੋੜ ਹੋ ਗਏ। ਇੰਟਰਨੈੱਟ ਕੁਨੈਕਸ਼ਨ ਪੰਜ ਸਾਲਾਂ ਵਿੱਚ 15 ਕਰੋੜ ਤੋਂ 57 ਕਰੋੜ ਹੋ ਗਿਆ ਹੈ। ਜੇਕਰ ਤਾਨਾਸ਼ਾਹੀ ਹੋਵੇ, ਤਾਂ ਮੀਡੀਆ ਦਾ ਇਸ ਤਰ੍ਹਾਂ ਨਾਲ ਵਿਸਥਾਰ ਕਿਵੇਂ ਹੋ ਸਕਦਾ ਹੈ?

ਉੱਧਰ ਇਸੇ ਨਿਊਜ਼ ਰਿਪੋਰਟ ਅਨੁਸਾਰ: ਔਬਜ਼ਰਵਰ ਰਿਸਰਚ ਫਾਊਂਡੇਸ਼ਨ ਦੇ ਨਿਰੰਜਨ ਸਾਹੂ ਨੇ ਉਕਤ ਰਿਪੋਰਟ ਨਾਲ ਸਹਿਮਤੀ ਪ੍ਰਗਟਾਉਂਦਿਆਂ ਆਖਿਆ ਹੈ ਕਿ, ਇੱਕ ਜ਼ਮਾਨਾ ਸੀ, ਜਦੋਂ ਨਿਆਂਪਾਲਿਕਾ ਅਤੇ ਚੋਣ ਕਮਿਸ਼ਨ ਵਰਗੀਆਂ ਭਾਰਤ ਦੀਆਂ ਸੁਤੰਤਰ ਸੰਸਥਾਵਾਂ ਦਾ ਸਰਕਾਰ ਅਤੇ ਸ਼ਕਤੀਸ਼ਾਲੀ ਨੇਤਾਵਾਂ ਦੇ ਦਬਾਅ ਵਿੱਚ ਨਾ ਆਉਣ ਲਈ ਵਿਸ਼ਵ ਵਿੱਚ ਭਾਰਤ ਦੀ ਪ੍ਰਸ਼ੰਸਾ ਹੁੰਦੀ ਸੀ।

ਉਨ੍ਹਾਂ ਅੱਗੇ ਕਿਹਾ ਕਿ ਹੁਣ ਅਜਿਹਾ ਨਹੀਂ ਹੈ। ਇਨ੍ਹਾਂ ਸੰਸਥਾਵਾਂ ਨੂੰ ਸਰਕਾਰ ਦੀ ਸੋਚ ਮੁਤਾਬਕ ਢਾਲਣ ਲਈ ਲਗਾਤਾਰ ਯਤਨ ਜਾਰੀ ਹਨ। ਅੱਜ ਕਾਰਕੁਨ ਅਤੇ ਵਿਰੋਧੀ ਧਿਰ ਨੇਤਾਵਾਂ ਨੂੰ ਮਹੀਨਿਆਂ ਤਕ ਬਿਨਾਂ ਜ਼ਮਾਨਤ ਹਿਰਾਸਤ ਵਿੱਚ ਰੱਖਿਆ ਜਾਂਦਾ ਹੈ। ਨਿਆਂਪਾਲਿਕਾ ਆਪਣਾ ਮੂੰਹ ਮੋੜ ਲੈਂਦੀ ਹੈ। ਇਸ ਤਰ੍ਹਾਂ ਜਵਾਬਦੇਹੀ ਤੈਅ ਕਰਨ ਲਈ ਮਹੱਤਵਪੂਰਨ ਤੰਤਰ ਗ਼ਾਇਬ ਹੋ ਗਏ ਹਨ।

ਇਸਦੇ ਨਾਲ ਨਾਲ ਉਨ੍ਹਾਂ ਦਾ ਇਹ ਵੀ ਮੰਨਣਾ ਹੈ ਕਿ ਧਾਰਮਿਕ ਅਤੇ ਸਿਆਸੀ ਧਰੁਵੀ ਕਰਨ ਵਧ ਰਿਹਾ ਹੈ, ਜੋ ਜ਼ਿਆਦਾਤਰ ਸੋਸ਼ਲ ਮੀਡੀਆ ਵੱਲੋਂ ਸੰਚਾਲਿਤ ਹੁੰਦਾ ਹੈ ਅਤੇ ਜਿਸਦਾ ਸੱਤਾ ਧਿਰ ਸਿਆਸੀ ਲਾਹਾ ਚੁੱਕਦੀ ਹੈ। ਲੋਕਤਾਂਤਰਿਕ ਕਦਰਾਂ-ਕੀਮਤਾਂ ਅਤੇ ਸੁਤੰਤਰਤਾ ਦੇ ਸੰਦਰਭ ਵਿੱਚ ਇਸਦੇ ਵੱਡੇ ਨਕਾਰਾਤਮਿਕ ਅਸਰ ਹੁੰਦੇ ਹਨ।

ਉਨ੍ਹਾਂ ਅੱਗੇ ਕਿਹਾ ਕਿ ਇਸ ਨਾਲ ਦੇਸ਼ ਵਿੱਚ ਰਾਜਨੀਤੀ ਦਾ ਮਾਹੌਲ ਜ਼ਹਿਰੀਲਾ ਹੋ ਰਿਹਾ ਹੈ। ਘੱਟ ਗਿਣਤੀ ਅਤੇ ਵਿਰੋਧੀ ਦਲਾਂ ਦੇ ਨੇਤਾਵਾਂ ਨੂੰ ਕਮਜ਼ੋਰ ਅਤੇ ਖਲਨਾਇਕ ਜਾਂ ਰਾਸ਼ਟਰ ਵਿਰੋਧੀ ਦੇ ਰੂਪ ਵਿੱਚ ਦਿਖਾਇਆ ਜਾ ਰਿਹਾ ਹੈ।

ਕੁਲ ਮਿਲਾ ਕੇ ਵਿਸ਼ਵ ਦੇ ਲੋਕਤੰਤਰਿਕ ਦੇਸ਼ਾਂ ਵਿੱਚ ਮੌਜੂਦਾ ਸਮੇਂ ਜਿਸ ਤਰ੍ਹਾਂ ਵੱਖ ਵੱਖ ਲੋਕਤੰਤਰਿਕ ਦੇਸ਼ਾਂ ਦੇ ਸਿਆਸੀ ਲੋਕਾਂ ਦੁਆਰਾ ਆਪਣੇ ਸੌੜੇ ਹਿਤਾਂ ਦੀ ਪੂਰਤੀ ਲਈ ਲੋਕਤੰਤਰ ਦੀਆਂ ਕਦਰਾਂ-ਕੀਮਤਾਂ ਨੂੰ ਢਾਹ ਲਾਈ ਜਾ ਰਹੀ ਹੈ, ਉਸ ਦੇ ਚੱਲਦਿਆਂ ਯਕੀਨਨ ਆਉਣ ਵਾਲੇ ਸਮੇਂ ਵਿੱਚ ਵਿਸ਼ਵ ਵਿਚ, ਇੱਕ ਆਦਰਸ਼ ਲੋਕਤੰਤਰਿਕ ਪ੍ਰਣਾਲੀ ਦੇ ਰਸਤੇ ਵਿੱਚ ਗੰਭੀਰ ਚੁਣੌਤੀਆਂ ਪੈਦਾ ਹੋ ਸਕਦੀਆਂ ਹਨ। ਇਸ ਸੰਦਰਭ ਵਿੱਚ ਸਭਨਾਂ ਨੂੰ ਜਾਗਰੂਕ ਹੋਣ ਦੀ ਲੋੜ ਹੈ।

# ਕੋਰੋਨਾ ਕਾਲ ਵਿਚ ਅਮੀਰ ਹੋਰ ਅਮੀਰ ਹੋਏ

## ਸਵਿਸ ਬੈਂਕ ਯੂ.ਬੀ.ਐਸ. ਦੀ ਰਿਪੋਰਟ ਅਨੁਸਾਰ ਇਸ ਸਾਲ ਅਪ੍ਰੈਲ ਤੋਂ ਜੁਲਾਈ ਦਰਮਿਆਨ ਦੁਨੀਆ ਦੇ ਅਰਬਪਤੀਆਂ ਦੀ ਜਾਇਦਾਦ ਵਿਚ 27.5 ਫ਼ੀਸਦੀ ਦਾ ਹੋਇਆ ਵਾਧਾ

**- ਪ੍ਰਭਾਤ ਪਟਨਾਇਕ**

ਧਨ ਵੰਡ ਡੇਟਾ ਦੀ ਵਿਆਖਿਆ ਕਰਨਾ ਬਹੁਤ ਔਖਾ ਹੈ। ਅਜਿਹਾ ਇਸ ਲਈ ਹੈ , ਕਿਉਂਕਿ ਸਟਾਕ ਦੀਆਂ ਕੀਮਤਾਂ ਵਿਚ ਬਦਲਾਅ ਧਨ ਵੰਡ ਨੂੰ ਪ੍ਰਭਾਵਿਤ ਕਰਦਾ ਹੈ, ਜਿਸ ਨਾਲ ਸ਼ੇਅਰ ਬਾਜ਼ਾਰ ਵਿਚ ਤੇਜ਼ੀ ਨਾਲ ਅਮੀਰਾਂ ਨੂੰ ਬਹੁਤ ਜ਼ਿਆਦਾ ਧਨ ਦੀ ਪ੍ਰਾਪਤੀ ਹੁੰਦੀ ਹੈ , ਜਦੋਂ ਕਿ ਸ਼ੇਅਰ ਬਾਜ਼ਾਰ ਵਿਚ ਗਿਰਾਵਟ ਧਨ ਵੰਡ ਨੂੰ ਰਾਤੋ-ਰਾਤ ਘੱਟ ਨਾਬਰਾਬਰੀ ਵਾਲੀ ਬਣਾ ਦਿੰਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਹਾਂਮਾਰੀ ਦੇ ਮਹੀਨਿਆਂ ਦੌਰਾਨ ਵੀ ਜਦੋਂਕਿ ਦੁਨੀਆ ਭਰ ਵਿਚ ਲੱਖਾਂ ਕੰਮ ਧੰਦਿਆਂ ਵਾਲੇ ਲੋਕ ਰੁਜ਼ਗਾਰ ਅਤੇ ਆਮਦਨ ਦੇ ਤੀਬਰ ਨੁਕਸਾਨ ਤੋਂ ਪੀੜਤ ਸਨ , ਦੁਨੀਆ ਦੇ ਅਰਬਪਤੀਆਂ ਨੇ ਆਪਣੀ ਧਨ ਰਾਸ਼ੀ ਵਿਚ ਬਹੁਤ ਵਾਧਾ ਕੀਤਾ ਹੈ। 7 ਅਕਤੂਬਰ ਨੂੰ ਦ ਗਾਰਡੀਅਨ ਵਿਚ ਦਰਜ ਸਵਿਸ ਬੈਂਕ ਯੂ.ਬੀ.ਐਸ. ਦੀ ਇਕ ਰਿਪੋਰਟ ਅਨੁਸਾਰ: ਇਸ ਸਾਲ ਅਪ੍ਰੈਲ ਤੋਂ ਜੁਲਾਈ ਦਰਮਿਆਨ ਦੁਨੀਆ ਦੇ ਅਰਬਪਤੀਆਂ ਦੀ ਜਾਇਦਾਦ ਵਿਚ 27.5 ਫ਼ੀਸਦੀ ਦਾ ਵਾਧਾ ਹੋਇਆ ਹੈ। 2017 ਦੇ ਅੰਤ ਵਿਚ ਅਰਬਪਤੀਆਂ ਦੀ ਜਾਇਦਾਦ ਦਾ ਪਿਛਲਾ ਸਿਖਰ ਡਾਲਰ 8.9 ਟ੍ਰਿਲੀਅਨ ਸੀ। ਉਦੋਂ ਤੋਂ ਅਰਬਪਤੀਆਂ ਦੀ ਗਿਣਤੀ 2158 ਤੋਂ ਵਧ ਕੇ 2189 ਹੋ ਗਈ ਹੈ, ਉਨ੍ਹਾਂ ਦੀ ਜਾਇਦਾਦ ਵਿਚ ਵੀ ਕਾਫ਼ੀ ਵਾਧਾ ਹੋਇਆ ਹੈ। ਅਸਲ ਵਿਚ 2017 ਦੇ ਅੰਤ ਅਤੇ ਜੁਲਾਈ 2020 ਦੇ ਅੰਤ ਦਰਮਿਆਨ ਅਰਬਪਤੀਆਂ ਦੀ ਪ੍ਰਤੀ ਵਿਅਕਤੀ ਆਮਦਨ ਵਿਚ 13 ਫ਼ੀਸਦੀ ਦਾ ਵਾਧਾ ਹੋਇਆ ਹੈ। ਇਸ ਦਾ ਇਕ ਵਿਸ਼ੇਸ਼ ਮਹੱਤਵ ਹੈ। ਕਿਉਂਕਿ ਵੱਡੀ ਗਿਣਤੀ ਵਿਚ ਲੋਕਾਂ ਦੇ ਕੋਲ ਸ਼ਾਇਦ ਹੀ ਕੋਈ ਜਾਇਦਾਦ ਹੁੰਦੀ ਹੈ ਅਤੇ ਉਹ ਸ਼ੇਅਰ ਬਾਜ਼ਾਰ ਦੇ ਉਤਰਾਵਾਂ-ਚੜ੍ਹਾਵਾਂ ਨੂੰ ਪ੍ਰਭਾਵਿਤ ਨਹੀਂ ਕਰਦੇ। ਸ਼ੇਅਰਾਂ ਦੀਆਂ ਕੀਮਤਾਂ ਵਿਚ ਵਾਧੇ ਨਾਲ ਸਮਾਜ ਵਿਚ ਧਨ ਅਸਮਾਨਤਾ ਵਧ ਜਾਂਦੀ ਹੈ ਅਤੇ ਇਸ ਦੇ ਉਲਟ ਸ਼ੇਅਰਾਂ ਦੀਆਂ ਕੀਮਤਾਂ ਵਿਚ ਕਮੀ ਧਨ ਅਸਮਾਨਤਾ ਨੂੰ ਘੱਟ ਕਰਦੀ ਹੈ।

ਅਪ੍ਰੈਲ ਤੋਂ ਬਾਅਦ ਧਨ ਅਸਮਾਨਤਾ ਵਿਚ ਵਾਧਾ ਹਾਲਾਂਕਿ ਇਕ ਅਲੱਗ ਗੱਲ ਹੈ। ਯੂ.ਬੀ.ਐਸ. ਦੇ ਬੁਲਾਰੇ ਅਨੁਸਾਰ: ਜਦੋਂ ਅਪ੍ਰੈਲ 2020 ਤੋਂ ਪਹਿਲਾਂ ਸਟਾਕ ਦੀਆਂ ਕੀਮਤਾਂ ਡਿਗ ਰਹੀਆਂ ਸਨ ਤਾਂ ਅਰਬਪਤੀਆਂ ਨੇ ਆਪਣੇ ਸ਼ੇਅਰਾਂ ਨੂੰ ਘਬਰਾਹਟ ਵਿਚ ਨਹੀਂ ਵੇਚਿਆ , ਸਗੋਂ ਅਸਲ ਵਿਚ ਛੋਟੇ ਮਾਲਕਾਂ ਤੋਂ ਸਟਾਕ ਖ਼ਰੀਦਿਆ, ਜੋ ਭੈਭੀਤ ਹੋ ਕੇ ਵਿੱਕਰੀ ਵਿਚ ਲੱਗੇ ਹੋਏ ਸਨ। ਨਤੀਜੇ ਵਜੋਂ, ਜਦੋਂ ਅਪ੍ਰੈਲ ਤੋਂ ਬਾਅਦ ਸਟਾਕ ਦੀਆਂ ਕੀਮਤਾਂ ਵਧਣ ਲੱਗੀਆਂ ਤਾਂ ਉਨ੍ਹਾਂ ਨੂੰ ਭਾਰੀ ਪੂੰਜੀਗਤ ਲਾਭ ਮਿਲਿਆ। ਇਹ ਲਾਭ ਲਾਜ਼ਮੀ ਰੂਪ ਨਾਲ ਪੈਦਾ ਹੋਇਆ , ਕਿਉਂਕਿ ਛੋਟੇ ਸਟਾਕ ਮਾਲਕਾਂ ਦੇ ਕੋਲ ਆਪਣੇ ਸਟਾਕ ਨੂੰ ਰੱਖਣ ਦੀ ਸਮਰੱਥਾ ਨਹੀਂ ਸੀ। ਇਸ ਤਰ੍ਹਾਂ ਮਹਾਂਮਾਰੀ ਦੌਰਾਨ ਧਨ ਦੇ ਕੇਂਦਰੀਕਰਨ ਵਿਚ ਵਾਧਾ ਸਿਰਫ਼ ਗ਼ਰੀਬਾਂ ਲਈ ਹੀ ਨਹੀਂ ਸੀ, ਜੋ ਉਂਜ ਵੀ ਧਨ ਤੋਂ ਬਿਨਾਂ ਸਨ, ਸਗੋਂ ਛੋਟੇ ਧਨ ਧਾਰਕਾਂ ਲਈ ਵੀ ਸੀ। ਇਹ ਸਟਾਕ ਦੀਆਂ ਕੀਮਤਾਂ ਵਿਚ ਸਮਾਨ ਵਾਧੇ ਦਾ ਸਹਿਜ ਪ੍ਰਭਾਵ ਨਹੀਂ ਸੀ, ਸਗੋਂ ਇਹ ਇਕ ਅਹਿਮ ਕੰਮ ਸੀ, ਜਿਸ ਨੂੰ ਮਾਰਕਸ ਨੇ ਪੂੰਜੀ ਦਾ ਕੇਂਦਰੀਕਰਨ ਕਿਹਾ ਹੈ। ਲੈਨਿਨ ਨੇ ਕਿਹਾ ਸੀ ਕਿ ਪੂੰਜੀਵਾਦ ਤਹਿਤ ਹਰ ਸੰਕਟ, ਭਾਵੇਂ ਉਹ ਆਰਥਿਕ ਜਾਂ ਰਾਜਨੀਤਕ ਹੋਵੇ, ਪੂੰਜੀ ਦੇ ਕੇਂਦਰੀਕਰਨ ਲਈ ਇਕ ਮੌਕਾ ਬਣ ਜਾਂਦਾ ਹੈ। ਮਹਾਂਮਾਰੀ ਦੌਰਾਨ ਛੋਟੇ ਧਨ ਧਾਰਕਾਂ ਦੀ ਅਸਮਰੱਥਾ ਨਾਲ ਪੈਦਾ ਹੋਏ ਸਟਾਕਪਿਲਸ ਦਾ ਸਾਹਮਣਾ ਅਰਬਪਤੀ ਹੀ ਕਰ ਸਕਦੇ ਹਨ। ਪਰ ਅਰਬਪਤੀਆਂ ਦੀ ਇਸ ਸਮਰੱਥਾ ਦਾ ਕਿਸੇ ਵੀ 'ਸਾਹਸ' ਜਾਂ 'ਹਿੰਮਤ' ਜਾਂ 'ਉੱਦਮਸ਼ੀਲਤਾ' ਜਾਂ ਉਨ੍ਹਾਂ ਅਖੌਤੀ ਗੁਣਾਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ, ਉਹ ਸਿਰਫ਼ ਪੈਦਾ ਹੋਈਆਂ ਸਥਿਤੀਆਂ ਦਾ ਲਾਭ ਉਠਾਉਂਦੇ ਹਨ। ਇਕ ਉਦਾਹਰਨ ਨਾਲ ਇਹ ਗੱਲ ਸਪਸ਼ਟ ਹੋ ਜਾਵੇਗੀ। ਜੇਕਰ ਮੇਰੇ ਕੋਲ 100 ਰੁਪਏ ਦੀ ਦੌਲਤ ਹੈ ਤਾਂ ਮੈਂ ਇਸ ਨੂੰ ਇਸ ਤਰ੍ਹਾਂ ਰੱਖਣਾ ਚਾਹਾਂਗਾ ਜੋ ਖ਼ਰਚ ਲਈ ਸਾਡੇ ਕੋਲ ਸਹਿਜੇ ਹੀ ਉਪਲਬਧ ਹੋਵੇ, ਭਾਵੇਂ ਇਸ ਨਾਲ ਮੇਰਾ ਪੂੰਜੀਗਤ ਨੁਕਸਾਨ ਦਾ ਖ਼ਤਰਾ ਹੋਵੇ। ਮੇਰੀ ਪਹਿਲ ਇਸ ਲਈ ਨਹੀਂ ਹੈ ਕਿ ਮੈਨੂੰ ਜੋਖ਼ਮ ਲੈਣਾ ਪਸੰਦ ਨਹੀਂ ਹੈ , ਸਗੋਂ ਇਸ ਲਈ ਹੈ ਕਿ ਮੈਨੂੰ ਆਮਦਨ ਦੀ ਸਖ਼ਤ ਲੋੜ ਹੈ। ਇਸ ਲਈ ਮੈਂ ਆਪਣਾ ਸਾਰਾ ਧਨ ਸ਼ੇਅਰਾਂ ਵਿਚ ਨਹੀਂ ਲਗਾ ਸਕਦਾ, ਇਸ ਦੇ ਉਲਟ ਜੇਕਰ ਮੇਰੇ ਕੋਲ 10 ਲੱਖ ਰੁਪਏ ਹਨ ਤਾਂ ਸਮਝੋ ਮੇਰੇ ਕੋਲ ਪਹਿਲਾਂ ਤੋਂ ਹੀ ਲੋੜੀਂਦੀ ਆਮਦਨ ਹੈ ਅਤੇ ਮੈਂ ਆਪਣੀ ਅੱਧੀ ਜਾਇਦਾਦ ਸਟਾਕ ਵਿਚ ਅਤੇ ਬਾਕੀ ਅੱਧੀ ਬੈਂਕ ਵਿਚ ਰੱਖ ਸਕਦਾ ਹਾਂ, ਜੋ ਸ਼ਾਇਦ ਹੀ ਕੋਈ ਆਮਦਨ ਦੇਵੇ। ਜੇਕਰ ਸਟਾਕ ਦੀਆਂ ਕੀਮਤਾਂ ਵਿਚ 10 ਫ਼ੀਸਦੀ ਦੀ ਗਿਰਾਵਟ ਹੁੰਦੀ ਹੈ ਤਾਂ ਛੋਟੇ ਸ਼ੇਅਰ ਧਾਰਕ ਆਪਣੀ ਜਾਇਦਾਦ ਦਾ 10 ਫ਼ੀਸਦੀ ਗੁਆ ਬੈਠਦੇ ਹਨ ਤਾਂ ਵੱਡਾ ਸ਼ੇਅਰ ਧਾਰਕ ਸਿਰਫ਼ 5 ਫ਼ੀਸਦੀ (ਭਾਵ 10 ਫ਼ੀਸਦੀ ਆਪਣੀ ਅੱਧੀ ਜਾਇਦਾਦ 'ਤੇ) ਗੁਆ ਦਿੰਦਾ ਹੈ। ਇਸ ਲਈ, ਉਹ ਆਪਣੀ ਤਰੱਕੀ ਵਿਚ ਗਿਰਾਵਟ ਨੂੰ ਬਰਦਾਸ਼ਤ ਕਰ ਸਕਦਾ ਹੈ ਜਦੋਂ ਕਿ ਛੋਟਾ ਆਦਮੀ ਇਸ ਤਰ੍ਹਾਂ ਨਹੀਂ ਕਰ ਸਕਦਾ। ਜਦੋਂ ਉਹ ਘਬਰਾਹਟ ਵਿਚ ਹੋਰ ਨੁਕਸਾਨ ਨੂੰ ਰੋਕਣ ਲਈ ਪਹਿਲੇ ਸਟਾਕ ਦੀ ਵਿੱਕਰੀ ਸ਼ੁਰੂ ਕਰਦਾ ਹੈ ਤਾਂ ਵੱਡੇ ਸਟਾਕ ਧਾਰਕ ਇਨ੍ਹਾਂ ਸ਼ੇਅਰਾਂ ਨੂੰ ਖ਼ਰੀਦ ਲੈਂਦੇ ਹਨ ਅਤੇ ਉਨ੍ਹਾਂ ਨੂੰ ਉਦੋਂ ਤੱਕ ਹੋਲਡ ਕਰ ਕੇ ਰੱਖਦੇ ਹਨ ਜਦੋਂ ਤੱਕ ਕਿ ਬਾਜ਼ਾਰ ਉਨ੍ਹਾਂ ਅਨੁਕੂਲ ਨਹੀਂ ਹੋ ਜਾਂਦਾ। ਪੂੰਜੀਵਾਦ ਤਹਿਤ ਸਟਾਕ ਮਾਰਕਿਟ ਵਿਚ ਉਤਰਾਅ ਚੜ੍ਹਾਅ ਆਮ ਹੈ। ਪਰ ਸੰਕਟ ਦੌਰਾਨ ਬਹੁਤ ਤੇਜ਼ੀ ਨਾਲ ਇਸ ਤਰ੍ਹਾਂ ਹੁੰਦਾ ਹੈ। ਭਾਵੇਂ ਫਿਰ ਉਹ ਕਿਸੇ ਵੀ ਕਾਰਨ ਕਿਉਂ ਨਾ ਹੋਵੇ। ਇਹ ਠੀਕ ਉਹੀ ਸਮਾਂ ਹੁੰਦਾ ਹੈ ਜਦੋਂ ਵੱਡੇ ਵੱਡੇ ਧਨੀ ਛੋਟਿਆਂ ਦੀ ਕੀਮਤ 'ਤੇ ਹੋਰ ਮਾਲਾਮਾਲ ਹੋ ਜਾਂਦੇ ਹਨ।

ਜੇਕਰ ਅਮੀਰ ਵਿਅਕਤੀ ਮਹਿੰਗੇ ਸ਼ੇਅਰ ਛੋਟੇ ਲੋਕਾਂ ਤੋਂ 100 ਰੁਪਏ ਵਿਚ ਖ਼ਰੀਦਦੇ ਹਨ ਤਾਂ ਇਸ ਵਿਚ ਉਨ੍ਹਾਂ ਲਈ ਕੋਈ ਲਾਭ ਨਹੀਂ ਹੈ। ਇਸ ਖ਼ਰੀਦ ਦਾ ਭੁਗਤਾਨ ਕਰਨ ਲਈ ਉਨ੍ਹਾਂ ਨੂੰ ਜਾਂ ਤਾਂ ਆਪਣੀ ਨਕਦੀ ਘੱਟ ਕਰਨੀ ਪੈਂਦੀ ਹੈ ਜਾਂ ਬੈਂਕਾਂ ਤੋਂ ਕਰਜ਼ਾ ਚੁੱਕਣਾ ਪੈਂਦਾ ਹੈ ਜਾਂ ਕੁਝ ਹੋਰ ਜਾਇਦਾਦਾਂ ਵੇਚਣੀਆਂ ਪੈਂਦੀਆਂ ਹਨ।

ਯੂ.ਬੀ.ਐਸ. ਦੇ ਇਕ ਬੁਲਾਰੇ ਨੇ ਦਾਅਵਾ ਕੀਤਾ ਹੈ ਕਿ ਮਹਾਂਮਾਰੀ ਦੌਰਾਨ ਧਨ ਦੇ ਕੇਂਦਰੀਕਰਨ ਵਿਚ ਵਾਧਾ ਪੂੰਜੀਵਾਦ ਲਈ ਇਕ ਅਜਿਹੀ ਘਟਨਾ ਹੈ ਜੋ ਅਜੀਬ ਹੈ। ਹਾਲਾਂਕਿ ਇਹ ਪੂਰੀ ਤਰ੍ਹਾਂ ਨਾਲ ਪੂੰਜੀਵਾਦ ਦੇ ਤਰਕ ਅਨੁਸਾਰ ਹੈ। ਅਸਲ ਵਿਚ ਇਹ ਪੂੰਜੀਵਾਦ ਦੇ ਤਹਿਤ ਹੈ ਕਿ ਹਰ ਮਨੁੱਖੀ ਤ੍ਰਾਸਦੀ ਜੋ ਇਸ ਪ੍ਰਣਾਲੀ ਵਿਚ ਇਕ ਸੰਕਟ ਨੂੰ ਉਜਾਗਰ ਕਰਦੀ ਹੈ , ਉਹ ਤੰਤਰ ਵੱਲੋਂ ਦਰਸਾਏ ਧਨ ਦੇ ਕੇਂਦਰੀਕਰਨ ਦੇ ਵਾਧੇ ਲਈ ਇਕ ਮੌਕਾ ਬਣ ਜਾਂਦੀ ਹੈ। ਭਾਰਤ ਵਿਚ ਵੀ ਹੋਰਾਂ ਦੇਸ਼ਾਂ ਦੀ ਤਰ੍ਹਾਂ ਧਨ ਦੇ ਕੇਂਦਰੀਕਰਨ ਵਿਚ ਵਾਧਾ ਹੋਇਆ ਹੈ। ਇਕ ਹੀ ਸੂਤਰ ਅਨੁਸਾਰ: 'ਭਾਰਤੀ ਅਰਬਪਤੀਆਂ ਦੀ ਜਾਇਦਾਦ ਪਿਛਲੇ ਅਪ੍ਰੈਲ, ਜੁਲਾਈ ਦੀ ਮਿਆਦ ਵਿਚ 35 ਫ਼ੀਸਦੀ ਤੋਂ ਵਧ ਕੇ 423 ਬਿਲੀਅਨ ਡਾਲਰ ਹੋ ਗਈ ਹੈ (ਦ ਵਾਇਰ, 16 ਅਕਤੂਬਰ)।' ਇਸ ਸਮੇਂ ਦੌਰਾਨ ਉਤਪਾਦਨ ਵਿਚ ਲਗਪਗ ਇਕ ਚੌਥਾਈ ਦੀ ਕਮੀ ਆਈ ਹੈ ਅਤੇ ਰੁਜ਼ਗਾਰ ਵੀ ਉਸੇ ਪੱਧਰ 'ਤੇ ਘਟਿਆ ਹੈ।

# ਡੋਨਲਡ ਟਰੰਪ ਦੀ ਅੜੀ ਨੇ ਅਮਰੀਕਾ ਵਿਚ ਹਿੰਸਾ ਦੀ ਸੰਭਾਵਨਾ ਬਣਾਈ

## ✪ ਅਜੇ ਤੱਕ ਹਾਰ ਮੰਨਣ ਨੂੰ ਤਿਆਰ ਨਹੀਂ ਟਰੰਪ ✪ ਸਰਕਾਰੀ ਅਧਿਕਾਰੀਆਂ ਨੂੰ ਰਾਸ਼ਟਰਪਤੀ ਤਬਦੀਲੀ ਵਿਚ ਸਹਿਯੋਗ ਦੇਣ ਤੋਂ ਰੋਕਿਆ ✪ ਰੱਖਿਆ ਮੰਤਰੀ ਮਾਰਕ ਐਸਪਰ ਅਹੁਦੇ ਤੋਂ ਕੀਤਾ ਫ਼ਾਰਗ

**ਵਾਸ਼ਿੰਗਟਨ/ਏ.ਟੀ.ਨਿਊਜ਼:** ਅਮਰੀਕਾ ਦੇ ਰਾਸ਼ਟਰਪਤੀ ਚੁਣੇ ਗਏ ਜੋਅ ਬਾਇਡਨ ਵੱਲੋਂ ਇੱਕ ਪਾਸੇ ਦੇਸ਼ ਦੀ ਕਮਾਂਡ ਸੰਭਾਲਣ ਦੀ ਤਿਆਰੀ ਕੀਤੀ ਜਾ ਰਹੀ ਹੈ, ਤਾਂ ਦੂਜੇ ਪਾਸੇ ਮੌਜੂਦਾ ਰਾਸ਼ਟਰਪਤੀ ਡੋਨਲਡ ਟਰੰਪ ਦੀ ਪ੍ਰਚਾਰ ਟੀਮ 2020 ਦੀਆਂ ਰਾਸ਼ਟਰਪਤੀ ਚੋਣਾਂ ਅਜੇ ਤੱਕ ਨਾ ਮੁੱਕਣ ਦੀ ਗੱਲ ਕਰਦਿਆਂ 'ਸਹੀ ਅਤੇ ਇਮਾਨਦਾਰ ਢੰਗ ਨਾਲ ਵੋਟਾਂ ਦੀ ਗਿਣਤੀ ਲਈ' ਸਾਰੇ ਸੰਭਵ ਤਰੀਕੇ ਅਪਣਾਉਣ ਦੇ ਸੰਕੇਤ ਦੇ ਰਹੀ ਹੈ। ਅਮਰੀਕਾ ਦੇ 244 ਸਾਲ ਦੇ ਇਤਿਹਾਸ ਵਿੱਚ ਕਦੇ ਕੋਈ ਅਜਿਹਾ ਰਾਸ਼ਟਰਪਤੀ ਨਹੀਂ ਹੋਇਆ ਜਿਸ ਨੇ ਚੋਣਾਂ ਹਾਰਨ ਤੋਂ ਬਾਅਦ ਵਾਈਟ ਹਾਊਸ ਛੱਡਣ ਤੋਂ ਇਨਕਾਰ ਕਰ ਦਿੱਤਾ ਹੈ।

ਕਾਨੂੰਨੀ ਅਤੇ ਸ਼ਾਂਤਮਈ ਤਰੀਕੇ ਨਾਲ ਸੱਤਾ ਵਿੱਚ ਬਦਲਾਅ ਅਮਰੀਕੀ ਲੋਕਤੰਤਰ ਦੀ ਖ਼ੂਬੀ ਰਹੀ ਹੈ।

ਟਰੰਪ ਦਾ ਹਾਰ ਨਾ ਮੰਨਣ 'ਤੇ ਅੜੇ ਰਹਿਣਾ ਕਈ ਨਵੀਆਂ ਚੁਨੌਤੀਆਂ ਲੈ ਕੇ ਆ ਸਕਦਾ ਹੈ ਤੇ ਹਿੰਸਕ ਦੌਰ ਦੀ ਸੰਭਾਵਨਾ ਬਣਾ ਸਕਦਾ ਹੈ । ਜੇਕਰ ਕੋਰਟ ਟਰੰਪ ਨੂੰ ਇਲਜ਼ਾਮ ਸਾਬਤ ਕਰਨ ਦਾ ਮੌਕਾ ਦਿੰਦੀ ਹੈ, ਤਾਂ ਹੀ ਉਨਾਂ ਲਈ ਕੋਈ ਗੁੰਜਾਇਸ਼ ਬਚੇਗੀ। ਪਰ ਜੇਕਰ ਅਜਿਹਾ ਨਹੀਂ ਹੋਇਆ ਤਾਂ 20 ਜਨਵਰੀ ਨੂੰ ਬਾਇਡਨ ਨਵੇਂ ਰਾਸ਼ਟਰਪਤੀ ਦਾ ਕਾਰਜਭਾਰ ਸੰਭਾਲ ਲੈਣਗੇ। ਇੱਥੇ ਜ਼ਿਕਰਯੋਗ ਹੈ ਕਿ ਐਡੀਸਨ ਰਿਸਰਚ ਅਨੁਸਾਰ; ਅਮਰੀਕਾ ਵਿੱਚ ਰਾਸ਼ਟਰਪਤੀ ਚੋਣਾਂ ਵਿੱਚ ਵੋਟਾਂ ਦੀ ਗਿਣਤੀ ਹਾਲੇ ਵੀ ਜਾਰੀ ਹੈ, ਪਰ ਹੁਣ ਤਕ ਹੋਈ ਵੋਟਿੰਗ ਵਿੱਚ ਸਭ ਤੋਂ ਵਧ ਵੋਟਾਂ ਦਾ ਨਵਾਂ ਰਿਕਾਰਡ ਪਹਿਲਾਂ ਹੀ ਬਣ ਚੁੱਕਾ ਹੈ। ਅਮਰੀਕਾ ਵਿੱਚ ਬੀਤੇ ਐਤਵਾਰ ਤਕ ਵੋਟਾਂ ਦੀ ਹੋਈ ਗਿਣਤੀ ਦੌਰਾਨ 62 ਫ਼ੀਸਦੀ ਲੋਕਾਂ ਵੱਲੋਂ ਵੋਟਿੰਗ ਕਰਨ ਦੀ ਪੁਸ਼ਟੀ ਹੋਈ ਸੀ, ਜੋ 2008 ਵਿੱਚ ਹੋਈਆਂ ਚੋਣਾਂ ਤੋਂ 0.4 ਫ਼ੀਸਦੀ ਵਧ ਹੈ, ਜਦੋਂ ਅਮਰੀਕਾ ਵਿੱਚ ਬਰਾਕ ਓਬਾਮਾ ਵਜੋਂ ਮੁਲਕ ਵਿੱਚ ਪਹਿਲੇ ਸਿਆਅਫਾਮ ਵਿਅਕਤੀ ਨੂੰ ਰਾਸ਼ਟਰਪਤੀ ਚੁਣਿਆ ਗਿਆ ਸੀ। ਹੁਣ ਤਕ 14.8 ਕਰੋੜ ਵੋਟਾਂ ਦੀ ਗਿਣਤੀ ਹੋ ਚੁੱਕੀ ਹੈ। ਇਨਾਂ ਵਿਚੋਂ ਰਾਸ਼ਟਰਪਤੀ ਦੇ ਅਹੁਦੇ ਲਈ ਡੈਮੋਕ੍ਰੈਟਿਕ ਪਾਰਟੀ ਉਮੀਦਵਾਰ ਜੋਅ ਬਾਇਡਨ ਨੂੰ 7.5 ਕਰੋੜ ਵੋਟਾਂ ਮਿਲੀਆਂ ਹਨ ਜੋ ਹੁਣ ਤਕ ਦੇ ਇਤਿਹਾਸ ਵਿੱਚ ਕਿਸੇ ਵੀ ਰਾਸ਼ਟਰਪਤੀ ਉਮੀਦਵਾਰ ਨੂੰ ਮਿਲੀਆਂ ਸਭ ਤੋਂ ਵਧ ਵੋਟਾਂ ਹਨ। ਉੱਧਰ, ਅਮਰੀਕਾ ਦੇ ਰਾਸ਼ਟਰਪਤੀ ਅਤੇ ਰਿਪਬਲਿਕਨ ਉਮੀਦਵਾਰ ਡੋਨਲਡ ਟਰੰਪ ਨੂੰ 7 ਕਰੋੜ ਵੋਟਾਂ ਮਿਲੀਆਂ ਹਨ। ਬਾਇਡਨ ਨੇ ਕੁੱਲ 290 ਇਲੈਕਟੋਰਲ ਕਾਲਜ ਵੋਟਾਂ ਜਿੱਤ ਲਈਆਂ ਹਨ, ਜਿਸ ਨਾਲ ਉਨਾਂ ਦੀ ਜਿੱਤ ਨਿਰਧਾਰਿਤ ਹੁੰਦੀ ਹੈ। ਸੂਬੇ ਪੈਨਸਿਲਵੇਨੀਆ ਵਿੱਚ ਮਿਲੀ ਸੱਜਰੀ ਜਿੱਤ ਨਾਲ ਬਾਇਡਨ ਨੂੰ 20 ਹੋਰ ਵੋਟਾਂ ਮਿਲੀਆਂ ਹਨ, ਜਿਸ ਨਾਲ ਉਹ ਵਾਈਟ ਹਾਊਸ ਲਈ ਲੋੜੀਂਦਾ 270 ਦਾ ਕ੍ਰਿਸ਼ਮਈ ਅੰਕੜਾ ਪਾਰ ਕਰ ਗਏ ਹਨ। ਉੱਧਰ, ਰਿਪਬਲਿਕਨ ਉਮੀਦਵਾਰ ਅਤੇ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਹੁਣ ਤੱਕ 214 ਵੋਟਾਂ ਜਿੱਤੀਆਂ ਹਨ। ਭਾਵੇਂ ਅਜੇ ਕੁਝ ਸੂਬਿਆਂ ਦੀਆਂ ਵੋਟਾਂ ਦੀ ਗਿਣਤੀ ਜਾਰੀ ਹੈ ਅਤੇ ਨਤੀਜੇ ਆਉਣੇ ਅਜੇ ਬਾਕੀ ਹਨ ਪਰ ਬਾਇਡਨ ਨੂੰ ਬਹੁਮਤ ਮਿਲ ਜਾਣ ਕਰਕੇ ਉਹ ਰਾਸ਼ਟਰਪਤੀ ਚੋਣ ਜਿੱਤ ਗਏ ਹਨ।



ਯਾਦ ਰਹੇ ਕਿ ਰਾਸ਼ਟਰਪਤੀ ਡੋਨਲਡ ਟਰੰਪ ਨੇ 3 ਨਵੰਬਰ ਨੂੰ ਮੁਕੰਮਲ ਹੋਈਆਂ ਚੋਣਾਂ ਵਿੱਚ ਹਾਰ ਮੰਨਣ ਤੋਂ ਇਨਕਾਰ ਕਰਦਿਆਂ ਫਸਵੀਂ ਟੱਕਰ ਵਾਲੇ ਕਈ ਸੂਬਿਆਂ ਵਿੱਚ ਕਾਨੂੰਨੀ ਲੜਾਈ ਵਿੱਢੀ ਹੈ ਪ੍ਰੰਤੂ ਵੋਟਰ ਬੇਨਿਯਮੀਆਂ ਜਾਂ ਵੱਡੇ ਪੱਧਰ 'ਤੇ ਧਾਂਦਲੀਆਂ ਦੇ ਕੋਈ ਸਬੂਤ ਨਹੀਂ ਹਨ। ਟਰੰਪ ਪ੍ਰਸ਼ਾਸਨ ਵੱਲੋਂ ਰਾਸ਼ਟਰਪਤੀ ਤਬਦੀਲੀ ਦੀਆਂ ਤਿਆਰੀਆਂ ਵਿੱਚ ਸਹਿਯੋਗ ਨਹੀਂ ਦਿੱਤਾ ਜਾ ਰਿਹਾ। ਟਰੰਪ ਨੇ ਸਰਕਾਰੀ ਅਧਿਕਾਰੀਆਂ ਨੂੰ ਬਾਇਡਨ ਟੀਮ ਨਾਲ ਸਹਿਯੋਗ ਤੋਂ ਰੋਕ ਦਿੱਤਾ ਗਿਆ ਹੈ। ਰਾਸ਼ਟਰਪਤੀ ਵੱਲੋਂ ਨਤੀਜੇ ਮੰਨਣ ਤੋਂ ਇਨਕਾਰ ਕਰਨ ਦਾ ਮਤਲਬ ਹੈ ਕਿ ਚੋਣ ਵਿਵਾਦ ਮੱਧ ਦਸੰਬਰ ਤੱਕ ਜਾਂ ਉਦੋਂ ਤੱਕ ਚੱਲ ਸਕਦਾ ਹੈ ਜਦੋਂ ਤੱਕ ਸੂਬੇ ਆਪਣੀ ਗਿਣਤੀ ਦੀ ਤਸਦੀਕ ਨਹੀਂ ਕਰਦੇ। ਮੱਧ ਦਸੰਬਰ ਵਿਚ 538 ਮੈਂਬਰੀ ਇਲੈਕਟੋਰਲ ਕਾਲਜ ਵੱਲੋਂ ਵੋਟ ਪਾਈ ਜਾਣੀ ਹੈ। ਬਾਇਡਨ ਨੇ ਟਾਸਕ ਫੋਰਸ ਦਾ ਗਠਨ ਕੀਤਾ, ਜੋ ਉਨਾਂ ਨੂੰ ਕਰੋਨਾ ਵਾਇਰਸ ਮਹਾਮਾਰੀ ਦੇ ਟਾਕਰੇ ਲਈ ਰਾਹ ਦਿਖਾਏਗੀ। ਦੂਜੇ ਪਾਸੇ, ਵਾਈਟ ਹਾਊਸ ਦੇ ਪ੍ਰੈੱਸ ਸਕੱਤਰ ਨੇ ਚੋਣਾਂ 'ਚ ਧਾਂਦਲੀਆਂ ਦੇ ਦਾਅਵੇ ਕੀਤੇ। ਟਰੰਪ ਦੇ ਪ੍ਰਚਾਰ ਸਲਾਹਕਾਰ ਮੈਕਇਨਾਨੀ ਨੇ ਕਿਹਾ, 'ਇਹ ਚੋਣ ਅਜੇ ਖ਼ਤਮ ਹੋਣ ਤੋਂ ਬਹੁਤ ਦੂਰ ਹੈ। ਅਸੀਂ ਹਾਲੇ ਸਹੀ ਅਤੇ ਇਮਾਨਦਾਰ ਢੰਗ ਨਾਲ ਵੋਟਾਂ ਦੀ ਗਿਣਤੀ ਦੀ ਪ੍ਰਕਿਰਿਆ ਕੇਵਲ ਸ਼ੁਰੂ ਕੀਤੀ ਹੈ।' ਉਨਾਂ ਡੈਮੋਕ੍ਰੈਟਿਕ ਪਾਰਟੀ 'ਤੇ ਵਰਦਿਆਂ ਗ਼ੈਰਕਾਨੂੰਨੀ ਵੋਟਾਂ ਪਵਾਉਣ ਅਤੇ ਬੇਨਿਯਮੀਆਂ ਕਰਨ ਦੇ ਦੋਸ਼ ਲਾਏ। ਇਸੇ ਦੌਰਾਨ ਅਮਰੀਕਾ ਦੇ ਅਟਾਰਨੀ ਜਨਰਲ ਵਿਲੀਅਮ ਬਾਰ ਵੱਲੋਂ ਨਿਆਂ ਵਿਭਾਗ ਨੂੰ ਰਾਸ਼ਟਰਪਤੀ ਚੋਣ 2020 ਵਿਚ ਕਥਿਤ ਧਾਂਦਲੀਆਂ ਦੀ ਜਾਂਚ ਦੇ ਅਧਿਕਾਰ ਦਿੱਤੇ ਗਏ ਹਨ। ਰਾਸ਼ਟਰਪਤੀ ਡੋਨਲਡ ਟਰੰਪ ਨੇ ਪੈਂਟਾਗਨ ਮੁਖੀ ਮਾਰਕ ਐਸਪਰ ਨੂੰ ਅਹੁਦੇ ਤੋਂ ਲਾਂਭੇ ਕਰ ਦਿੱਤਾ ਹੈ। ਟਰੰਪ ਨੇ ਦੱਸਿਆ, "ਮੈਂ ਕੌਮੀ ਅਤਿਵਾਦ-ਵਿਰੋਧੀ ਕੇਂਦਰ ਦੇ ਨਿਰਦੇਸ਼ਕ ਕ੍ਰਿਸਟੋਫਰ ਸੀ ਮਿੱਲਰ ਨੂੰ ਤੁਰੰਤ ਪ੍ਰਭਾਵ ਤੋਂ ਕਾਰਜਕਾਰੀ ਰੱਖਿਆ ਮੰਤਰੀ ਐਲਾਨਦਾ ਹਾਂ।" ਉਨਾਂ ਦੱਸਿਆ ਕਿ ਮਾਰਕ ਐਸਪਰ ਨੂੰ ਅਹੁਦੇ ਤੋਂ ਲਾਂਭੇ ਕਰ ਦਿੱਤਾ ਗਿਆ ਹੈ।

**ਅਗਲਾ ਅਧਿਆਇ ਲਿਖਣ ਲਈ ਤਿਆਰ: ਹੈਰਿਸ**

ਅਮਰੀਕਾ ਦੀ ਉਪ-ਰਾਸ਼ਟਰਪਤੀ ਚੁਣੀ ਗਈ ਕਮਲਾ ਹੈਰਿਸ ਨੇ ਟਵੀਟ ਕਰਕੇ ਕਿਹਾ ਕਿ ਉਹ ਅਤੇ ਰਾਸ਼ਟਰਪਤੀ ਚੁਣੇ ਗਏ ਜੋਅ ਬਾਇਡਨ ਅਮਰੀਕਾ ਦੇ ਇਤਿਹਾਸ ਦਾ 'ਅਗਲਾ ਅਧਿਆਇ' ਲਿਖਣ ਲਈ ਤਿਆਰ ਹਨ। ਉਨਾਂ ਕਿਹਾ ਕਿ ਉਹ ਪਹਿਲੇ ਹੀ ਦਿਨ ਤੋਂ ਅਜਿਹੇ ਅਰਥਚਾਰੇ ਦੇ ਨਿਰਮਾਣ ਵਿੱਚ ਜੁੱਟ ਜਾਣਗੇ, ਜੋ ਕੰਮਕਾਜੀ ਪਰਿਵਾਰਾਂ ਲਈ ਲਾਹੇਵੰਦ ਹੋਵੇ। ਸੰਯੁਕਤ ਰਾਸ਼ਟਰ ਦੀ ਉੱਚ ਲੀਡਰਸ਼ਿਪ ਨੇ ਡੈਮੋਕਰੈਟ ਕਮਲਾ ਹੈਰਿਸ ਦੀ ਅਮਰੀਕਾ ਦੀ ਪਹਿਲੀ ਸਿਆਹਫ਼ਾਮ ਤੇ ਦੱਖਣ-ਏਸ਼ਿਆਈ ਮੂਲ ਦੀ ਮਹਿਲਾ ਰਾਸ਼ਟਰਪਤੀ ਵਜੋਂ ਹੋਈ ਚੋਣ ਦੀ ਸ਼ਲਾਘਾ ਕਰਦਿਆਂ ਇਸ ਨੂੰ ਲਿੰਗ ਸਮਾਨਤਾ ਲਈ ਮੀਲ ਦਾ ਪੱਥਰ ਦੱਸਿਆ ਹੈ।

11 ਜੂਨ ਨੂੰ ਇੱਕ ਨੂੰ ਇੱਕ ਟੀਵੀ ਇੰਟਰਵਿਊ ਵਿੱਚ ਬਾਈਡਨ ਕੋਲੋਂ ਇਹ ਪੁੱਛਿਆ ਗਿਆ ਕਿ ਜੇਕਰ ਟਰੰਪ ਵਾਈਟ ਹਾਊਸ ਛੱਡਣ ਤੋਂ ਇਨਕਾਰ ਕਰ ਦੇਣ ਤਾਂ ਕੀ ਹੋਵੇਗਾ। ਇਸ ਦੇ ਜਵਾਬ ਵਿੱਚ ਬਾਇਡਨ ਨੇ ਕਿਹਾ ਸੀ ਕਿ ਉਨਾਂ ਨੂੰ ਭਰੋਸਾ ਨਹੀਂ ਹੈ ਕਿ ਜੇਕਰ ਅਜਿਹੇ ਹਾਲਾਤ ਪੈਦਾ ਹੁੰਦੇ ਹਨ ਤਾਂ ਸੈਨਾ ਇਹ ਤੈਅ ਕਰੇਗੀ ਕਿ ਉਹ ਰਾਸ਼ਟਰਪਤੀ ਨਹੀਂ ਰਹੇ ਅਤੇ ਉਨਾਂ ਵਾਈਟ ਹਾਊਸ ਤੋਂ ਬਾਹਰ ਕੱਢਿਆ ਜਾਵੇਗਾ। ਉਨਾਂ ਕਿਹਾ ਕਿ ਅਜਿਹੇ ਹਾਲਾਤ ਵਿੱਚ ਸੀਕਰੇਟ ਸਰਵਿਸ ਦੀ ਮਦਦ ਲਈ ਜਾ ਸਕਦੀ ਹੈ ਕਿਉਂਕਿ ਸਾਬਕਾ ਰਾਸ਼ਟਰਪਤੀਆਂ ਨੂੰ ਸੁਰੱਖਿਆ ਦੇਣਾ ਵੀ ਉਨਾਂ ਦੀ ਜ਼ਿੰਮੇਵਾਰੀ ਹੈ। ਅਮਰੀਕਾ ਦੀ ਓਹੀਓ ਸਟੇਟ ਯੂਨੀਵਰਸਿਟੀ ਦੇ ਪ੍ਰੋਫੈਸਰ ਡਕੋਤਾ ਰਸੈਡਿਲ ਮੁਤਾਬਕ, 'ਕਿਸੇ ਰਾਸ਼ਟਰਪਤੀ ਲਈ ਚੋਣਾਂ ਹਾਰ ਜਾਣ ਤੋਂ ਬਾਅਦ ਆਪਣੀਆਂ ਤਾਕਤਾਂ ਦਾ ਗ਼ਲਤ ਇਸਤੇਮਾਲ ਕਰਨਾ ਦੇਸ਼ ਲਈ, ਲੋਕਾਂ ਅਤੇ ਸੈਨਾ ਦੇ ਰਿਸ਼ਤੇ ਲਈ, ਦੁਨੀਆ ਦੇ ਲਿਹਾਜ਼ ਨਾਲ ਅਤੇ ਲੋਕਤੰਤਰ ਲਈ ਬਹੁਤ ਬੁਰਾ ਹੋਵੇਗਾ। ਉਨਾਂ ਇਸ ਗੱਲ ਵੱਲ ਵੀ ਇਸ਼ਾਰਾ ਕੀਤਾ ਕਿ ਅਮਰੀਕੀ ਸੈਨਾ ਦੇ ਸਭ ਤੋਂ ਵੱਡੇ ਅਧਿਕਾਰੀ ਜੁਆਇੰਟ ਚੀਫਸ ਆਫ ਸਟਾਕ ਦੇ ਚੇਅਰਮੈਨ ਜਨਰਲ ਮਾਰਕ ਮਿਲੇ ਕਈ ਵਾਰ ਕਹਿ ਚੁੱਕੇ ਹਨ ਕਿ ਚੋਣਾਂ ਵਿੱਚ ਸੈਨਾ ਦੀ ਕੋਈ ਭੂਮਿਕਾ ਨਹੀਂ ਹੋਵੇਗੀ।

ਕੇਸ਼ਆ ਬਲਾਇਨ ਪਿਟਸਬਰਗ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਹਨ ਅਤੇ ਸਮਾਜਿਕ ਵਿਰੋਧੀਆਂ ਦੀ ਜਾਣਕਾਰ ਹੈ, ਨੇ ਕਿਹਾ, "ਇਸ ਮਾਮਲੇ ਵਿੱਚ ਸਾਡਾ ਸੈਨਾ ਦੀ ਭੂਮਿਕਾ ਵਿੱਚ ਗੱਲ ਕਰਨਾ ਦਰਸਾਉਂਦਾ ਹੈ ਕਿ ਸਾਡੇ ਦੇਸ਼ ਵਿੱਚ ਹਾਲਾਤ ਕਿੰਨੇ ਮਾੜੇ ਹਨ।"

## ਕਈ ਰਿਕਾਰਡ ਕਾਇਮ ਕੀਤੇ ਕਮਲਾ ਹੈਰਿਸ ਨੇ

ਕਮਲਾ ਹੈਰਿਸ ਨੇ ਅਮਰੀਕੀ ਇਤਿਹਾਸ 'ਚ ਕਈ ਨਵੇਂ ਅਧਿਆਇ ਲਿਖ ਦਿੱਤੇ, ਜਿਨਾਂ ਬਾਰੇ 20ਵੀਂ ਸਦੀ ਵਿਚ ਕੋਈ ਸੋਚ ਵੀ ਨਹੀਂ ਸੀ ਸਕਦਾ। ਉਹ ਅਮਰੀਕਾ ਦੀ ਉਪ ਰਾਸ਼ਟਰਪਤੀ ਬਣਨ ਵਾਲੀ ਪਹਿਲੀ ਔਰਤ, ਪਹਿਲੀ ਭਾਰਤੀ -ਅਮਰੀਕਨ, ਪਹਿਲੀ ਸਿਆਹਫਾਮ ਅਤੇ ਪਹਿਲੀ ਏਸ਼ੀਅਨ ਔਰਤ ਬਣ ਗਈ ਹੈ। ਜਦੋਂ ਰਾਸ਼ਟਰਪਤੀ ਜੋਅ ਬਾਇਡਨ ਨੇ ਉਸ ਦਾ ਨਾਂ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਐਲਾਨਿਆ ਸੀ ਤਾਂ ਜ਼ਿਆਦਾਤਰ ਅਮਰੀਕਨ ਹੈਰਾਨ ਰਹਿ ਗਏ ਸਨ ਪਰ ਬਾਇਡਨ ਦੇ ਇਸ ਸਿਆਸੀ ਪੈਂਤੜੇ ਨੇ ਕਮਾਲ ਦਾ ਅਸਰ ਵਿਖਾਇਆ। ਹੈਰਿਸ ਦੀ ਚੋਣ ਨੇ ਵੱਡੇ ਪੱਧਰ 'ਤੇ ਸਿਆਹਫਾਮ, ਲੈਟਿਨ ਅਮਰੀਕਨ, ਏਸ਼ੀਅਨ ਤੇ ਭਾਰਤੀ -ਅਮਰੀਕਨ ਵੋਟਰਾਂ ਨੂੰ ਬਾਇਡਨ ਦੇ ਹੱਕ ਵਿੱਚ ਭੁਗਤਣ ਲਈ ਮਜਬੂਰ ਕਰ ਦਿੱਤਾ। ਉਸ ਦੀ ਇਸ ਡੋਨਾਲਡ ਟਰੰਪ ਨੇ ਕਮਲਾ ਹੈਰਿਸ 'ਤੇ ਨਸਲੀ ਹਮਲੇ ਕਰਨ ਦਾ ਕੋਈ ਮੌਕਾ ਨਹੀਂ ਛੱਡਿਆ। ਉਸ ਨੇ ਕਮਲਾ ਨੂੰ 'ਸ਼ੈਤਾਨ' ਤਕ ਕਹਿ ਦਿੱਤਾ। ਇਸ ਕਾਰਨ ਹੀ ਕਈ ਵਾਰ ਨਸਲੀ ਗੋਰਿਆਂ ਨੇ ਉਸ ਦੀਆਂ ਰੈਲੀਆਂ 'ਚ ਹੂਟਿੰਗ ਵੀ ਕੀਤੀ।

ਪਰ ਵਿਰੋਧੀਆਂ ਦੀ ਇਹ ਘਟੀਆ ਰਾਜਨੀਤਕ ਚਾਲ ਕਮਲਾ ਹੈਰਿਸ ਦੇ ਹੱਕ 'ਚ ਗਈ ਤੇ ਉਹ ਅਮਰੀਕਨ ਘੱਟ ਗਿਣਤੀਆਂ ਦੇ ਹੱਕਾਂ ਦੀ ਚੈਂਪੀਅਨ ਸਮਝੀ ਜਾਣ ਲੱਗੀ। ਭਾਰਤੀ ਅਮਰੀਕਨ ਸਮਾਜ ਆਮ ਤੌਰ 'ਤੇ ਡੈਮੋਕ੍ਰੇਟਿਕ ਪਾਰਟੀ ਦਾ ਸਮਰਥਕ ਸਮਝਿਆ ਜਾਂਦਾ ਹੈ ਪਰ ਅਨੇਕਾਂ ਸਰਵੇਖਣਾਂ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਹੈਰਿਸ ਕਾਰਨ ਭਾਰਤੀਆਂ ਦੀ ਬਹੁਗਿਣਤੀ ਨੇ ਇਸ ਵਾਰ ਰਿਪਬਲਿਕਨ ਪਾਰਟੀ ਨੂੰ ਵੋਟਾਂ ਪਾਈਆਂ ਹਨ। ਇੱਥੋਂ ਤਕ ਮੋਦੀ ਸਰਕਾਰ ਦੀ ਟਰੰਪ ਹਮਾਇਤ ਪਰਵਾਸੀ ਭਾਰਤੀਆਂ ਉੱਪਰ ਪ੍ਰਭਾਵ ਨਹੀਂ ਪਾ ਸਕੀ।

ਕਮਲਾ ਹੈਰਿਸ (ਪੂਰਾ ਨਾਂ ਕਮਲਾ ਦੇਵੀ ਹੈਰਿਸ) ਦਾ ਜਨਮ 20 ਅਕਤੂਬਰ, 1964 ਨੂੰ ਕੈਲੀਫੋਰਨੀਆ ਦੇ ਉਕਲੈਂਡ ਸ਼ਹਿਰ 'ਚ ਹੋਇਆ।। ਉਸ ਦੇ ਪਿਤਾ ਦਾ ਨਾਂ ਡੋਨਾਲਡ ਹੈਰਿਸ ਤੇ ਮਾਤਾ ਦਾ ਨਾਂ ਸ਼ਿਆਮਲਾ ਗੋਪਾਲਨ ਹੈ। ਸ਼ਿਆਮਲਾ ਗੋਪਾਲਨ 1958 'ਚ 19 ਸਾਲ ਦੀ ਉਮਰ 'ਚ ਤਾਮਿਲਨਾਡੂ ਤੋਂ ਅਮਰੀਕਾ ਆਈ ਸੀ ਤੇ ਉਹ ਯੂਨੀਵਰਸਿਟੀ ਆਫ ਕੈਲੀਫੋਰਨੀਆ ਵਿਚ ਛਾਤੀ ਦੇ ਕੈਂਸਰ ਬਾਰੇ ਖੋਜ ਕਰਨ ਵਾਲੀ ਵਿਗਿਆਨਕ ਸੀ। ਉਸ ਨੇ 1964 'ਚ ਪੀਐੱਚਡੀ ਕੀਤੀ ਸੀ। ਉਸ ਦੀ 2009 'ਚ ਮੌਤ ਹੋ ਚੁੱਕੀ ਹੈ। ਡੋਨਾਲਡ ਹੈਰਿਸ ਜਮਾਇਕਾ ਤੋਂ 1961 'ਚ ਅਮਰੀਕਾ ਆਇਆ ਸੀ ਤੇ ਉਹ ਸਟੈਨਫੋਰਡ ਯੂਨੀਵਰਸਿਟੀ ਤੋਂ 1998 'ਚ ਅਰਥਸ਼ਾਸਤਰ ਦੇ ਪ੍ਰੋਫੈਸਰ ਵਜੋਂ ਸੇਵਾਮੁਕਤ ਹੋਇਆ ਹੈ। ਕਮਲਾ ਹੈਰਿਸ ਆਪਣੀ ਭੈਣ ਮਾਇਆ ਨਾਲ ਕਈ ਵਾਰ ਆਪਣੇ ਨਾਨਕਿਆਂ ਨੂੰ ਮਿਲਣ ਲਈ ਚੇਨਈ ਆ ਚੁੱਕੀ ਹੈ ਤੇ ਕਈ ਵਾਰ ਆਪਣੇ ਦਾਦਕੇ ਘਰ ਜਮਾਇਕਾ ਵੀ ਜਾ ਚੁੱਕੀ ਹੈ। ਉਸ ਦੇ ਪਤੀ ਦਾ ਨਾਂ ਡਗਲਸ ਐਮਹਾਫ ਹੈ , ਜੋ ਸੀਨੀਅਰ ਵਕੀਲ ਹੈ। ਉਨਾਂ ਦਾ ਵਿਆਹ 2014 'ਚ ਹੋਇਆ ਸੀ। ਕਮਲਾ ਦਾ ਆਪਣਾ ਕੋਈ ਬੱਚਾ ਨਹੀਂ ਹੈ ਪਰ ਉਸ ਦੇ ਪਤੀ ਦੇ ਪਹਿਲੇ ਵਿਆਹ ਤੋਂ ਦੋ ਬੱਚੇ ਹਨ ਤੇ ਸਾਰੇ ਇਕੱਠੇ ਹੀ ਰਹਿੰਦੇ ਹਨ।

ਕਮਲਾ ਨੇ ਹਾਰਵਰਡ ਯੂਨੀਵਰਸਿਟੀ ਤੋਂ ਗਰੈਜੂਏਸ਼ਨ ਅਤੇ ਹੇਸਟਿੰਗਜ਼ ਲਾਅ ਕਾਲਜ ਤੋਂ ਕਾਨੂੰਨ ਦੀ ਡਿਗਰੀ ਹਾਸਲ ਕਰ ਕੇ ਉਸ ਨੇ ਕੈਲੀਫੋਰਨੀਆ ਦੇ ਅਲਮਾਡਾ ਸ਼ਹਿਰ 'ਚ ਪ੍ਰੈਕਟਿਸ ਸ਼ੁਰੂ ਕੀਤੀ ਪਰ ਜਲਦੀ ਹੀ ਉਸ ਨੂੰ ਸਾਨ ਫਰਾਂਸਿਸਕੋ ਦੇ ਜ਼ਿਲਾ ਅਟਾਰਨੀ ਦਫ਼ਤਰ 'ਚ ਸਹਾਇਕ ਅਟਾਰਨੀ ਜਨਰਲ ਦੇ ਅਹੁਦੇ ਲਈ ਚੁਣ ਲਿਆ ਗਿਆ । 2010 'ਚ ਉਸ ਨੇ ਕੈਲੀਫੋਰਨੀਆ ਦੇ ਅਟਾਰਨੀ ਜਨਰਲ ਦੇ ਅਹੁਦੇ ਦੀ ਚੋਣ ਲੜੀ ਤੇ ਸ਼ਾਨਦਾਰ ਜਿੱਤ ਹਾਸਲ ਕੀਤੀ। 2016 'ਚ ਉਸ ਨੇ ਰਿਪਬਲਿਕਨ ਪਾਰਟੀ ਵੱਲੋਂ ਸੈਨੇਟ ਦੀ ਚੋਣ ਲੜ ਕੇ ਸਿਆਸਤਦਾਨ ਵਜੋਂ ਸਫ਼ਰ ਸ਼ੁਰੂ ਕੀਤਾ। ਸੈਨੇਟਰ ਹੁੰਦਿਆਂ ਉਸ ਨੇ ਸਿਹਤ ਸਹੂਲਤਾਂ ਬਿਹਤਰ ਬਣਾਉਣ, ਭੰਗ ਦੇ ਨਸ਼ੇ ਨੂੰ ਕਾਨੂੰਨੀ ਦਰਜਾ ਦੇਣ, ਗ਼ੈਰ ਕਾਨੂੰਨੀ ਰਿਫਿਊਜ਼ੀਆਂ ਨੂੰ ਅਮਰੀਕਨ ਨਾਗਰਿਕਤਾ ਦੇਣ, ਪਰਮਾਣੂ ਹਥਿਆਰਾਂ 'ਤੇ ਪਾਬੰਦੀ ਲਾਉਣ ਅਤੇ ਟੈਕਸ ਸਿਸਟਮ ਸੁਧਾਰਨ ਆਦਿ ਦੇ ਕਾਨੂੰਨ ਪਾਸ ਕਰਵਾਉਣ ਲਈ ਜ਼ੋਰਦਾਰ ਵਕਾਲਤ ਕੀਤੀ। ਆਪਣੇ ਸਮਾਜ ਸੁਧਾਰਕ ਕੰਮਾਂ ਲਈ ਕਮਲਾ ਹੈਰਿਸ ਨੂੰ ਕਈ ਮਾਣ- ਸਨਮਾਨ ਪ੍ਰਾਪਤ ਹੋ ਚੁੱਕੇ ਹਨ। ਇਸ ਤੋਂ ਇਲਾਵਾ ਉਹ ਕਾਨੂੰਨ ਸਬੰਧੀ ਤਿੰਨ ਕਿਤਾਬਾਂ ਵੀ ਲਿਖ ਚੁੱਕੀ ਹੈ।

ਜੋਅ ਬਾਇਡਨ ਅਤੇ ਕਮਲਾ ਹੈਰਿਸ ਲਈ ਅੱਗੇ ਦਾ ਰਸਤਾ ਬਹੁਤ ਕੰਡਿਆਂ ਭਰਿਆ ਹੈ। ਟਰੰਪ ਦੀਆਂ ਬਚਕਾਨੀਆਂ ਨੀਤੀਆਂ ਕਾਰਨ ਅਮਰੀਕਾ ਬੁਰੀ ਤਰਾਂ ਨਾਲ ਨਸਲੀ ਤੌਰ 'ਤੇ ਵੰਡਿਆ ਜਾ ਚੁੱਕਿਆ ਹੈ। ਸਿਆਹਫਾਮ ਆਪਣੇ ਆਪ ਨੂੰ ਦੂਜੇ ਦਰਜੇ ਦੇ ਸ਼ਹਿਰੀ ਵਜੋਂ ਵੇਖ ਰਹੇ ਹਨ ਤੇ ਅਜੇ ਵੀ ਕਈ ਸ਼ਹਿਰਾਂ 'ਚ ਪੁਲਿਸ ਹੱਥੋਂ ਮਾਰੇ ਗਏ ਸਿਆਹਫਾਮਾਂ ਦੇ ਹੱਕ ਵਿਚ ਵਿਖਾਵੇ ਹੋ ਰਹੇ ਹਨ। ਕੋਰੋਨਾ ਦੀ ਬਿਮਾਰੀ ਨੇ ਅਮਰੀਕਾ ਨੂੰ ਬੁਰੀ ਤਰਾਂ ਜਕੜਿਆ ਹੋਇਆ ਹੈ ਤੇ 2, 50000 ਦੇ ਕਰੀਬ ਅਮਰੀਕੀ ਇਸ ਕਾਰਨ ਆਪਣੀ ਜਾਨ ਗਵਾ ਚੁੱਕੇ ਹਨ।

ਇਸ ਤੋਂ ਇਲਾਵਾ ਅਮਰੀਕੀ ਫ਼ੌਜ ਸੀਰੀਆ, ਇਰਾਕ ਅਤੇ ਅਫ਼ਗਾਨਿਸਤਾਨ ਆਦਿ ਕਈ ਦੇਸ਼ਾਂ 'ਚ ਬਿਨਾਂ ਵਜਾ ਦਖ਼ਲਅੰਦਾਜ਼ੀ ਕਰ ਰਹੀ ਹੈ । ਅਮਰੀਕੀ ਜਨਤਾ ਫ਼ੌਜ ਨੂੰ ਵਾਪਸ ਬੁਲਾਉਣ ਲਈ ਜ਼ੋਰਦਾਰ ਮੰਗ ਉਠਾ ਰਹੀ ਹੈ। ਬੇਰੁਜ਼ਗਾਰੀ ਵਧੀ ਹੈ ਤੇ ਆਰਥਿਕਤਾ ਲਗਾਤਾਰ ਗਿਰਾਵਟ ਵੱਲ ਹੈ। ਜੋਅ ਬਾਇਡਨ ਅਤੇ ਕਮਲਾ ਹੈਰਿਸ ਨੂੰ ਇਨਾਂ ਸੰਕਟਾਂ ਬਾਰੇ ਫ਼ੌਰਨ ਕਦਮ ਚੁੱਕਣੇ ਪੈਣਗੇ।

## ਸਿੱਖ ਤੇ ਦੱਖਣੀ ਏਸ਼ਿਆਈ ਸੰਗਠਨਾਂ ਵੱਲੋਂ ਬਾਇਡਨ-ਹੈਰਿਸ ਨੂੰ ਵਧਾਈ

ਵਾਸ਼ਿੰਗਟਨ: ਅਮਰੀਕਾ ਵਿਚ ਕਈ ਦੱਖਣੀ ਏਸ਼ਿਆਈ ਤੇ ਸਿੱਖ ਸੰਗਠਨਾਂ ਨੇ ਰਾਸ਼ਟਰਪਤੀ ਅਹੁਦੇ ਲਈ ਚੁਣੇ ਗਏ ਜੋਅ ਬਾਇਡਨ ਤੇ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਚੁਣੀ ਗਈ ਕਮਲਾ ਹੈਰਿਸ ਨੂੰ ਇਤਿਹਾਸਕ ਚੋਣਾਂ ਜਿੱਤਣ 'ਤੇ ਵਧਾਈ ਦਿੱਤੀ ਹੈ। ਉੱਤਰੀ ਅਮਰੀਕਾ ਦੀ ਦੱਖਣੀ ਏਸ਼ਿਆਈ ਬਾਰ ਐਸੋਸੀਏਸ਼ਨ (ਐੱਸਏਬੀਏ) ਨੇ ਕਿਹਾ ਕਿ ਸਰਕਾਰ ਦੇ ਸਭ ਤੋਂ ਉੱਚੇ ਅਹੁਦੇ ਉੱਤੇ ਪਹੁੰਚੀ ਕਮਲਾ ਹੈਰਿਸ ਉਨਾਂ ਲਈ ਪ੍ਰੇਰਣਾ ਬਣ ਗਈ ਹੈ। 'ਸਿੱਖ ਅਮੈਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ' ਨੇ ਕਿਹਾ ਹੈ ਕਿ ਸਿੱਖ ਅਮਰੀਕੀ ਭਾਈਚਾਰੇ ਨੇ ਰਿਕਾਰਡ ਵੋਟਾਂ ਪਾਈਆਂ ਹਨ ਤਾਂ ਕਿ ਉਨਾਂ ਦੀ ਮੁਸ਼ਕਲਾਂ ਸੁਣੀਆਂ ਜਾ ਸਕਣ। 'ਦੇਸੀਜ਼ ਫਾਰ ਪ੍ਰੋਗਰੈੱਸ' ਨੇ ਕਿਹਾ ਕਿ ਇਹ ਇਤਿਹਾਸਕ ਚੋਣਾਂ ਸਨ।

# ਜਦ ਸ਼੍ਰੋਮਣੀ ਕਮੇਟੀ ਦੇ ਗੁੰਡਿਆਂ ਨੇ ਸਾਡੇ 'ਤੇ ਡਾਂਗਾਂ-ਕਿਰਪਾਨਾਂ ਨਾਲ ਕੀਤਾ ਜ਼ੋਰਦਾਰ ਹਮਲਾ



- ਰਣਜੀਤ ਸਿੰਘ ਦਮਦਮੀ ਟਕਸਾਲ
(ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲ਼ਾ)
88722-93883

ਸ਼੍ਰੋਮਣੀ ਕਮੇਟੀ ਦੀ ਪ੍ਰਿੰਟਿੰਗ ਪ੍ਰੈੱਸ (ਗੁ. ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ) 'ਚੋਂ ਲਾਪਤਾ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦਾ ਹਿਸਾਬ ਲੈਣ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਦੋਸ਼ੀ ਪਾਏ 16 ਅਧਿਕਾਰੀਆਂ ਤੇ ਮੁਲਾਜ਼ਮਾਂ ਉੱਤੇ ਪਰਚਾ ਦਰਜ ਕਰਵਾਉਣ ਤੇ ਗੁਰਬਾਣੀ ਦੇ ਅਦਬ-ਸਤਿਕਾਰ ਦੀ ਬਹਾਲੀ ਲਈ ਸ੍ਰੀ ਅੰਮ੍ਰਿਤਸਰ ਵਿਖੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਤੇਜਾ ਸਿੰਘ ਸਮੁੰਦਰੀ ਹਾਲ (ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ) ਦੇ ਅੱਗੇ 41 ਦਿਨਾਂ ਤੋਂ ਸ਼ਾਂਤਮਈ ਮੋਰਚਾ ਲਾਈ ਬੈਠੇ ਸਿੱਖ ਜਥੇਬੰਦੀਆਂ ਦੇ ਆਗੂਆਂ ਅਤੇ ਸੰਗਤਾਂ 'ਤੇ 24 ਅਕਤੂਬਰ, 2020 ਨੂੰ ਸ਼੍ਰੋਮਣੀ ਕਮੇਟੀ ਦੇ ਗੁੰਡਾ ਅਧਿਕਾਰੀਆਂ ਅਤੇ ਬਦਮਾਸ਼ ਮੁਲਾਜ਼ਮਾਂ ਨੇ ਜੋ ਜ਼ੁਲਮ, ਕਹਿਰ ਅਤੇ ਤਸ਼ੱਦਦ ਕੀਤਾ ਉਹ ਸਾਰਾ ਖ਼ੌਫ਼ਨਾਕ ਦ੍ਰਿਸ਼ ਮੈਂ ਆਪਣੇ ਅੱਖੀਂ ਵੇਖਿਆ ਤੇ ਪਿੰਡੇ 'ਤੇ ਹੰਢਾਇਆ ਹੈ। ਸੱਚਮੁੱਚ ਉਸ ਦਿਨ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ 'ਚ ਨਰੈਣੂ ਮਹੰਤ ਦੀ ਪਾਪੀ ਰੂਹ ਵੜ ਗਈ ਸੀ ਤੇ ਤਕਰੀਬਨ 100 ਸਾਲਾਂ ਬਾਅਦ ਨਨਕਾਣਾ ਸਾਹਿਬ ਵਾਲ਼ਾ ਸਾਕਾ ਮੁੜ ਦੁਹਰਾਇਆ।

ਸ਼੍ਰੋਮਣੀ ਕਮੇਟੀ ਦੇ 3500 ਗੁੰਡੇ ਅਤੇ ਸਿਰੇ ਦੇ ਬਦਮਾਸ਼ ਮੁਲਾਜ਼ਮਾਂ ਨੇ ਜ਼ੁਲਮ ਦੀਆਂ ਸਾਰੀਆਂ ਹੱਦਾਂ ਹੀ ਪਾਰ ਕਰ ਦਿੱਤੀਆਂ ਤੇ ਪਾਵਨ ਸਰੂਪਾਂ ਦਾ ਹਿਸਾਬ ਮੰਗਦੇ 15 ਸਿੱਖਾਂ ਨੂੰ ਡਾਂਗਾਂ-ਸੋਟਿਆਂ ਨਾਲ਼ ਛੱਲੀਆਂ ਵਾਂਗ ਕੁੱਟਿਆ ਤੇ ਕਿਰਪਾਨਾਂ ਨਾਲ਼ ਵੱਢਿਆ। ਸ਼੍ਰੋਮਣੀ ਕਮੇਟੀ ਦਾ ਦਫ਼ਤਰ ਉਸ ਦਿਨ ਬੁੱਚੜਖਾਨਾ (ਤਸੀਹਾ ਕੇਂਦਰ) ਤੇ ਉਹਨਾਂ ਦੇ ਮੁਲਾਜ਼ਮ ਕਸਾਈ-ਬੁੱਚੜ ਬਣ ਚੁੱਕੇ ਸਨ। ਮੋਰਚੇ ਵਾਲ਼ੀ ਜਗਾ ਤੋਂ ਖਿੱਚ-ਖਿੱਚ ਕੇ ਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵੱਲ ਲਿਜਾਇਆ ਜਾ ਰਿਹਾ ਸੀ ਤੇ ਅੰਦਰ ਵਾੜ ਕੇ ਸਿੱਖਾਂ 'ਤੇ ਜ਼ੁਲਮ ਅਤੇ ਤਸ਼ੱਦਦ ਕੀਤਾ ਜਾ ਰਿਹਾ ਸੀ। ਤਕਰੀਬਨ ਸ਼੍ਰੋਮਣੀ ਕਮੇਟੀ ਦੇ ਸੌ-ਸੌ ਗੁੰਡੇ ਮੁਲਾਜ਼ਮ, ਇੱਕ-ਇੱਕ ਸਿੱਖ ਨੂੰ ਡਾਂਗਾਂ-ਸੋਟਿਆਂ ਨਾਲ਼ ਬੜੀ ਬੁਰੀ ਤਰਾਂ ਕੁੱਟ ਰਹੇ ਸਨ ਤੇ ਕਸਾਈਆਂ ਵਾਂਗ ਕੋਹ ਰਹੇ ਸਨ।

ਸਭ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੀ ਗੁੰਡਾ ਫ਼ੋਰਸ ਅਤੇ ਬਦਮਾਸ਼ ਮੁਲਾਜ਼ਮਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਪੰਜਾਬ ਦੇ ਮੁੱਖ ਆਗੂ ਭਾਈ ਸੁਖਜੀਤ ਸਿੰਘ ਖੋਸੇ 'ਤੇ ਬੇਤਹਾਸ਼ਾ ਕਹਿਰ ਕਮਾਇਆ, ਉਹਨਾਂ ਦੀ ਦਸਤਾਰ ਲਾਹੀ, ਕੇਸਾਂ ਤੋਂ ਫੜ-ਫੜ ਕੇ ਘੜੀਸਿਆ ਤੇ ਡਾਂਗਾਂ-ਸੋਟਿਆਂ ਨਾਲ਼ ਕੁੱਟਿਆ ਤੇ ਉਹਨਾਂ ਤੋਂ ਬਾਅਦ ਵਾਰੀ ਫਿਰ ਦੂਜੇ ਸਿੱਖਾਂ ਦੀ ਆ ਗਈ।

ਦੁਪਹਿਰ ਪੌਣੇ ਕੁ ਦੋ ਵਜੇ ਦਾ ਸਮਾਂ ਸੀ। ਮੈਂ ਆਪਣੇ ਮੋਬਾਇਲ ਫ਼ੋਨ ਤੋਂ ਮੋਰਚੇ ਦੇ ਆਗੂਆਂ ਅਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਵਿਚਾਲੇ ਚੱਲ ਰਹੇ ਤਣਾਅ ਤੇ ਗੱਲਬਾਤ ਦੀ ਫੇਸ ਬੁੱਕ 'ਤੇ ਲਾਈਵ ਵੀਡੀਓ ਬਣਾ ਰਿਹਾ ਸੀ। ਉਸ ਦੌਰਾਨ ਹੀ ਸ਼੍ਰੋਮਣੀ ਕਮੇਟੀ ਦੇ ਇੱਕ ਗੁੰਡਾ ਮੁਲਾਜ਼ਮ (ਜਿਸ ਨੇ ਆਪਣੀ ਪਛਾਣ ਲੁਕਾਉਣ ਲਈ ਮੂੰਹ 'ਤੇ ਰੁਮਾਲ ਬੰਨਿਆ ਹੋਇਆ ਸੀ) ਨੇ ਮੇਰੇ ਤੋਂ ਫ਼ੋਨ ਖੋਹਣ ਦੀ ਕੋਸ਼ਿਸ਼ ਕੀਤੀ ਪਰ ਉਸ ਤੋਂ ਖੋਹਿਆ ਨਹੀਂ ਗਿਆ। ਫਿਰ ਛੇ-ਸੱਤ ਮੁਲਾਜ਼ਮ ਮੇਰੇ ਹੱਥੋਂ ਫ਼ੋਨ ਖੋਹਣ ਲਗ ਪਏ ਪਰ ਮੇਰੇ ਹੱਥ 'ਚ ਮੋਬਾਇਲ ਦੀ ਪਕੜ ਏਨੀ ਮਜ਼ਬੂਤ ਸੀ ਕਿ ਉਹ ਪੂਰੀ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਫ਼ੋਨ ਖੋਹ ਨਾ ਸਕੇ ਜਿਸ ਤੋਂ ਬਾਅਦ ਉਨਾਂ ਨੇ ਆਪਣੇ ਬਾਕੀ ਗੁੰਡਾ ਮੁਲਾਜ਼ਮਾਂ ਨੂੰ ਆਵਾਜ਼ ਮਾਰੀ ਕਿ "ਉਹ ਫੜ ਲੋ ਇਹਨੂੰ ਸਾਲ਼ੇ ਨੂੰ3!"

ਜਦ ਉਹ ਇਕਦਮ ਕਿਰਪਾਨਾਂ-ਡਾਂਗਾਂ ਨਾਲ਼ ਲੈਸ ਹੋਏ ਮੁਲਾਜ਼ਮ ਮੇਰੇ ਵੱਲ ਵਧੇ ਤਾਂ ਮੈਂ ਆਪਣੀ ਸੁਰੱਖਿਆ ਲਈ ਆਪਣਾ ਖ਼ੰਜਰ (ਸ਼ਸਤਰ) ਕੱਢਣ ਦੀ ਕੋਸ਼ਿਸ਼ ਕੀਤੀ ਪਰ ਉਸੇ ਵੇਲ਼ੇ ਹੀ ਪੱਚੀ-ਤੀਹ ਬਦਮਾਸ਼-ਗੁੰਡੇ ਮੁਲਾਜ਼ਮਾਂ ਨੇ ਮੈਨੂੰ ਘੇਰ ਲਿਆ ਤੇ ਮੇਰੀਆਂ ਬਾਂਹਵਾਂ ਫੜ ਲਈਆਂ ਤੇ ਉਸੇ ਦੌਰਾਨ ਹੀ ਕਿਸੇ ਗੁੰਡੇ ਮੁਲਾਜ਼ਮ ਨੇ ਮੇਰੇ ਤੋਂ ਫ਼ੋਨ ਖੋਹ ਲਿਆ ਤੇ ਮੇਰਾ ਗਾਤਰਾ ਵੀ ਤੋੜ ਦਿੱਤਾ ਜਿਸ ਕਰਕੇ ਖ਼ੰਜਰ ਥੱਲੇ ਡਿਗ ਪਿਆ।

ਜਦ ਇਹ ਘਟਨਾ ਮੇਰੇ ਨਾਲ਼ ਵਾਪਰੀ ਤਾਂ ਉਸ ਸਮੇਂ ਸ਼੍ਰੋਮਣੀ ਕਮੇਟੀ ਦੇ ਉੱਚ ਅਧਿਕਾਰੀ ਮਹਿੰਦਰ ਸਿੰਘ ਆਹਲੀ (ਸਕੱਤਰ), ਸੁਖਦੇਵ ਸਿੰਘ ਭੂਰਾ ਕੋਹਨਾ (ਵਧੀਕ ਸਕੱਤਰ), ਅਜਾਇਬ ਸਿੰਘ ਅਭਿਆਸੀ (ਮੈਂਬਰ ਧਰਮ ਪ੍ਰਚਾਰ ਕਮੇਟੀ), ਬਿਜੈ ਸਿੰਘ (ਮੁਅੱਤਲ ਮੀਤ ਸਕੱਤਰ) ਅਤੇ ਸੁਰਜੀਤ ਸਿੰਘ ਭਿੱਟੇਵਿੰਡ (ਮੈਂਬਰ) ਆਦਿ ਨੇੜੇ ਖੜੇ ਸਨ ਜੋ ਮੋਰਚੇ ਦੇ ਆਗੂਆਂ (ਭਾਈ ਬਲਬੀਰ ਸਿੰਘ ਮੁੱਛਲ, ਭਾਈ ਮਨਜੀਤ ਸਿੰਘ ਝਬਾਲ ਅਤੇ ਭਾਈ ਦਿਲਬਾਗ ਸਿੰਘ ਸੁਲਤਾਨਵਿੰਡ) ਨੂੰ ਮੋਰਚਾ ਚੁੱਕਣ ਲਈ ਕਹਿ ਰਹੇ ਸਨ ਕਿ ਉ ਜਾਂ ਤਾਂ ਹੁਣ ਆਪਣਾ ਧਰਨਾ-ਧੁਰਨਾ ਚੁੱਕ ਲੋ, ਜਾਂ ਫਿਰ ਹਸ਼ਰ ਭੁਗਤਣ ਲਈ ਤਿਆਰ ਹੋ ਜੋ3।"

ਖਿੱਚ-ਧੂਹ ਕਰਦਿਆਂ ਅਤੇ ਮੇਰੇ ਲੱਕ ਅਤੇ ਬਾਂਹਵਾਂ 'ਤੇ ਘਸੁੰਨ-ਮੁੱਕੇ ਮਾਰਦਿਆਂ ਪੱਚੀ-ਤੀਹ ਮੁਲਾਜ਼ਮ ਮੈਨੂੰ ਮੋਰਚੇ ਵਾਲ਼ੇ ਬਰਾਂਡੇ ਤੋਂ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵੱਲ ਨੂੰ ਲੈ ਗਏ। ਦਫ਼ਤਰ ਦੇ ਅੰਦਰ ਵੜਦਿਆਂ ਹੀ ਗੁੰਡਾ ਮੁਲਾਜ਼ਮਾਂ ਨੇ ਮੇਰੀ ਦਸਤਾਰ ਪਿੱਛੋਂ ਖਿੱਚ ਕੇ ਲਾਹ ਦਿੱਤੀ। ਮੇਰੀਆਂ ਬਾਂਹਵਾਂ ਉਹਨਾਂ ਨੇ ਫੜੀਆਂ ਹੋਣ ਕਰਕੇ ਮੈਂ ਆਪਣੀ ਦਸਤਾਰ ਨਹੀਂ ਬਚਾ ਸਕਿਆ, ਤੇ ਕੇਸਕੀ ਵੀ ਉੱਤਰ ਗਈ, ਕੰਘਾ ਵੀ ਡਿਗ ਪਿਆ ਤੇ ਕੇਸ ਖਿੱਲਰ ਗਏ। ਫਿਰ ਤੇਜਾ ਸਿੰਘ ਸਮੁੰਦਰੀ ਹਾਲ ਦੇ ਬਾਹਰ ਪੰਜਾਹ-ਸੱਠ ਦੇ ਕਰੀਬ ਸ਼੍ਰੋਮਣੀ ਕਮੇਟੀ ਦੇ ਗੁੰਡਾ ਮੁਲਾਜ਼ਮਾਂ ਨੇ ਮੇਰੇ 'ਤੇ ਡਾਂਗਾਂ-ਸੋਟੇ ਵਰਾਉਣੇ ਸ਼ੁਰੂ ਕਰ ਦਿੱਤੇ। ਐਹੋ ਜਿਹਾ ਖ਼ੌਫ਼ਨਾਕ ਅਤੇ ਰੂਹ-ਕੰਬਾਊ ਦ੍ਰਿਸ਼ ਮੈਂ ਪਹਿਲਾਂ ਕਦੇ ਵੀ ਵੇਖਿਆ ਜਾਂ ਆਪਣੇ ਪਿੰਡੇ 'ਤੇ ਹੰਢਾਇਆ ਨਹੀਂ ਸੀ। ਕੋਈ ਡਾਂਗ ਮੇਰੇ ਸਿਰ 'ਚ ਵੱਜ ਰਹੀ ਸੀ, ਕੋਈ ਲੱਕ 'ਚ ਤੇ ਕੋਈ ਲੱਤਾਂ 'ਚ, ਬਹੁਤ ਸਾਰੀਆਂ ਡਾਂਗਾਂ ਮੁਲਾਜ਼ਮਾਂ ਨੇ ਮੇਰੇ ਮੂੰਹ 'ਤੇ ਅਤੇ ਸਿਰ 'ਚ ਮਾਰੀਆਂ। ਨੰਗੇ ਸਿਰ 'ਚ ਜ਼ੋਰ ਨਾਲ਼ ਡਾਂਗਾਂ ਵੱਜਣ ਕਾਰਨ ਮੇਰਾ ਸਿਰ ਚਕਰਾ ਗਿਆ ਤੇ ਮੈਂ ਥੱਲੇ ਡਿਗ ਪਿਆ ਤੇ ਡਿਗਦਿਆਂ ਸਾਰ ਸ਼੍ਰੋਮਣੀ ਕਮੇਟੀ ਦੇ ਗੁੰਡੇ-ਬਦਮਾਸ਼ ਮੁਲਾਜ਼ਮਾਂ ਨੇ ਮੇਰੇ 'ਤੇ ਡਾਂਗਾਂ ਦੀ ਝੜੀ ਲਾ ਦਿੱਤੀ, ਇਹ ਸਾਰੀਆਂ ਡਾਂਗਾਂ ਮੇਰੇ ਲੱਕ ਅਤੇ ਲੱਤਾਂ 'ਚ ਵੱਜ ਰਹੀਆਂ ਸਨ, ਜਿਸ ਨਾਲ਼ ਮੈਂ ਬੁੜਕ-ਬੁੜਕ ਕੇ ਉੱਠ ਰਿਹਾ ਸੀ ਤੇ 'ਵਾਹਿਗੁਰੂ-ਵਾਹਿਗੁਰੂ' ਜਪ ਰਿਹਾ ਸੀ। ਮੈਂ ਮਿਆਨ 'ਚੋਂ ਆਪਣੀ ਛੋਟੀ ਟਕਸਾਲੀ ਕਿਰਪਾਨ (ਨੌਂ ਇੰਚੀ) ਕੱਢੀ ਪਰ ਉਹ ਦੂਰ ਤਕ ਮਾਰ ਨਾ ਕਰ ਸਕੀ ਤੇ ਉਨਾਂ ਨੇ ਮੇਰੇ ਹੱਥ 'ਤੇ ਡਾਂਗਾਂ ਮਾਰ-ਮਾਰ ਕੇ ਉਹ ਕਿਰਪਾਨ ਵੀ ਸੁੱਟ ਦਿੱਤੀ, ਹੁਣ ਮੈਂ ਬਿਲਕੁਲ ਨਿਹੱਥਾ ਸੀ।

ਮੈਨੂੰ ਇੱਦਾਂ ਲਗ ਰਿਹਾ ਸੀ ਕਿ ਮੈਂ ਬੜੇ ਵੱਡੇ ਜ਼ਾਲਮ ਖੋਰ, ਦਰਿੰਦੇ ਅਤੇ ਖ਼ੂੰਖ਼ਾਰ ਲੋਕਾਂ ਦੇ ਹੱਥ 'ਚ ਆ ਗਿਆ ਹਾਂ ਤੇ ਇਹ ਮੈਨੂੰ ਕੁੱਟ-ਕੁੱਟ ਕੇ ਹੀ ਮਾਰ ਦੇਣਗੇ। ਇੰਝ ਲਗਦਾ ਸੀ ਕਿ ਸ਼ਾਇਦ ਮੈਨੂੰ ਕੋਈ ਜਾਣਕਾਰ ਅਧਿਕਾਰੀ ਜਾਂ ਮੁਲਾਜ਼ਮ ਬਚਾਅ ਲਵੇਗਾ ਪਰ ਸੌ ਡੇਢ-ਸੌ ਬੰਦੇ ਆਸੇ-ਪਾਸੇ ਖੜੇ ਸਭ ਤਮਾਸ਼ਾ ਵੇਖ ਰਹੇ ਸਨ ਤੇ ਕਈ ਬਿਲਡਿੰਗਾਂ ਉੱਪਰੋਂ ਝਾਕ ਰਹੇ ਸਨ।

ਇਸੇ ਦੌਰਾਨ ਹੀ ਇੱਕ ਗੁੰਡੇ ਮੁਲਾਜ਼ਮ ਨੇ ਮੇਰੇ ਉੱਤੇ ਕਿਰਪਾਨ ਵਰਾਉਣੀ ਸ਼ੁਰੂ ਕਰ ਦਿੱਤੀ, ਉਸ ਕਿਰਪਾਨ ਦੀ ਮਾਰ ਤੋਂ ਬਚਣ ਲਈ ਮੈਂ ਫ਼ਰਸ਼ 'ਤੇ ਇੱਧਰ-ਓਧਰ ਨੂੰ ਬੜੇ ਲੇਟੇ ਖਾਧੇ। ਚਾਰੇ ਪਾਸਿਓਂ ਡਾਂਗਾਂ ਅਤੇ ਇੱਕ ਪਾਸਿਓਂ ਕਿਰਪਾਨ ਤੋਂ ਬਚਾਅ ਕਰਨਾ ਮੇਰੇ ਲਈ ਬਹੁਤ ਔਖਾ ਸੀ। ਸ਼੍ਰੋਮਣੀ ਕਮੇਟੀ ਦੇ ਉਸ ਗੁੰਡੇ-ਬਦਮਾਸ਼ ਮੁਲਾਜ਼ਮ ਨੇ ਹੱਥ 'ਚ ਫੜੀ ਵੱਡੀ ਕਿਰਪਾਨ ਮੇਰੀ ਖੱਬੀ ਬਾਂਹ ਉੱਤੇ ਅਤੇ ਲੱਕ 'ਚ ਮਾਰ ਦਿੱਤੀਆਂ ਪਰ ਕਿਰਪਾਨ ਦੀ ਧਾਰ ਜ਼ਿਆਦਾ ਤਿੱਖੀ ਨਾ ਹੋਣ ਕਰਕੇ ਉਹ ਬਹੁਤਾ ਡੂੰਘਾ ਜ਼ਖ਼ਮ ਨਾ ਕਰ ਸਕੀਆਂ ਤੇ ਗੁੱਝੀਆਂ ਸੱਟਾਂ ਅਤੇ ਮਾਸ ਪਾੜ ਗਈਆਂ।

ਸ਼੍ਰੋਮਣੀ ਕਮੇਟੀ ਦੇ ਬਦਮਾਸ਼-ਗੁੰਡੇ ਮੁਲਾਜ਼ਮ ਮੈਨੂੰ ਇਸ ਤਰਾਂ ਕੁੱਟ ਰਹੇ ਸੀ, ਜਿਵੇਂ ਮੈਂ ਕੋਈ ਸਿੱਖ ਕੌਮ ਦਾ ਬਹੁਤ ਵੱਡਾ ਦੁਸ਼ਮਣ ਜਾਂ ਬਲਾਤਕਾਰੀ ਹੋਵਾਂ। ਹਰ ਇੱਕ ਮੁਲਾਜ਼ਮ ਅੱਗੇ ਹੋ-ਹੋ ਕੇ ਮੇਰੇ ਉੱਤੇ ਡਾਂਗਾਂ-ਬਰਛੇ ਮਾਰ ਰਿਹਾ ਸੀ। ਸਰੀਰ ਦਾ ਇੱਕ ਵੀ ਅੰਗ ਅਜਿਹਾ ਨਹੀਂ ਸੀ ਬਚਿਆ ਜਿਸ 'ਤੇ ਡਾਂਗਾਂ ਨਾ ਵੱਜੀਆਂ ਹੋਣ।

ਆਪਣੇ ਉੱਤੇ ਵਰਦੀਆਂ ਡਾਂਗਾਂ 'ਚ ਮੈਂ ਬੜੀ ਮੁਸ਼ਕਿਲ ਨਾਲ ਖੜੇ ਹੋ ਕੇ ਮੁਲਾਜ਼ਮਾਂ ਤੋਂ ਉਹਨਾਂ ਦੀ ਡਾਂਗ ਖੋਹਣੀ ਚਾਹੀ ਤੇ ਉਹਨਾਂ ਨੂੰ ਰੋਕਣ ਦੀ ਵੀ ਬਹੁਤ ਕੋਸ਼ਿਸ਼ ਕੀਤੀ ਪਰ ਉਹ ਹਲਕਾਏ ਕੁੱਤਿਆਂ ਵਾਂਗ ਮੈਨੂੰ ਆਪਣੇ ਜ਼ੁਲਮ ਦਾ ਸ਼ਿਕਾਰ ਬਣਾ ਰਹੇ ਸਨ। ਮੈਂ ਉਹਨਾਂ ਨੂੰ ਕਿਹਾ ਕਿ ਮੇਰੇ ਸਿਰ 'ਚ ਬਹੁਤ ਜ਼ੋਰ ਨਾਲ਼ ਡਾਂਗਾਂ ਵੱਜਣ ਕਾਰਨ ਮੇਰਾ ਸਿਰ ਘੁੰਮ ਗਿਆ ਏ ਤੇ ਯਾਦਸ਼ਕਤੀ ਵੀ ਜਾ ਸਕਦੀ ਏ3।" ਪਰ ਉਹ ਗਾਲ਼ਾਂ ਕੱਢਦੇ ਹੋਏ ਹੋਰ ਜ਼ੋਰ ਨਾਲ਼ ਸਿਰ 'ਚ ਅਤੇ ਹੋਰ ਸਰੀਰ 'ਤੇ ਡਾਂਗਾਂ ਮਾਰੀ ਗਏ।

ਜਦ ਉਹ ਕੁੱਟ-ਕੁੱਟ ਕੇ ਹੰਭ ਗਏ ਤੇ ਉਹਨਾਂ ਨੂੰ ਆਵਾਜ਼ ਵੀ ਪੈ ਗਈ ਕਿ ਇਹਨੂੰ ਛੱਡ ਦਿਓ ਹੁਣ ਤੇ ਦੂਜਿਆਂ ਨੂੰ ਵੀ ਅੰਦਰ ਲਿਆਓ।

ਓਦੋਂ ਹੀ ਮੈਨੂੰ ਉਹ ਦ੍ਰਿਸ਼ ਵੀ ਯਾਦ ਆਇਆ ਜਦ 2006 'ਚ ਪਿੰਡ ਕੱਥੂਨੰਗਲ (ਜ਼ਿਲਾ ਸ੍ਰੀ ਅੰਮ੍ਰਿਤਸਰ) ਵਿਖੇ ਬਾਬਾ ਬੁੱਢਾ ਸਾਹਿਬ ਜੀ ਦੀ 500 ਸਾਲਾ ਸ਼ਤਾਬਦੀ 'ਤੇ ਸ਼੍ਰੋਮਣੀ ਅਕਾਲੀ ਦਲ, ਅੰਮ੍ਰਿਤਸਰ ਦੇ ਪ੍ਰਧਾਨ ਅਤੇ ਖ਼ਾਲਿਸਤਾਨੀ



ਆਗੂ ਸਰਦਾਰ ਸਿਮਰਨਜੀਤ ਸਿੰਘ ਮਾਨ ਅਤੇ ਭਾਈ ਦਲਜੀਤ ਸਿੰਘ ਬਿੱਟੂ ਤੇ ਹੋਰ ਪੰਥਕ ਤੇ ਖ਼ਾਲਿਸਤਾਨੀ ਸਿੰਘਾਂ ਨੂੰ ਬਾਦਲ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਹਜ਼ਾਰਾਂ ਗੁੰਡਿਆਂ ਨੇ ਜ਼ਖ਼ਮੀ ਕੀਤਾ ਸੀ ਤੇ ਉਹਨਾਂ ਦੀਆਂ ਦਸਤਾਰਾਂ ਰੋਲੀਆਂ ਸਨ। ਅੱਜ 14 ਸਾਲਾਂ ਬਾਅਦ ਉਹੀ ਕੁਝ ਸਾਡੇ ਨਾਲ਼ ਵਾਪਰ ਰਿਹਾ ਸੀ।

ਫਰ ਜਦ 100-150 ਗੁੰਡੇ ਓਧਰ ਮੋਰਚੇ ਵੱਲ ਨੂੰ ਲਲਕਾਰੇ ਮਾਰਦੇ ਹੋਏ ਦੌੜ ਪਏ ਤਾਂ ਮੈਨੂੰ ਪੰਜ-ਛੇ ਮੁਲਾਜ਼ਮ ਚੁੱਕ ਕੇ ਅੰਦਰ ਬਰਾਂਡੇ ਵੱਲ ਨੂੰ ਲੈ ਗਏ ਤੇ ਉਹ ਵੀ ਗਾਲ੍ਹਾਂ ਕੱਢਦੇ ਰਹੇ ਕਿ ਉਭੈਣਚੋਦਾ-ਸਾਲ਼ਿਆ ਤੂੰ ਸਾਡੇ ਖ਼ਿਲਾਫ਼ ਬੋਲਦਾ ਸੀ3 , ਦੇਈਏ ਤੁਹਾਨੂੰ ਸਰੂਪਾਂ ਦਾ ਹਿਸਾਬ, ਸਾਲ਼ੇ ਲੱਗਦੇ ਸਰੂਪਾਂ ਦੇ3 ,ਹਰਾਮਦਿਓ ਅਸੀਂ ਪਰਚੇ ਆਪਣੇ ਬੰਦਿਆਂ 'ਤੇ ਨਹੀਂ, ਤੁਹਾਡੇ 'ਤੇ ਕਰਾਵਾਂਗੇ3, ਸਾਲ਼ਿਆ ਤੈਨੂੰ ਅੱਜ ਜਾਨੋਂ ਈ ਮਾਰ ਦਿੰਦੇ ਤਾਂ ਚੰਗਾ ਸੀ3 ,ਸ਼ੁਕਰ ਕਰ ਤੂੰ ਬਚ ਗਿਆ3 ; ਤੇਰੀ ਭੈਣ ਦੀ3।

ਅੱਗੇ ਬਰਾਂਡੇ 'ਚ ਭਾਈ ਸੁਖਜੀਤ ਸਿੰਘ ਖੋਸਾ ਬੈਠੇ ਹੋਏ ਸਨ ਜਿਨਾਂ ਦੀ ਹਾਲਤ ਕੁੱਟਮਾਰ ਨਾਲ਼ ਪਹਿਲਾਂ ਹੀ ਬਹੁਤ ਮਾੜੀ ਸੀ, ਉਹ ਤੁਰਨ-ਫਿਰਨ ਤੋਂ ਅਸਮਰਥ ਸਨ। ਸ਼੍ਰੋਮਣੀ ਕਮੇਟੀ ਦੇ ਸੱਤ-ਅੱਠ ਮੁਲਾਜ਼ਮ ਮੈਨੂੰ ਓਥੇ ਇੱਕ ਕੁਰਸੀ 'ਤੇ ਬਿਠਾ ਕੇ ਗਾਲ਼ਾਂ ਕੱਢਦੇ ਰਹੇ ਤੇ ਕੁਝ ਮੁਲਾਜ਼ਮ ਕਹਿ ਰਹੇ ਸਨ ਕਿ "ਉਇਹਦੇ ਨਾਲ਼ ਇੱਦਾਂ ਈ ਹੋਣੀ ਚਾਹੀਦੀ ਏ, ਇਹ 6 ਜੂਨ ਨੂੰ ਅਕਾਲ ਤਖ਼ਤ 'ਤੇ ਵੀ ਬੜੇ ਖ਼ਾਲਿਸਤਾਨ ਦੇ ਨਾਅਰੇ ਮਾਰਦਾ ਏ3, ਸਰਕਾਰ ਦੇ ਖ਼ਿਲਾਫ਼ ਵੀ ਬੜਾ ਅਵਾ-ਤਵਾ ਬੋਲਦਾ ਏ3।"

ਸਿਰ 'ਚ ਵੱਜੀਆਂ ਡਾਂਗਾਂ ਕਰਕੇ ਮੇਰਾ ਬੜਾ ਬੁਰਾ ਹਾਲ ਸੀ, ਸਿਰ ਪੋਲਾ ਪੈ ਗਿਆ ਸੀ, ਜ਼ੋਰ ਨਾਲ਼ ਚੱਕਰ ਆ ਰਹੇ ਸਨ, ਜ਼ਮੀਨ-ਉੱਤੇ-ਥੱਲੇ ਘੁੰਮ ਰਹੀ ਸੀ। ਮੈਂ ਮੁਲਾਜ਼ਮਾਂ ਨੂੰ ਕਿਹਾ ਕਿ "ਉਮੇਰਾ ਸਿਰ ਘੁੱਟ ਦਿਓ, ਮੇਰੀ ਯਾਦ-ਸ਼ਕਤੀ ਜਾ ਸਕਦੀ ਏ3।" ਪਰ ਕਿਸੇ ਨੇ ਕੋਈ ਮਦਦ ਨਾ ਕੀਤੀ। ਪਰ ਫਿਰ ਮੇਰੀ ਹੀ ਉਮਰ (29 ਕੁ ਸਾਲਾਂ) ਦਾ ਇੱਕ ਮੁਲਾਜ਼ਮ ਨੇੜਲੇ ਕਮਰੇ 'ਚੋਂ ਬਾਹਰ ਆਇਆ ਜੋ ਮੈਨੂੰ ਜਾਣਦਾ ਸੀ ਉਸ ਨੇ ਮੇਰਾ ਸਿਰ ਘੁੱਟਿਆ ਤੇ ਪਾਣੀ ਦਿੱਤਾ। ਕੁਝ ਹੋਸ਼ ਆਉਣ ਤੋਂ ਬਾਅਦ ਮੈਂ ਬੋਲਣਾ ਸ਼ੁਰੂ ਕਰ ਦਿੱਤਾ ਕਿ "ਉ-ਨਰੈਣੂ ਮਹੰਤ ਦੇ ਵਾਰਸੋ! ਗੁਰੂ ਰਾਮਦਾਸ ਮਹਾਰਾਜ ਤੁਹਾਨੂੰ ਬਖ਼ਸ਼ਣਗੇ ਨਹੀਂ3।" ਅੱਜ ਤੁਸੀਂ ਓਹਦੇ ਦਰ 'ਤੇ ਗੁਰਸਿੱਖਾਂ ਦੀਆਂ ਦਸਤਾਰਾਂ ਲਾਹ ਕੇ ਪੈਰਾਂ 'ਚ ਰੋਲੀਆਂ ਨੇ3, ਕੇਸ ਪੁੱਟੇ ਨੇ3, ਗਾਲ਼ਾਂ ਕੱਢੀਆਂ ਨੇ, ਤੇ ਸਾਡੇ 'ਤੇ ਜ਼ੁਲਮ ਅਤੇ ਤਸ਼ੱਦਦ ਕੀਤਾ ਏ3, ਜੇ ਹਿੰਮਤ ਸੀ ਤਾਂ 'ਕੱਲੇ ਨਾਲ਼ 'ਕੱਲਾ ਟੱਕਰਦੇ3, ਭੀੜ 'ਚ ਤਾਂ ਹਰ ਕੋਈ ਕਿਸੇ ਨੂੰ ਮਾਰ ਲੈਂਦਾ ਪਰ ਜਿਸ ਦਿਨ ਸਾਡਾ ਵੱਸ ਚੱਲਿਆ ਅਸੀਂ ਬਦਲਾ ਜ਼ਰੂਰ ਲਵਾਂਗੇ3, ਤੇ 'ਕੱਲੇ-ਇਕੱਲੇ ਨੂੰ ਠੋਕਾਂਗੇ3, ਜਿਨਾਂ ਨੇ ਸਾਡੀਆਂ ਪੱਗਾਂ ਲਾਹੀਆਂ ਨੇ ਅਸੀਂ ਉਨਾਂ ਦੇ ਸਿਰ ਲਾਹਵਾਂਗੇ3।"

ਮੈਂ ਬੋਲੀ ਜਾ ਰਿਹਾ ਸੀ ਕਿ ਉਓ ਜ਼ਾਲਮੋ! ਜੇ ਤੁਹਾਡੇ 'ਚ ਰੱਤਾ ਵੀ ਕੋਈ ਸਿੱਖਾਂ ਵਾਲ਼ੀ ਗੱਲ ਹੈ ਤਾਂ ਮੇਰੀ ਕੋਈ ਦਸਤਾਰ ਹੀ ਦੇ ਦਿਓ3।"

ਪਰ ਕਿਸੇ ਨੇ ਮੇਰੀ ਦਸਤਾਰ ਨਾ ਦਿੱਤੀ ਤੇ ਫਿਰ ਰੌਲ਼ਾ ਸੁਣ ਕੇ ਭਾਈ ਸੁਖਜੀਤ ਸਿੰਘ ਖੋਸਾ ਉੱਠ ਕੇ ਆਏ ਤੇ ਉਹਨਾਂ ਨੇ ਆਪਣੇ ਸਿਰ 'ਤੇ ਸਜਾਈਆਂ ਦੋ ਫਟੀਆਂ ਕੇਸਕੀਆਂ 'ਚੋਂ ਇੱਕ ਕੇਸਕੀ ਖੋਲ ਕੇ ਮੇਰੇ ਸਿਰ 'ਤੇ ਸਜਾ ਦਿੱਤੀ ਤੇ ਕਿਹਾ ਕਿ "ਉਸਿੰਘਾ! ਚਿੰਤਾ ਨਾ ਕਰ, ਹੁਣ ਇਹਨਾਂ ਜ਼ਾਲਮਾਂ ਦਾ ਅੰਤ ਨੇੜੇ ਆ ਗਿਆ ਏ3।" ਇਹ ਗੱਲ ਸੁਣਦਿਆਂ ਸਾਰ ਜ਼ਾਲਮਾਂ ਨੇ ਫਿਰ ਭਾਈ ਸੁਖਜੀਤ ਸਿੰਘ ਖੋਸੇ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ।

ਏਨੇ ਚਿਰ ਨੂੰ ਵਧੀਕ ਸਕੱਤਰ ਸੁਖਦੇਵ ਸਿੰਘ ਭੂਰਾ ਕੋਹਨਾ ਕੁਝ ਅਧਿਕਾਰੀਆਂ ਨਾਲ਼ ਬਰਾਂਡੇ ਵੱਲ ਨੂੰ ਆ ਗਿਆ ਤੇ ਓਹਦੀ ਨਿਗਾ ਜਦ ਮੇਰੇ 'ਤੇ ਪਈ ਤਾਂ ਉਹ ਕਹਿਣ ਲੱਗਾ ਕਿ "ਉਓਹੋ! ਏ ਤਾਂ ਬੜੀ ਚੜਦੀ ਕਲਾ ਵਾਲ਼ਾ ਸਿੰਘ ਏ3!" ਸੁਖਦੇਵ ਸਿੰਘ ਭੂਰਾ ਮੇਰੇ ਕੋਲ਼ ਬਹਿ ਗਿਆ ਤੇ ਮੈਂ ਉਸ ਨੂੰ ਕਿਹਾ ਕਿ "ਉਜੋ ਕੁਝ ਅੱਜ ਤੁਸੀਂ ਸਾਡੇ ਨਾਲ਼ ਕਰ ਦਿੱਤਾ ਏ, ਇਹ ਕੁਝ ਤਾਂ ਹਾਲੇ ਪੁਲੀਸ ਨੇ ਵੀ ਕਦੇ ਸਾਡੇ ਨਾਲ਼ ਨਹੀਂ ਸੀ ਕੀਤਾ3। ਤੁਸੀਂ ਤਾਂ ਇੰਦਰਾ, ਅਬਦਾਲੀ ਤੇ ਮੱਸੇ ਰੰਘੜ ਨਾਲ਼ੋਂ ਵੀ ਵਧ ਜ਼ਾਲਮ ਨਿਕਲੇ, ਤੁਹਾਡੇ ਕੀੜੇ ਪੈਣਗੇ3, ਤੁਸੀਂ ਏਨੀ ਵੱਡੀ ਸੰਸਥਾ ਦੇ ਜ਼ਿੰਮੇਵਾਰ ਆਗੂ ਹੋ ਕੇ ਸਿੱਖਾਂ 'ਤੇ ਜ਼ੁਲਮ ਕੀਤਾ ਏ, ਕਕਾਰਾਂ ਦੀ ਘੋਰ ਬੇਅਦਬੀ ਕੀਤੀ ਏ ਤੇ ਸਾਨੂੰ ਬੁੱਚੜਾਂ ਵਾਂਗ ਕੁੱਟਿਆ ਏ3।"

ਸੁਖਦੇਵ ਸਿੰਘ ਭੂਰੇ ਨੂੰ ਮੈਂ ਕਿਹਾ ਕਿ ਉਅਸੀਂ ਤਾਂ ਸੋਚਿਆ ਸੀ ਕਿ ਜੋ ਕੁਝ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ ਨੂੰ ਬਹਾਲ ਕਰਵਾਉਣ ਅਤੇ ਕੌਮੀ ਘਰ ਖ਼ਾਲਿਸਤਾਨ ਨੂੰ ਅਜ਼ਾਦ ਕਰਵਾਉਣ ਤੇ ਸਿੱਖੀ ਦੇ ਪ੍ਰਚਾਰ-ਪ੍ਰਸਾਰ ਅਤੇ ਸ਼ਹੀਦਾਂ ਦਾ ਇਤਿਹਾਸ ਲਿਖਣ ਦੀ ਜੋ ਦਿਨ-ਰਾਤ ਸੇਵਾ ਨਿਭਾ ਰਹੇ ਹਾਂ ਇਸ ਬਦਲੇ ਕਦੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਸਾਨੂੰ ਮਾਣ-ਸਨਮਾਨ ਮਿਲ਼ੇਗਾ ਪਰ ਤੁਸੀਂ ਤਾਂ ਸਾਡੀ ਪੱਤ ਰੋਲ 'ਤੀ, ਪੱਗਾਂ ਲਾਹ 'ਤੀਆਂ, ਕੇਸ ਪੁੱਟ 'ਤੇ, ਕਕਾਰ ਵਿਛੋੜ 'ਤੇ, ਮੋਢੇ ਭੰਨ 'ਤੇ, ਲਾਸ਼ਾਂ ਪਾ 'ਤੀਆਂ, ਕਿਰਪਾਨਾਂ ਵਰਾ 'ਤੀਆਂ3, ਓ ਲੱਖ ਲਾਹਣਤ ਏ ਤੁਹਾਡੇ 'ਤੇ।

ਮੇਰੀਆਂ ਗੱਲਾਂ ਸੁਣ ਕੇ ਸ਼ਰਮਸਾਰ ਹੋਇਆ ਸੁਖਦੇਵ ਸਿੰਘ ਭੂਰਾ ਕਹਿਣ ਲੱਗਾ ਉਓਏ ਪੁੱਤ! ਮਾਫ਼ ਕਰ 'ਦੇ ਸਾਨੂੰ3, ਅਸੀਂ ਤੇਰੇ ਤੋਂ ਮਾਫ਼ੀ ਮੰਗਦੇ 'ਆਂ3, ਇਹਨਾਂ ਮੁਲਾਜ਼ਮਾਂ ਨੂੰ ਪਤਾ ਨਹੀਂ ਸੀ ਕਿ ਤੂੰ ਰਣਜੀਤ ਸਿੰਘ ਏ3, ਭੀੜ ਵਿੱਚ ਤੇਰਾ ਪਤਾ ਈ ਨੀਂ ਲੱਗਿਆ, ਆ ਵੇਖ ਮਾਫ਼ ਕਰਦੇ3।"

ਮੈਂ ਅੱਗੋਂ ਕਿਹਾ ਕਿ "ਉਜੇ ਮੇਰੀ ਥਾਂ 'ਤੇ ਕੋਈ ਹੋਰ ਵੀ ਹੁੰਦਾ, ਤਾਂ ਤੁਸੀਂ ਓਹਦੇ 'ਤੇ ਵੀ ਜ਼ੁਲਮ ਕਿਉਂ ਕਰਦੇ3 ? ਆਹ! ਤੁਹਾਨੂੰ ਸ਼ਰਮ ਨੀਂ ਆਉਂਦੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗ਼ਾਇਬ ਹੋਏ ਸਰੂਪਾਂ ਦਾ ਹਿਸਾਬ ਮੰਗਦੇ ਸਿੱਖਾਂ ਨੂੰ ਬੁੱਚੜਾਂ ਵਾਂਗ ਕੁੱਟ ਰਹੇ ਓ, ਆਹ ਸੁਖਜੀਤ ਸਿੰਘ ਖੋਸੇ ਦਾ ਵੀ ਤੁਸੀਂ ਕੀ ਹਾਲ ਕੀਤਾ ਪਿਆ ਏ3, ਓਸ ਦੀ ਵੀ ਪੱਗ ਲਾਹੀ ਗਈ, ਓਸ ਸਿੱਖ ਨੂੰ ਵੀ ਕਸਾਈਆਂ ਵਾਂਗ ਬੁਰੀ ਤਰਾਂ ਕੁੱਟਿਆ ਗਿਆ, ਉਸ ਦਾ ਸਰੀਰ ਲਾਸ਼ਾਂ ਨਾਲ਼ ਭਰਿਆ ਪਿਆ ਏ3 ਪਰ ਫਿਰ ਵੀ ਉਹ 'ਚੌਪਈ ਸਾਹਿਬ ਦੀ ਬਾਣੀ' ਪੜ ਰਿਹਾ ਏ3।"

ਸ਼ਰਮਸਾਰ ਹੋਇਆ ਸੁਖਦੇਵ ਸਿੰਘ ਭੂਰਾ ਅਤੇ ਹੋਰ ਮੁਲਾਜ਼ਮ ਮੈਨੂੰ ਇੱਕ ਕਮਰੇ 'ਚ ਲੈ ਗਏ ਜੋ ਸੁਖਦੇਵ ਸਿੰਘ ਭੂਰੇ ਦਾ ਦਫ਼ਤਰ-ਕਮਰਾ ਸੀ। ਓਥੇ ਮੈਨੂੰ ਬੰਦ ਕਰ ਦਿੱਤਾ ਗਿਆ, ਇੱਕ ਹਿਸਾਬ ਦਾ ਬੰਦੀ ਬਣਾ ਲਿਆ ਗਿਆ। ਫਿਰ ਉਸ ਕਮਰੇ 'ਚ ਕਈ ਮੁਲਾਜ਼ਮ ਆ ਜਾ ਰਹੇ ਸਨ, ਕੁਝ ਮੇਰੇ ਨਾਲ਼ ਬਹਿਸ ਰਹੇ ਸਨ ਤੇ ਕੁਝ ਮੇਰੇ ਤੋਂ ਮਾਫ਼ੀਆਂ ਮੰਗ ਰਹੇ ਸਨ ਤੇ ਕੁਝ ਕਹਿ ਰਹੇ ਸਨ ਕਿ "ਉਯਾਰ! ਤੂੰ ਤਾਂ ਬੰਦਾ ਹੀ ਬੜਾ ਚੰਗਾ ਏ, ਤੂੰ ਕਿੱਥੋਂ ਆ ਗਿਆ ਇਸ ਧਰਨੇ 'ਚ3।"

ਮੈਂ ਕਿਹਾ ਕਿ "ਉਮੈਂ ਪੰਥ ਅਤੇ ਪੰਜਾਬ ਦੇ ਹਰੇਕ ਮੋਰਚੇ, ਸਮਾਗਮ, ਮਾਰਚ ਤੇ ਸਰਗਰਮੀ 'ਚ ਹਿੱਸਾ ਲੈਂਦਾ ਆਂ ਤੇ ਇਹ ਮੋਰਚਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਬਾਰੇ ਸੀ, ਤੁਸੀਂ ਦਿਓ ਹਿਸਾਬ 328 ਸਰੂਪਾਂ ਦਾ3, ਤੇ ਸਰੂਪਾਂ ਦੇ ਮਾਮਲੇ 'ਚ ਹੇਰਾਫੇਰੀ ਕਰਨ ਵਾਲ਼ੇ ਦੋਸ਼ੀਆਂ 'ਤੇ ਕਰਵਾਓ ਪਰਚੇ3, ਜਿਸ ਨਾਲ਼ ਸਮੁੱਚੀ ਕੌਮ ਦੀ ਆਤਮਾ ਨੂੰ ਕੁਝ ਸੰਤੁਸ਼ਟੀ ਮਿਲ਼ੇ3।"

ਫਿਰ ਕੁਝ ਸਮੇਂ ਬਾਅਦ ਉਸ ਕਮਰੇ 'ਚ ਫਿਰ ਸੁਖਦੇਵ ਸਿੰਘ ਭੂਰਾ ਆਇਆ ਤੇ ਕਹਿਣ ਲੱਗਾ ਕਿ "ਉਪੁੱਤ! ਆ ਦਵਾਈ ਖਾ ਲੈ, ਤੇਰੇ ਪੀੜਾਂ ਬਹੁਤ ਨਿਕਲ ਰਹੀਆਂ ਨੇ, ਤੇਰੇ ਸਿਰ ਦਾ ਵੀ ਬੜਾ ਬੁਰਾ ਹਾਲ ਏ3।"

ਬਾਕੀ ਸਫ਼ਾ 29 'ਤੇ

# ਸੋਸ਼ਲ ਮੀਡੀਆ ਬੱਚਿਆਂ ਵਿਚ ਮਾਨਸਿਕ ਅਲਾਮਤਾਂ ਫੈਲਾ ਰਿਹਾ ਹੈ

- ਵਿਜੈ ਗਰਗ
(ਸਾਬਕਾ ਪ੍ਰਿੰਸੀਪਲ, ਮਲੋਟ)

ਸਮਾਜ ਵਿਚ ਅਨੇਕ ਕਿਸਮ ਦੀਆਂ ਬਿਮਾਰੀਆਂ ਅਤੇ ਅਲਾਮਤਾਂ ਫੈਲੀਆਂ ਹੋਈਆਂ ਹਨ। ਬਿਮਾਰੀਆਂ ਅਤੇ ਅਲਾਮਤਾਂ ਨਾਲ ਦੋ-ਚਾਰ ਹੁੰਦਿਆਂ, ਪਰਿਵਾਰ ਦਾ ਧਿਆਨ ਆਪਣੇ ਬੱਚਿਆਂ 'ਤੇ ਨਹੀਂ ਜਾਂਦਾ। ਬੱਚੇ ਜਿੱਥੇ ਦੇਸ਼ ਦਾ ਭਵਿੱਖ ਹੁੰਦੇ ਹਨ, ਉੱਥੇ ਹੀ ਘਰ ਦੀ ਨੀਂਹ ਵੀ ਹੁੰਦੇ ਹਨ। ਅੱਜ ਦੀ ਭੱਜ-ਦੌੜ ਵਾਲੀ ਜ਼ਿੰਦਗੀ ਵਿਚ ਬੱਚਿਆਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਜਿਸ ਕਾਰਨ ਉਹ ਮਾਨਸਿਕ ਤੌਰ 'ਤੇ ਰੋਗੀ ਹੋ ਰਹੇ ਹਨ। ਇੱਕ ਸੰਸਥਾ ਅਨੁਸਾਰ ਭਾਰਤ ਵਿਚ ਮਾਨਸਿਕ ਰੋਗੀਆਂ ਦੀ ਗਿਣਤੀ ਕਰੋੜਾਂ ਵਿਚ ਹੈ।

ਜਿਸ ਵਿਚ ਨਾਬਾਲਗ ਬੱਚੇ ਵੀ ਸ਼ਾਮਲ ਹਨ। ਬਹੁਤੇ ਬੱਚਿਆਂ ਦੀ ਉਮਰ ਸਿਰਫ਼ 11 ਸਾਲ ਤੋਂ 17 ਸਾਲ ਤੱਕ ਦੀ ਹੈ। ਬਾਲ ਅਵਸਥਾ ਤੋਂ ਲੈ ਕੇ ਬਾਲਗ ਹੋਣ ਤੱਕ ਬੱਚਿਆਂ ਅੰਦਰ ਕਈ ਤਰਾਂ ਦੀਆਂ ਤਬਦੀਲੀਆਂ ਨਿਰੰਤਰ ਆਉਂਦੀਆਂ ਰਹਿੰਦੀਆਂ ਹਨ। ਮਾਪਿਆਂ ਨੂੰ ਬੱਚਿਆਂ ਦੇ ਮਾਨਸਿਕ ਰੋਗੀ ਹੋਣ ਦਾ ਪਤਾ ਨਹੀਂ ਲੱਗਦਾ। ਜਦੋਂ ਇਸ ਬਿਮਾਰੀ ਬਾਰੇ ਪਤਾ ਲੱਗਦਾ ਹੈ, ਉਸ ਵੇਲੇ ਬਿਮਾਰੀ ਕਾਫੀ ਹੱਦ ਤੱਕ ਵਧ ਚੁੱਕੀ ਹੁੰਦੀ ਹੈ।

ਆਉਣ ਵਾਲੇ ਦਸ ਸਾਲਾਂ 'ਚ ਦੁਨੀਆ ਭਰ ਵਿਚ ਮਾਨਸਿਕ ਸਮੱਸਿਆਵਾਂ ਨਾਲ ਜੂਝ ਰਹੇ ਲੋਕਾਂ ਵਿਚੋਂ ਇੱਕ ਤਿਹਾਈ ਭਾਰਤ ਤੋਂ ਹੀ ਹੋ ਸਕਦੇ ਹਨ। ਬਾਲਗ ਪੀੜਤਾਂ ਨੂੰ ਕਿਸੇ ਸਾਧਨ ਰਾਹੀਂ ਮਾਨਸਿਕ ਤਣਾਅ ਦਾ ਇਲਾਜ ਮਿਲ ਜਾਂਦਾ ਹੈ ਜਾਂ ਉਹ ਖ਼ੁਦ ਹੀ ਇਸ ਤੋਂ ਨਿਕਲਣ ਦੀ ਹਰ ਸੰਭਵ ਕੋਸ਼ਿਸ਼ ਕਰਕੇ ਸਫਲ ਰਸਤਾ ਬਣਾ ਲੈਂਦਾ ਹੈ। ਪਰ ਚਿੰਤਾ ਦਾ ਵਿਸ਼ਾ ਬੱਚਿਆਂ ਅੰਦਰ ਮਾਨਸਿਕ ਰੋਗ ਦੇ ਕਾਰਨ ਅਤੇ ਇਲਾਜ ਲੱਭਣ ਦਾ ਹੈ। ਜੇਕਰ ਮਨੋਦਸ਼ਾ ਵਿਗੜਨ ਦੇ ਕਾਰਨਾਂ ਦੀ ਗੱਲ ਕਰੀਏ ਤਾਂ ਸਭ ਤੋਂ ਮੁੱਢਲਾ ਕਾਰਨ ਇਹ ਸਾਹਮਣੇ ਆਉਂਦਾ ਹੈ ਕਿ ਲੋਕ ਵੱਡੀ ਗਿਣਤੀ ਵਿਚ ਆਪਣੇ ਪਿੰਡਾਂ ਅਤੇ ਸ਼ਹਿਰਾਂ ਨੂੰ ਛੱਡ ਕੇ ਨਵੇਂ ਸ਼ਹਿਰਾਂ ਵਿਚ ਵੱਸ




ਰਹੇ ਹਨ।

ਇਸ ਸਭ ਦਾ ਅਸਰ ਜਿੱਥੇ ਵਡੇਰੇ ਤੇ ਸਿਆਣੇ ਲੋਕਾਂ ਦੇ ਦਿਲ-ਦਿਮਾਗ਼ ਨੂੰ ਪ੍ਰਭਾਵਿਤ ਕਰ ਰਿਹਾ ਹੈ, ਉੱਥੇ ਹੀ ਇਸ ਨਾਲ ਬੱਚਿਆਂ ਵਿਚ ਡਿਪਰੈਸ਼ਨ ਵਰਗੀਆਂ ਮੁਸ਼ਕਲਾਂ ਵਧਣ ਦੀ ਸੰਭਾਵਨਾ ਹੈ। ਸਿਹਤ ਜਾਣਕਾਰ ਇਹ ਅੰਦਾਜ਼ਾ ਲਾਉਂਦੇ ਹਨ ਕਿ ਭਾਰਤ ਵਿਚ ਵੱਡੇ ਪੱਧਰ 'ਤੇ ਤਬਦੀਲੀਆਂ ਹੋ ਰਹੀਆਂ ਹਨ। ਸ਼ਹਿਰ ਫੈਲ ਰਹੇ ਹਨ, ਆਧੁਨਿਕ ਸਹੂਲਤਾਂ ਵਧ ਰਹੀਆਂ ਹਨ। ਮਨੋਵਿਗਿਆਨਕ ਅਤੇ ਦਿੱਲੀ ਸਥਿਤ ਇੰਸਟੀਚਿਊਟ ਆਫ ਹਿਊਮਨ ਬਿਹੇਵੀਅਰ ਐਂਡ ਇਲਾਇਡ ਸਾਇੰਸ ਦੇ ਨਿਰਦੇਸ਼ਕ ਡਾ. ਨਿਮਿਸ਼ ਦੇਸਾਈ ਮੁਤਾਬਿਕ ਭਾਰਤ ਵਿਚ ਪਰਿਵਾਰ ਦਾ ਟੁੱਟਣਾ, ਖ਼ੁਦਮੁਖ਼ਤਿਆਰੀ 'ਤੇ ਜ਼ੋਰ ਅਤੇ ਤਕਨਾਲੋਜੀ ਵਰਗੇ ਮੁੱਦੇ ਲੋਕਾਂ ਨੂੰ ਡਿਪਰੈਸ਼ਨ ਵੱਲ ਧੱਕ ਰਹੇ ਹਨ।

ਇੱਥੇ ਸਵਾਲ ਇਹ ਉੱਠਦਾ ਹੈ ਕਿ ਕੀ ਚੰਗਾ ਵਿਕਾਸ ਜ਼ਰੂਰੀ ਹੈ ਜਾਂ ਚੰਗੀ ਮਾਨਸਿਕ ਸਿਹਤ ਜ਼ਰੂਰੀ ਹੈ ? ਸੋਸ਼ਲ ਮੀਡੀਆ ਬੱਚਿਆਂ ਅਤੇ ਨੌਜਵਾਨਾਂ ਨੂੰ ਮਾਨਸਿਕ ਵਿਕਾਰਾਂ ਵੱਲ ਲਿਜਾਣ ਦਾ ਦੂਜਾ ਸਭ ਤੋਂ ਵੱਡਾ ਕਾਰਨ ਬਣਦਾ ਜਾ ਰਿਹਾ ਹੈ। ਨਾਬਾਲਗ ਉਮਰ ਵਿਚ ਬੱਚਿਆਂ ਨੇ ਜ਼ਿੰਦਗੀ ਦੀ 70 ਪ੍ਰਤੀਸ਼ਤ ਸਿੱਖਿਆ ਹਾਸਲ ਕਰਨੀ ਹੁੰਦੀ ਹੈ। ਉਸ ਪ੍ਰਾਪਤ ਸਿੱਖਿਆ ਵਿਚ ਬੋਲਚਾਲ ਦੀ ਸਿੱਖਿਆ, ਸਮਾਜ ਵਿਚ ਵਿਚਰਨ ਦੀ ਸਿੱਖਿਆ ਤੇ ਕਿਤਾਬੀ ਗਿਆਨ ਆਦਿ ਹੈ। ਪਰ ਅਜੋਕੇ ਦੌਰ ਵਿਚ 2-3 ਸਾਲ ਦੀ ਉਮਰ ਵਿਚ ਬੱਚਿਆਂ ਨੂੰ ਖੇਡਣ ਲਈ ਖਿਡੌਣਿਆਂ ਦੀ ਥਾਂ 'ਤੇ ਉਨਾਂ ਦੇ ਹੱਥ ਵਿਚ ਮੋਬਾਈਲ ਫ਼ੋਨ ਦੇ ਦਿੱਤਾ ਜਾਂਦਾ ਹੈ। ਸਰੀਰਕ ਖੇਡਾਂ ਦੀ ਬਜਾਏ ਉਸ ਨੂੰ ਫ਼ੋਨ ਦੀ ਆਦਤ ਪੈ ਜਾਂਦੀ ਹੈ।

ਅੱਜ-ਕੱਲ ਬੱਚਿਆਂ 'ਤੇ ਕਈ ਤਰਾਂ ਦੇ ਪ੍ਰਫਾਰਮੈਂਸ ਦਾ ਦਬਾਅ ਹੈ। ਜਿੱਥੇ ਮਾਪੇ ਬੱਚਿਆਂ ਤੋਂ ਲਿਖਣ-ਪੜ੍ਹਨ ਤੋਂ ਇਲਾਵਾ ਹੋਰ ਗਤੀਵਿਧੀਆਂ ਜਿਵੇਂ: ਸੰਗੀਤ, ਡਾਂਸ, ਖੇਡਾਂ, ਅਦਾਕਾਰੀ ਆਦਿ ਵਿਚ ਵਧੀਆ ਹੋਣ ਦੀ ਉਮੀਦ ਕਰਦੇ ਹਨ, ਉੱਥੇ ਦੂਜੇ ਪਾਸੇ ਬੱਚਿਆਂ ਵਿਚ ਸੋਸ਼ਲ ਨੈੱਟਵਰਕਿੰਗ ਸਾਈਟ 'ਤੇ ਨਵੇਂ ਸਟੇਟਸ ਨੂੰ ਅੱਪਡੇਟ ਕਰਨ ਦਾ ਦਬਾਅ ਅੱਗੇ ਉਨਾਂ ਨੂੰ ਆਪਣੀ ਮੌਜੂਦਗੀ ਦਾ ਸਵਾਲ ਬਣਾ ਦਿੰਦਾ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਸੋਸ਼ਲ ਮੀਡੀਆ ਵੀ ਅੱਲੜਾਂ ਜਾਂ ਨੌਜਵਾਨਾਂ ਨੂੰ ਤਣਾਅ ਵੱਲ ਲੈ ਕੇ ਜਾਣ ਦਾ ਕਾਰਨ ਬਣ ਰਿਹਾ ਹੈ।

ਵਿਸ਼ਵ ਸਿਹਤ ਸੰਗਠਨ ਅਨੁਸਾਰ ਹਰ 40 ਸਕਿੰਟਾਂ ਵਿਚ ਇੱਕ ਵਿਅਕਤੀ ਖ਼ੁਦਕੁਸ਼ੀ ਕਰਦਾ ਹੈ। ਜਿਸ ਦਾ ਮਤਲਬ ਹੈ ਕਿ ਇੱਕ ਸਾਲ ਵਿਚ 8 ਲੱਖ ਲੋਕ ਖ਼ੁਦਕੁਸ਼ੀ ਕਰਦੇ ਹਨ। ਸੰਗਠਨ ਅਨੁਸਾਰ, 15 ਤੋਂ 29 ਸਾਲ ਦੀ ਉਮਰ ਵਰਗ ਦੇ ਨੌਜਵਾਨ ਖ਼ੁਦਕੁਸ਼ੀ ਕਰਦੇ ਹਨ। ਬੱਚਿਆਂ ਅਤੇ ਮਾਪਿਆਂ ਦੀ ਆਪਸ ਵਿਚ ਵਧ ਰਹੀ ਦੂਰੀ ਕਾਰਨ ਬੱਚੇ ਮਾਨਸਿਕ ਰੋਗੀ ਹੋ ਰਹੇ ਹਨ। ਤੇਜ਼ ਰਫ਼ਤਾਰੀ ਯੁੱਗ ਕਾਰਨ ਮਾਪੇ ਬੱਚਿਆਂ ਨਾਲ ਸਮਾਂ ਬਤੀਤ ਨਹੀਂ ਕਰ ਪਾਉਂਦੇ। ਜਿਸ ਕਾਰਨ ਬੱਚੇ ਚਿੜਚਿੜੇ, ਆਲਸੀ, ਸੋਸ਼ਲ ਮੀਡੀਏ ਜਾਂ ਗ਼ਲਤ ਸੰਗਤ ਦਾ ਸ਼ਿਕਾਰ ਹੋ ਜਾਂਦੇ ਹਨ। ਜਿਸ ਨਾਲ ਉਹ ਮਾਨਸਿਕ ਸਿਹਤ ਪੱਖੋਂ ਵਿਗੜ ਜਾਂਦੇ ਹਨ।

ਇਸ ਤੋਂ ਇਲਾਵਾ ਮਾੜਾ ਸੰਗੀਤ, ਅਸ਼ਲੀਲ ਫ਼ਿਲਮਾਂ ਆਦਿ ਕਾਰਨ ਵੀ ਉਕਤ ਬਿਮਾਰੀ ਵਿਚ ਵਾਧਾ ਕਰਦੇ ਹਨ। ਛੋਟੀ ਉਮਰ ਦੇ ਬੱਚਿਆਂ ਦਾ ਘੋਰ-ਨਿਰਾਸ਼ਾ ਅਤੇ ਤਣਾਅ ਦੇ ਸ਼ਿਕਾਰ ਹੋਣ 'ਤੇ ਮਾਹਿਰ ਮਨੋਵਿਗਿਆਨੀ ਵੀ ਇੰਨੇ ਫ਼ਿਕਰਮੰਦ ਵਿਖਾਈ ਨਹੀਂ ਦੇ ਰਹੇ, ਜਿੰਨਾ ਉਨਾਂ ਨੂੰ ਹੋਣਾ ਚਾਹੀਦਾ ਹੈ। ਮਾਨਸਿਕ ਰੋਗ ਬੱਚਿਆਂ ਵਿਚ ਆਮ ਵਾਂਗ ਹੋ ਗਿਆ ਹੈ। ਬੱਚਿਆਂ ਦੇ ਮਾਪੇ ਵੀ ਇਸ ਬਿਮਾਰੀ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੇ ਹਨ। ਜਦੋਂ ਇਹ ਬਿਮਾਰੀ ਇਲਾਜ ਸੀਮਾ ਤੋਂ ਬਾਹਰ ਹੋ ਜਾਂਦੀ ਹੈ ਤਾਂ ਮਾਪੇ ਧਿਆਨ ਦਿੰਦੇ ਹਨ। ਪਰ ਅਫ਼ਸੋਸ ਉਸ ਵੇਲੇ ਇਲਾਜ ਅਸੰਭਵ ਹੋ ਜਾਂਦਾ ਹੈ। ਅਜੋਕੇ ਸਮੇਂ ਵਿਚ ਬੱਚਿਆਂ ਵਿਚ ਪੈਦਾ ਹੋ ਰਹੀ ਮਾਨਸਿਕ ਤਣਾਅ ਦੀ ਬਿਮਾਰੀ ਤੋਂ ਉਨਾਂ ਨੂੰ ਬਚਾਉਣ ਲਈ ਉਚੇਚਾ ਧਿਆਨ ਦੇਣ ਦੀ ਲੋੜ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਸਮਾਂ ਕੱਢ ਕੇ ਬੱਚਿਆਂ ਨੂੰ ਸਰੀਰਕ ਤੌਰ 'ਤੇ ਮਜ਼ਬੂਤ ਕਰਨ। ਮੋਬਾਈਲ ਫੋਨਾਂ ਦੀ ਥਾਂ 'ਤੇ ਉਨਾਂ ਰਿਵਾਇਤੀ ਖੇਡਾਂ ਵਿਚ ਪਾਉਣ। ਉਨਾਂ ਦੇ ਖਾਣ-ਪੀਣ ਨੂੰ ਪੌਸ਼ਟਿਕ ਬਣਾਇਆ ਜਾਵੇ। ਪੜਾਈ ਜਾਂ ਹੋਰ ਕਿਸੇ ਕਿਸਮ ਦੇ ਦਬਾਅ ਤੋਂ ਬੱਚਿਆਂ ਨੂੰ ਮੁਕਤ ਰੱਖਿਆ ਜਾਵੇ। ਜਦੋਂ ਵੀ ਬੱਚੇ ਅੰਦਰ ਮਾਨਸਿਕ ਤਣਾਅ ਦੇ ਸ਼ੁਰੂਆਤੀ ਲੱਛਣ ਨਜ਼ਰ ਆਉਣ ਤਾਂ ਤੁਰੰਤ ਡਾਕਟਰੀ ਸਹਾਇਤਾ ਲਈ ਜਾਵੇ ਤੇ ਬਿਮਾਰੀ ਨੂੰ ਵਧਣ ਤੋਂ ਰੋਕਿਆ ਜਾਵੇ।

# ਇੰਟਰਨੈੱਟ ਅਤੇ ਸੁਰੱਖਿਆ

- ਹਰਕੀਰਤ ਕੌਰ ਸਭਰਾ
9779118066

ਅੱਜ ਦਾ ਯੁੱਗ ਤਕਨੀਕੀ ਯੁੱਗ ਹੈ, ਹਰ ਖੇਤਰ ਵਿੱਚ ਵਿਕਾਸ ਹੋ ਰਹੇ ਹਨ। ਵਿਕਾਸ ਦਾ ਮੁੱਖ ਤੌਰ 'ਤੇ ਸਿਹਰਾ ਤਕਨੀਕ ਅਤੇ ਵਿਗਿਆਨ ਨੂੰ ਹੀ ਜਾਂਦਾ ਹੈ। ਜਦੋਂ ਗੁਜ਼ਰੇ ਵਕਤ ਵੱਲ ਧਿਆਨ ਮਾਰੀਏ ਤਾਂ ਯਾਦ ਆਉਂਦਾ ਹੈ, ਪਹਿਲਾਂ ਕਿਸੇ ਆਪਣੇ ਬਹੁਤ ਹੀ ਨਜ਼ਦੀਕੀ ਦੀ ਸੁਖ ਸਾਧ ਪੁੱਛਣ ਲਈ ਚਿੱਠੀਆਂ ਪਾਈਆਂ ਜਾਂਦੀਆਂ ਸਨ, ਜਦੋਂ ਡਾਕੀਏ ਦੇ ਸਾਈਕਲ ਦੀ ਘੰਟੀ ਦੀ ਅਵਾਜ਼ ਸੁਣਨੀ ਤਾਂ ਹਰ ਸੁਆਣੀ ਨੂੰ ਆਪਣੇ ਨਿਗਦਿਆਂ ਦਾ ਚੇਤਾ ਆ ਜਾਂਦਾ ਖੌਰੇ ਉਸ ਦੀ ਵੀ ਕੋਈ ਚਿੱਠੀ ਆਈ ਹੋਊ। ਸਾਡੇ ਵੇਖਦਿਆਂ ਵੇਖਦਿਆਂ ਸਮਾਂ ਬਦਲਿਆ ਤਾਂ ਪਿੰਡਾਂ ਵਿੱਚ ਪੀ. ਸੀ. ਓ ਖੁੱਲ ਗਏ। ਪਿੰਡ ਦੇ ਹਰ ਬੰਦੇ ਨੇ ਆਪਣੇ ਰਿਸ਼ਤੇਦਾਰਾਂ ਵਿੱਚ ਪੀ. ਸੀ. ਓ ਵਾਲਿਆਂ ਦਾ ਨੰਬਰ ਘੁਮਾਇਆ ਹੁੰਦਾ ਸੀ। ਆਉਂਦੇ ਜਾਂਦੇ ਲੋਕ ਪੁੱਛਦੇ ਰਹਿੰਦੇ ਕਿ ਉਨਾਂ ਦਾ ਕੋਈ ਫ਼ੋਨ ਤਾਂ ਨਹੀਂ ਆਇਆ। ਇਸ ਤੋਂ ਬਾਅਦ ਤਕਨੀਕ ਵਿੱਚ ਹੋਰ ਵਿਕਾਸ ਹੋਇਆ ਤਾਂ ਬਹੁਤੇ ਪੜੇ ਲਿਖੇ ਤੇ ਸਰਮਾਏਦਾਰਾਂ ਨੇ ਆਪਣੇ ਘਰਾਂ ਵਿੱਚ ਲੈਂਡਲਾਈਨ ਫ਼ੋਨ ਲਗਵਾ ਲਏ, ਇਸੇ ਤਰਾਂ ਸੰਚਾਰ ਦੇ ਸਾਧਨਾਂ ਦੀ ਪੀੜੀ ਵਧਦੀ ਗਈ ਅਤੇ ਨਵੀਂ ਪੀੜੀ ਮੋਬਾਈਲ ਫ਼ੋਨਾਂ ਦੀ ਆ ਗਈ । ਹੌਲੀ ਹੌਲੀ ਮੋਬਾਈਲ ਫੋਨਾਂ ਦੀਆਂ ਤਕਨੀਕਾਂ ਵਿੱਚ ਏਨਾ ਕੁ ਵਾਧਾ ਹੋਇਆ ਕਿ ਆਏ ਦਿਨ ਨਵੀਂ ਕਿਸਮ ਦੇ ਮੋਬਾਈਲ ਫ਼ੋਨ ਬਜ਼ਾਰ ਵਿੱਚ ਆਉਣ ਲੱਗੇ। ਸਮਾਂ ਲੰਘਦਾ ਗਿਆ ਤੇ ਸੰਚਾਰ ਅਤੇ ਤਕਨੀਕ ਦਾ ਏਨਾ ਕੁ ਵਿਕਾਸ ਹੋਇਆ ਕਿ ਇੰਟਰਨੈੱਟ ਦੀ ਮਦਦ ਨਾਲ ਮੋਬਾਈਲ ਫ਼ੋਨਾਂ ਨੇ ਜਿੱਥੇ ਸੰਚਾਰ ਨੂੰ ਬਹੁਤ ਅਸਾਨ ਬਣਾ ਦਿੱਤਾ ਉੱਥੇ ਕੰਪਿਊਟਰ ਦੇ ਸਾਰੇ ਕੰਮ ਮੋਬਾਈਲ ਫੋਨਾਂ ਤੇ ਹੋਣ ਲੱਗ ਪਏ ਹਨ। ਮੌਜੂਦਾ ਸਮੇਂ ਵਿੱਚ ਮੋਬਾਈਲ ਫੋਨਾਂ ਅਤੇ ਇੰਟਰਨੈੱਟ ਦੀ ਵਰਤੋਂ ਦਾ ਪੱਧਰ ਏਨਾ ਵੱਧ ਗਿਆ ਹੈ, ਬੱਚੇ ਤੋਂ ਲੈ ਕੇ ਬਜ਼ੁਰਗਾਂ ਤੱਕ ਇਸ ਦੇ ਇੱਕ ਨਸ਼ੇ ਵਾਂਗਰਾਂ ਆਦੀ ਹੋ ਚੁੱਕੇ ਹਨ, ਮੋਬਾਈਲ ਬਿਨਾ ਹਰ ਵਰਗ ਦੇ ਵਿਅਕਤੀ ਦਾ ਇੱਕ ਦਿਨ ਬਿਤਾਉਣਾ ਔਖਾ ਹੋ ਗਿਆ ਹੈ। ਮੁੱਕਦੀ ਗੱਲ ਕਿ ਇੰਟਰਨੈੱਟ ਅਤੇ ਮੋਬਾਈਲ ਫ਼ੋਨ ਅੱਜ ਦੇ ਸਮੇਂ ਦੀਆਂ ਮੁੱਖ ਲੋੜਾਂ ਵਿੱਚੋਂ ਇੱਕ ਹੈ।

ਜਿੱਥੇ ਇੰਟਰਨੈੱਟ ਵਰਗੀ ਸੁਵਿਧਾ ਨੇ ਮਨੁੱਖੀ ਜੀਵਨ ਨੂੰ ਬਹੁਤ ਸਾਰੇ ਲਾਭ ਪਹੁੰਚਾਏ, ਉੱਥੇ ਹੀ ਹਰ ਵਿਅਕਤੀ ਦੇ ਨਿੱਜੀ ਡਾਟੇ ਦੀ ਸੁਰੱਖਿਆ ਪ੍ਰਤੀ ਕੁਝ ਸ਼ੰਕੇ ਵੀ ਪੈਦਾ ਕੀਤੇ। ਅੱਜ ਦੀ ਆਧੁਨਿਕ ਯੁੱਗ ਵਿੱਚ ਹਰ ਵਿਅਕਤੀ ਆਮ ਹੀ ਆਪਣੀਆਂ ਤਸਵੀਰਾਂ, ਵੀਡੀਉਜ਼ ਆਦਿ ਸੋਸ਼ਲ ਮੀਡੀਆ ਉੱਪਰ ਅੱਪਲੋਡ ਕਰਦੇ ਹਨ। ਪਰ ਕਈ ਸ਼ਰਾਰਤੀ ਅਨਸਰਾਂ ਦੁਆਰਾ ਕਿਸੇ ਦੀਆਂ ਤਸਵੀਰਾਂ ਅਤੇ ਵੀਡੀਉਜ਼ ਖ਼ਾਸ ਕਰ ਲੜਕੀਆਂ ਦੀਆਂ ਤਸਵੀਰਾਂ ਦਾ ਦੁਰਉਪਯੋਗ ਕੀਤਾ ਜਾਂਦਾ ਹੈ । ਜੋ ਕਿ ਪੂਰੀ ਤਰਾਂ ਗੈਰ ਕਾਨੂੰਨੀ ਹੈ। ਕੁਝ ਲੋਕਾਂ ਵੱਲੋਂ ਕੀਤੀਆਂ ਅਜਿਹੀਆਂ ਹਰਕਤਾਂ ਨਾਲ ਕਈ ਵਾਰ ਲੜਕੀ ਅਤੇ ਲੜਕੀ ਦੇ ਪਰਿਵਾਰ ਨੂੰ ਬਹੁਤ ਕੁਝ ਬਰਦਾਸ਼ਤ ਕਰਨਾ ਪੈਂਦਾ ਹੈ ਅਤੇ ਕਈ ਵਾਰ ਮਾਮਲਾ ਆਤਮ ਹੱਤਿਆ ਤੱਕ ਵੀ ਪਹੁੰਚ ਜਾਂਦਾ ਹੈ।

ਇਸ ਤੋਂ ਇਲਾਵਾ ਸਾਈਬਰ ਦੇ ਖੇਤਰ ਵਿੱਚ ਆਰਥਿਕ ਠੱਗੀਆਂ, ਵਿੱਤੀ ਠੱਗੀਆਂ ਦੀਆਂ ਖ਼ਬਰਾਂ ਆਮ ਹੀ ਸੁਣਨ ਨੂੰ ਮਿਲ ਜਾਂਦੀਆਂ ਹਨ। ਬਹੁਤ ਸਾਰੇ ਸਾਈਬਰ ਲੁਟੇਰੇ ਦਿਮਾਗ਼ੀ ਖੇਡ ਰਾਹੀਂ ਕਰੋੜਾਂ ਰੁਪਇਆ ਦੇ ਕਾਰੋਬਾਰਾਂ ਨੂੰ ਆਪਣੇ ਲਪੇਟ ਵਿੱਚ ਲੈ ਲੈਂਦੇ ਹਨ।

ਹੁਣ ਏਥੇ ਸੋਚਣ ਵਾਲੀ ਗੱਲ ਇਹ ਹੈ ਕਿ ਇਹਨਾਂ ਬੜੇ ਹੀ ਸਾਫ਼ ਸੁਥਰੇ ਤਰੀਕੇ ਨਾਲ ਹੋਣ ਵਾਲੀਆਂ ਠੱਗੀਆਂ ਉੱਪਰ ਕਿਸ ਤਰਾਂ ਕੰਟਰੋਲ ਕੀਤਾ ਜਾਵੇ।

ਜਿੱਥੋਂ ਤੱਕ ਮੈਨੂੰ ਲੱਗਦਾ ਹੈ ਕਿ ਇਸ ਦਾ ਹੱਲ ਕੇਵਲ ਦੋ ਹੱਥਾਂ ਵਿੱਚ ਹੀ ਹੈ। ਇੱਕ ਤਾਂ ਲੋਕ ਖ਼ੁਦ ਅਤੇ ਦੂਸਰਾ ਸਰਕਾਰਾਂ। ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਆਪਣੇ ਨਿੱਜੀ ਡਾਟੇ ਨੂੰ ਗੁਪਤ ਰੱਖਿਆ ਜਾਵੇ, ਜੇਕਰ ਸੋਸ਼ਲ ਮੀਡੀਆ ਉੱਪਰ ਤਸਵੀਰਾਂ ਅੱਪਲੋਡ ਕੀਤੀਆਂ ਜਾ ਰਹੀਆਂ ਹਨ ਤਾਂ ਯਕੀਨੀ ਬਣਾਇਆ ਜਾਵੇ ਕਿ ਕੋਈ ਤੁਹਾਡੀਆਂ ਤਸਵੀਰਾਂ ਦੀ ਗ਼ਲਤ ਵਰਤੋਂ ਨਾ ਕਰੇ। ਇਸ ਤੋਂ ਇਲਾਵਾ ਜੇਕਰ ਤੁਸੀਂ ਈ ਬੈਂਕਿੰਗ ਵਰਗੀਆਂ ਸੁਵਿਧਾਵਾਂ ਵੀ ਫ਼ੋਨ ਤੋ ਲੈ ਰਹੇ ਹੋ ਤਾਂ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਤੁਹਾਡੇ ਬੈਂਕ ਦੇ ਖਾਤਿਆਂ ਦੀ ਜਾਣਕਾਰੀ ਅਤੇ ਡੈਬਿਟ ਜਾਂ ਕਰੈਡਿਟ ਕਾਰਡ ਦੇ ਪਾਸਵਰਡ ਕਿਸੇ ਨਾਲ ਵੀ ਸਾਂਝੇ ਨਾ ਕੀਤੇ ਜਾਣ।

ਇਸ ਤੋਂ ਇਲਾਵਾ ਸਰਕਾਰਾਂ ਵੱਲੋਂ ਵੀ ਸਾਈਬਰ ਸੁਰੱਖਿਆ ਨੂੰ ਮੱਦੇਨਜ਼ਰ ਰੱਖਦੇ ਹੋਏ, ਸਾਈਬਰ ਅਪਰਾਧੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ ਅਤੇ ਲੋਕਾਂ ਦੇ ਨਿੱਜੀ ਡਾਟੇ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ, ਤਾਂ ਜੋ ਲੋਕ ਤਕਨੀਕੀ ਸੁਵਿਧਾਵਾਂ ਦਾ ਲਾਭ ਬਿਨਾਂ ਕਿਸੇ ਡਰ ਤੋਂ ਅਤੇ ਆਪਣੀ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹੋਏ ਲੈ ਸਕਣ।



# ਗੁਰੂ ਦਾ ਥਾਪੜਾ ਤਾਂ ਤਖ਼ਤੇ ਪਲਟਾ ਦਿੰਦਾ



- ਦੀਪ ਸਿੱਧੂ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਮਾਧੋ ਦਾਸ ਬੈਰਾਗੀ ਦੀ ਨਾਂਦੇੜ ਵਿਖੇ ਮੁਲਾਕਾਤ ਹੋਈ ਸੀਗ ਪਰ ਮੁਲਾਕਾਤ ਤੋਂ ਪਹਿਲਾਂ ਮਾਧੋ ਦਾਸ ਨੇ ਗੁਰੂ ਪਾਤਸ਼ਾਹ ਦਾ ਪਲ਼ੰਘ ਉਲਟਾਉਣ ਦਾ ਯਤਨ ਕਰਦੇ ਹੋਏ ਹੱਲਾ ਬੋਲਿਆ ਸੀਗ।
ਗੁਰੂ ਸਾਹਿਬ ਨੇ ਮਿਹਰਾਂ ਕਰਦੇ ਹੋਏ ਮਾਧੋ ਦਾਸ ਨੂੰ ਬੰਦੇ ਦਾ ਰੂਪ ਦਿੱਤਾਗ ਖੰਡੇ ਦੀ ਪਾਹੁਲ ਬਖ਼ਸ਼ਦੇ ਹੋਏ ਖ਼ਾਲਸਾਈ ਰਹਿਤ ਵਿੱਚ ਪਰਪੱਕ ਕਰ ਦਿੱਤਾਗ ਮਾਧੋ ਦੀ ਸ਼ਕਤੀ ਨੂੰ ਮਰਿਯਾਦਾ ਵਿੱਚ, ਅਨੁਸ਼ਾਸਨ ਵਿੱਚ ਲੈ ਆਂਦਾਗ।
ਪਲ਼ੰਘ ਉਲ਼ਟਾ ਕੇ ਮਹਿਮਾਨਾਂ ਦਾ ਮਜ਼ਾਕ ਉਡਾਉਣ ਵਾਲਾ ਮਾਧੋ ਗੁਰੂ ਦੀ ਮਿਹਰ ਨਾਲ ਰਹਿਤ, ਮਰਿਯਾਦਾ, ਅਨੁਸ਼ਾਸਨ ਵਿੱਚ ਪਰਪੱਕ ਹੋ ਕੇ ਜਦੋਂ ਬੰਦਾ ਬਣਿਆ ਤਾਂ ਉਸਨੇ ਜ਼ਾਲਮਾਂ ਦੇ ਤਖ਼ਤ ਪਲਟਾ ਦਿੱਤੇਗ।
ਬੰਦਾ ਸਿੰਘ ਬਹਾਦਰ ਦੀ ਸੂਰਮਗਤੀ ਦੇ ਨਾਲ਼ੋਂ ਮੁਗ਼ਲਾਂ ਦੇ ਮਨਾਂ ਵਿੱਚ ਉਸ ਦੇ ਕਰਾਮਾਤੀ ਹੋਣ ਦਾ ਡਰ ਜ਼ਿਆਦਾ ਸੀਗ। ਜਿਸ ਮਾਧੋ ਕੋਲ ਗੁਰੂ-ਬਖ਼ਸ਼ਿਸ਼ ਤੋਂ ਪਹਿਲਾਂ ਹੀ ਰਿੱਧੀਆਂ-ਸਿੱਧੀਆਂ ਸਮੇਤ ਇੰਨੀ ਤਾਕਤ ਸੀ, ਗੁਰੂ ਸਾਹਿਬ ਦੇ ਥਾਪੜੇ ਮਗਰੋਂ ਤਾਂ ਉਸ ਕੋਲ ਅਸੀਮ ਅਦਿੱਖ ਸ਼ਕਤੀਆਂ ਆ ਗਈਆਂ ਹੋਣਗੀਆਂਗ ਪਰ ਉਹ ਸਭ ਸ਼ਕਤੀਆਂ ਸਿੱਖ ਮਰਯਾਦਾ ਵਿੱਚ ਬੱਝ ਗਈਆਂ ਸਨਗ। ਅਨੁਸ਼ਾਸਨ ਵਿੱਚ ਆਇਆ ਬੰਦਾ ਸਿੰਘ ਬਹਾਦਰ ਜਾਣ ਗਿਆ ਸੀ ਕਿ ਕਰਾਮਾਤ ਕਹਿਰ ਦਾ ਨਾਮ ਹੈਗ। ਜਿਹੜਾ ਮਾਧੋ ਦਾਸ ਦੇ ਰੂਪ ਵਿੱਚ ਗੁਰੂ ਸਾਹਿਬ ਦਾ ਪਲ਼ੰਘ ਉਲਟਾਉਣ ਲਈ ਆਪਣੀ ਤਾਕਤ ਵਰਤ ਚੁੱਕਾ ਸੀ। ਉਹ ਬੰਦਾ ਸਿੰਘ ਦੇ ਰੂਪ ਵਿੱਚ ਸ਼ਹੀਦੀ ਵੇਲੇ ਜੇ ਚਾਹੁੰਦਾ ਤਾਂ ਫਰਖਸੀਅਰ ਬਾਦਸ਼ਾਹ ਦਾ ਹਸ਼ਰ ਕੀ ਕਰ ਸਕਦਾ ਸੀ, ਇਸ ਬਾਰੇ ਅੰਦਾਜ਼ਾ ਲਾਉਣਾ ਔਖਾ ਨਹੀਂ ਪਰ ਹੁਣ ਉਹ ਬੰਦਾ ਸਿੰਘ ਬਹਾਦਰ ਸੀ, ਮਾਧੋ ਦਾਸ ਨਹੀਂ। ਉਹ ਕਿਸੇ ਰਹਿਤ ਵਿੱਚ ਬੱਝਾ ਸੀ, 'ਤੇ ਰਹਿਤ ਨੇ ਉਸ ਨੂੰ ਦ੍ਰਿੜ ਕਰਵਾ ਦਿੱਤਾ ਸੀ ਕਿ ਕਰਾਮਾਤ ਨਾਲ ਮਿਲੀ ਪਲ ਦੋ ਪਲ ਦੀ ਸ਼ੋਹਰਤ ਨਾਲੋਂ ਸ਼ਹਾਦਤ ਨਾਲ ਸਿਰਜੀ ਮਿਸਾਲ ਮਨੁੱਖਤਾ ਦਾ ਸਦੀਆਂ ਤੱਕ ਭਲਾ ਕਰ ਸਕਦੀ ਹੈ।
ਰਹਿਤ, ਅਨੁਸ਼ਾਸਨ ਦਰਿਆ ਦੇ ਕੰਢਿਆਂ ਵਰਗਾ ਹੁੰਦਾ ਹੈ। ਕੰਢੇ ਦਰਿਆ ਨੂੰ ਬੰਨ ਕੇ ਰੱਖਦੇ ਹਨ। ਕੰਢਿਆਂ ਦਾ ਅਨੁਸ਼ਾਸਨ ਤੋੜ ਕੇ ਦਰਿਆ ਹੜ ਦਾ ਰੂਪ ਧਾਰਨ ਕਰ ਸਕਦਾ ਹੈ। ਹੜ, ਦਰਿਆ ਦੇ ਮੁਕਾਬਲੇ ਵੇਖਣ ਨੂੰ ਬਹੁਤ ਵਿਸ਼ਾਲ ਨਜ਼ਰ ਆਉਂਦਾ ਪਰ ਉਹ ਨਿਰੀ ਤਬਾਹੀ ਮਚਾਉਂਦਾ ਹੈ। ਕੰਢਿਆਂ ਵਿੱਚ ਵਹਿੰਦਾ ਦਰਿਆ ਸੈਂਕੜੇ ਹਜ਼ਾਰਾਂ ਮੀਲਾਂ ਦਾ ਸਫ਼ਰ ਕਰਦਾ ਹੋਇਆ ਆਪਣੀ ਮੰਜ਼ਲ ਸਮੁੰਦਰ ਤੱਕ ਪਹੁੰਚ ਜਾਂਦਾ ਹੈ, ਉਸ ਸਫ਼ਰ ਦੌਰਾਨ ਉਹ ਹਜ਼ਾਰਾਂ ਏਕੜਾਂ ਨੂੰ ਹਰਿਆ ਭਰਿਆ ਕਰਦਾ, ਲੱਖਾਂ ਜੀਵ-ਜੰਤੂਆਂ ਨੂੰ ਜੀਵਨ ਦਾਨ ਬਖ਼ਸ਼ਦਾ ਵਗਦਾ ਤੁਰਿਆ ਜਾਂਦਾ ਹੈ। ਇਸ ਦੇ ਮੁਕਾਬਲੇ ਕੰਢਿਆਂ ਦੇ ਅਨੁਸ਼ਾਸਨ ਤੋਂ ਬਾਹਰ



ਬਾਗ਼ੀ ਬਣ ਕੇ ਹੜ ਦਾ ਰੂਪ ਧਾਰਨ ਕਰਨ ਵਾਲਾ ਦਰਿਆ ਤਬਾਹੀ ਮਚਾਉਂਦਾ, ਵੱਧ ਤੋਂ ਵੱਧ 40-50 ਮੀਲ ਵਿੱਚ ਹੀ ਮੁੱਕ-ਸੁੱਕ ਜਾਂਦਾ ਹੈ। ਨਾ ਉਹ ਨਿਰਮਲ ਰਹਿੰਦਾ, ਨਾ ਪਰ-ਉਪਕਾਰੀ ਤੇ ਨਾ ਉਹ ਆਪਣੀ ਬਣੇ ਸਾਗਰ ਤੱਕ ਪਹੁੰਚਣ ਵਿੱਚ ਸਫਲ ਹੁੰਦਾ। ਉਹ ਤਾਂ ਸਗੋਂ ਤਬਾਹੀ ਦੇ ਨਾਲ ਨਾਲ ਬਿਮਾਰੀਆਂ/ਬਦਬੂ ਪੈਦਾ ਕਰਨ ਦਾ ਸਬੱਬ ਵੀ ਬਣ ਜਾਂਦਾ ਹੈ। ਹੋਰ ਗ਼ੌਰ ਕਰੀਏ ਤਾਂ ਸਮਝ ਆਵੇਗਾ ਕਿ ਦਰਿਆ, ਹੜ ਦਾ ਰੂਪ ਉਦੋਂ ਹੀ ਧਾਰਨ ਕਰਦਾ ਹੈ ਜਦੋਂ ਆਮ ਨਾਲ਼ੋਂ ਜ਼ਿਆਦਾ ਬਾਰਸ਼, ਬਿਪਤਾ ਬਣਕੇ ਆਉਂਦੀ ਹੈ ਤੇ ਹੋਰ ਗੱਲ ਕਿ ਦਰਿਆ ਉੱਥੋਂ ਹੀ ਕੰਢੇ ਤੋੜ ਕੇ ਹੜ ਦਾ ਰੂਪ ਧਾਰਨ ਕਰ ਸਕਦਾ, ਜਿੱਥੇ ਕੰਢੇ ਕਮਜ਼ੋਰ ਹੋਣ। ਠੀਕ ਇਸੇ ਤਰਾਂ ਮਨੁੱਖ ਵੀ ਅਨੁਸ਼ਾਸਨ, ਮਰਿਯਾਦਾ ਨੂੰ ਕਮਜ਼ੋਰ ਕੰਢਿਆਂ ਰਾਹੀਂ ਤੋੜ ਕੇ ਤਬਾਹੀ ਮਚਾਉਂਦਾ ਹੈ।
ਅਨੁਸ਼ਾਸਨ ਦੀ ਦੂਜੀ ਮਿਸਾਲ ਹੈ; ਫ਼ੌਜ। ਫ਼ੌਜ ਵਿੱਚ ਭਰਤੀ ਹੋਣ ਲਈ ਮਨੁੱਖ ਦਾ ਸਰੀਰ ਇੱਕ ਖ਼ਾਸ ਪੈਮਾਨੇ ਤੇ ਖਰਾ ਉੱਤਰਨਾ ਲਾਜ਼ਮੀ ਹੁੰਦਾ। ਹੈਰਾਨੀ ਦੀ ਗੱਲ ਹੈ ਕਿ ਆਮ ਮਨੁੱਖਾਂ ਨਾਲ਼ੋਂ ਚੰਗੀ ਡੀਲ-ਡੌਲ ਵਾਲਿਆਂ ਨੂੰ ਫ਼ੌਜ ਵਿੱਚ ਵੜਨ ਸਾਰ ਹਥਿਆਰ ਨਹੀਂ ਫੜਾ ਦਿੱਤੇ ਜਾਂਦੇ, ਬਲਕਿ ਸਭ ਤੋ ਪਹਿਲਾਂ ਤੁਰਨਾ ਸਿਖਾਇਆ ਜਾਂਦਾ। ਕੀ ਉਨਾਂ ਨੂੰ ਤੁਰਨਾ ਨਹੀਂ ਆਉਂਦਾ ਹੁੰਦਾ? ਉਹ ਤਾਂ ਸਗੋਂ ਦੌੜ ਵਿੱਚ ਵੀ ਪਰਖ ਕੇ ਭਰਤੀ ਕੀਤੇ ਗਏ ਹੁੰਦੇ ਨੇ, ਬੱਸ ਉਨਾਂ ਦੀ ਤੋਰ ਵਿੱਚ ਅਨੁਸ਼ਾਸਨ ਨਹੀਂ ਹੁੰਦਾ। ਫ਼ੌਜੀ ਸਭ ਤੋਂ ਪਹਿਲਾਂ ਅਨੁਸ਼ਾਸਨ ਵਿੱਚ ਤੁਰਨਾ ਸਿੱਖਦਾ ਹੈ ਤੇ ਹੌਲੀ ਹੌਲੀ ਉਸਦੀ ਜ਼ਿੰਦਗੀ ਦਾ ਹਰ ਪਹਿਲੂ ਅਨੁਸ਼ਾਸਨ ਵਿੱਚ ਕਰ ਦਿੱਤਾ ਜਾਂਦਾ ਹੈ। ਪੰਜ ਸਾਲ ਫ਼ੌਜ ਵਿੱਚ ਰਹਿਣ ਵਾਲੇ ਨੂੰ ਫ਼ੌਜ ਛੱਡਣ ਤੋਂ 50 ਸਾਲ ਮਗਰੋਂ ਵੀ ਆਮ ਬੁੱਧੀ ਵਾਲੇ ਵੇਖ ਕੇ ਦੱਸ ਦਿੰਦੇ ਨੇ ਕਿ ਇਹ ਫ਼ੌਜੀ ਬੰਦਾ, ਕਿਉਂਕਿ ਉਸਦੀ ਹਰ ਅਦਾ ਵਿੱਚੋਂ ਅਨੁਸ਼ਾਸਨ ਲਿਸ਼ਕਾਂ ਮਾਰਦਾ ਹੈ।
ਹਿੰਦੁਸਤਾਨ ਤੇ ਹਕੂਮਤ ਕਰ ਰਹੀ ਸਿਆਸੀ ਜਮਾਤ ਦੀ ਮਾਂ ਸੰਸਥਾ ਦਾ ਕਹਿਣਾ ਹੈ ਕਿ ਉਨਾਂ ਦੀ ਸੰਸਥਾ ਦਾ ਅਨੁਸ਼ਾਸਨ ਫ਼ੌਜ ਨਾਲ਼ੋਂ ਵੀ ਅੱਵਲ ਦਰਜੇ ਦਾ ਹੈ। ਹੁਣ ਤੱਕ ਦੇ ਇਤਿਹਾਸ ਤੋਂ ਉਨਾਂ ਦੀ ਇਹ ਗੱਲ ਸਹੀ ਸਾਬਤ ਹੁੰਦੀ ਹੈ, ਉਨਾਂ ਦੇ ਅਨੁਸ਼ਾਸਨ ਵਿੱਚ ਮੜੇ ਮੈਂਬਰ ਆਪਣੀ ਮੰਜ਼ਲ ਨੂੰ ਨਹੀਂ ਵਿਸਾਰਦੇ। ਅਨੁਸ਼ਾਸਨ ਦੇ ਮਜ਼ਬੂਤ ਕੰਢਿਆਂ ਵਿੱਚ ਵਗਦੇ ਦਰਿਆ ਵਾਂਗ ਨਿਰੰਤਰ ਚੱਲਦੇ ਰਹਿੰਦੇ ਨੇ।
ਹਰ ਮੈਂਬਰ ਦੇ ਅਨੁਸ਼ਾਸਨ ਵਿੱਚ ਪਰਪੱਕ ਰਹਿਣ ਕਰਕੇ ਕਿਸੇ ਨੂੰ ਦੂਜੇ ਪ੍ਰਤੀ ਸ਼ੱਕ ਵੀ ਪੈਦਾ ਨਹੀਂ ਹੁੰਦਾ, ਹਿੰਦ ਹਕੂਮਤ ਦਾ ਮੌਜੂਦਾ ਮੁਖੀ ਜਿਸ ਦੇ ਸਿਰ ਘੱਟਗਿਣਤੀ ਦੇ ਕਤਲੇਆਮ ਦਾ ਕਲੰਕ ਵੀ ਹੈ ਪਰ ਮੌਕਾ ਬਣਨ ਤੇ ਗਊ-ਮਾਸ ਖਾਣ ਵਾਲੇ ਅਰਬ ਦੇਸ਼ਾਂ ਦੀਆਂ ਦਾਅਵਤਾਂ ਵਿੱਚ ਜਦੋਂ ਉਨਾਂ ਨਾਲ ਬਗ਼ਲਗੀਰ ਹੁੰਦਾ ਹੈ ਜਾਂ ਗੁਆਂਢੀ ਦੇਸ਼ ਦੇ ਮੁਖੀ ਦੇ ਘਰ ਅਚਾਨਕ ਮਹਿਮਾਨ ਬਣ ਪਹੁੰਚ ਜਾਂਦਾ ਹੈ ਤਾਂ ਸੰਸਥਾ ਵਿੱਚ ਕੋਈ ਬਗ਼ਾਵਤ ਤਾਂ ਦੂਰ ਦੀ ਗੱਲ, ਆਵਾਜ਼ ਵੀ ਨਹੀਂ ਨਿਕਲਦੀ। ਅਜਿਹਾ ਸਿਰਫ਼ ਕਾਇਮ ਕੀਤੇ ਅਨੁਸ਼ਾਸਨ ਕਰਕੇ ਹੀ ਸੰਭਵ ਹੈ। ਉਹ ਜਾਣਦੇ ਹਨ ਕਿ ਸਾਡਾ ਮੈਂਬਰ ਕਿੰਨਾ ਵੀ ਉੱਛਲ਼ ਜਾਵੇ ਪਰ ਕੰਢਿਆਂ ਤੋਂ ਬਾਹਰ ਨਹੀਂ ਜਾਵੇਗਾ। ਇਸਦਾ ਉੱਛਲ਼ਣਾ ਵੀ ਸਾਡੀ ਮੰਜ਼ਲ ਨੂੰ ਨੇੜੇ ਲਿਆਵੇਗਾ।
ਇਹ ਅਨੁਸ਼ਾਸਨ ਦਾ ਕਮਾਲ ਹੀ ਹੈ ਕਿ ਗਊ-ਮਾਸ ਖਾਣ ਵਾਲਿਆਂ ਨਾਲ ਬੈਠ ਖਾਣਾ ਖਾ ਕੇ ਵੀ ਗਊ-ਪੁੱਤਰ ਆਪਣੇ ਹਿੱਤ ਪੂਰੇ ਕਰ ਆਉਂਦੇ ਨੇ, ਤੇ ਦੂਜੇ ਪਾਸੇ ਪੰਜ ਦਰਿਆਵਾਂ ਦੀ ਧਰਤੀ ਦੇ ਅਨੁਸ਼ਾਸਨ ਦੇ ਕੰਢਿਆਂ ਤੋਂ ਹੀਣੇ ਦਰਿਆ ਦਿਲ ਆਗੂ ਚਾਹ ਦੀ ਪਿਆਲੀ ਵਿੱਚ ਡਿਗ ਕੇ ਹੀ ਮੁੱਕ ਜਾਂਦੇ ਨੇ ਬਿਸਕੁਟਾਂ ਵਾਂਗ !
ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ, ਬਾਣੀ ਦੇ ਨਾਦ ਨਾਲ ਸੁਰ ਹੋ ਕੇ ਵਗਦੇ ਸਾਡੇ ਦਰਿਆ ਵਿੱਚ ਵੈਰੀ ਕਿਸੇ ਨੇ ਕਿਸੇ ਰੂਪ ਵਿੱਚ ਵਿਤਕਰੇ ਦੀ ਵਰਖਾ ਰਾਹੀਂ ਬਿਪਤਾ ਪੈਦਾ ਕਰਦਾ ਈ ਰਹਿੰਦਾ ਹੈ ਤੇ ਪ੍ਰਤੀਕਰਮ ਕਾਰਣ ਸਾਡਾ ਵੇਗ ਤਾਂ ਤੇਜ਼ ਹੋ ਜਾਂਦਾ ਹੈ ਪਰ ਜਥੇਬੰਦਕ ਢਾਂਚੇ ਦੇ ਅਨੁਸ਼ਾਸਨੀ ਕੰਢਿਆਂ ਤੋਂ ਵਿਹੂਣੇ ਸਾਡੇ ਸੰਘਰਸ਼ਾਂ ਨਾਲ ਅਕਸਰ ਹੜਾਂ ਦੇ ਪਾਣੀ ਵਾਲੀ ਹੋਣੀ ਹੀ ਵਾਪਰਦੀ ਰਹੀ ਹੈ। ਲੰਬੇ ਸਮੇਂ ਤੋਂ ਚੱਲ ਰਿਹਾ ਇਹ ਵਰਤਾਰਾ ਮੌਜੂਦਾ ਦੌਰ ਵਿੱਚ ਬੇਅਦਬੀਆਂ ਦੇ ਵਿਰੋਧ ਤੱਕ ਵੇਖਿਆ ਜਾ ਸਕਦਾ ਹੈ। ਜੇ ਅਜੇ ਵੀ ਅਸੀਂ ਅਨੁਸ਼ਾਸਨ ਦਾ ਧੁੱਸੀ ਬੰਨ ਲਾਉਣ ਵਿੱਚ ਅਸਫਲ ਰਹੇ ਤਾਂ ਅਜੋਕੇ ਕਿਸਾਨ ਸੰਘਰਸ਼ ਨਾਲ ਵੀ ਇਤਿਹਾਸ ਹੀ ਦੁਹਰਾਇਆ ਜਾਵੇਗਾ।
ਕਦੇ ਤੁਸੀਂ ਖ਼ਿਆਲ ਕੀਤਾ ਹੋਵੇਗਾ ਜਦੋਂ ਮਾਧੋ ਦਾਸ ਨੇ ਗੁਰੂ ਚਰਨਾਂ ਵਿੱਚ ਸਮਰਪਣ ਕਰਕੇ ਆਪਣੇ ਆਪ ਨੂੰ ਖ਼ਾਲਸਾਈ ਰਹਿਤ ਵਿੱਚ ਢਾਲ ਲਿਆ ਸੀ ਤਾਂ ਉਸ ਦਾ ਕੋਈ ਵੀ ਪੁਰਾਣਾ ਸਾਥੀ ਉਸ ਨਾਲ ਲੀਕ ਨਹੀਂ ਸੀ ਟੱਪਿਆ। ਚੰਗਾ ਹੋਇਆ, ਨਹੀਂ ਸ਼ਾਇਦ ਕੋਈ ਕੱਚ ਘਰੜ ਸਾਥੀ ਅੱਗੇ ਜਾ ਕੇ ਖ਼ਾਲਸਾਈ ਮਰਿਯਾਦਾ ਤੇ ਖਰਾ ਨਾ ਉੱਤਰ ਸਕਦਾ ਤੇ ਪੂਰੇ ਸੰਘਰਸ਼ ਦਾ ਨੁਕਸਾਨ ਕਰ ਦਿੰਦਾ ਪਰ ਬਦਕਿਸਮਤੀ ਨਾਲ ਮੌਜੂਦਾ ਦੌਰ ਵਿੱਚ ਵੈਰੀ ਵੱਲੋਂ ਹਲਚਲ ਪੈਦਾ ਕਰਨ ਲਈ ਹਰ ਵਰਖਾ ਵਿੱਚ ਬਰਸਾਤੀ ਡੱਡੂ ਕਿਸ਼ਤੀਆਂ ਦੇ ਮਲਾਹ ਬਣਕੇ ਬੈਠ ਜਾਂਦੇ ਨੇ। ਜਿਨਾਂ ਦੀ ਬਿਰਤੀ ਵੈਰੀ ਦੇ ਤਖ਼ਤ ਦੀ ਥਾਂ ਪੰਥ ਦੇ ਪਲ਼ੰਘ ਉਲਟਾਉਣਾ ਹੀ ਹੁੰਦੀ ਹੈ ਤੇ ਹੜ ਵਾਂਗੂ ਚੜੇ ਪਾਣੀ ਨੂੰ ਗ਼ਲਤ ਦਿਸ਼ਾ ਦਿੰਦੇ ਹੋਏ ਉਹ ਆਪਣੀ ਸੌੜੀ ਮੰਜ਼ਲ ਤੇ ਤਾਂ ਪਹੁੰਚ ਜਾਂਦੇ ਨੇ ਪਰ ਦਰਿਆ ਦੀ ਮੰਜ਼ਲ ਸਾਗਰ ਨੂੰ, ਉਸਤੋਂ ਹੋਰ ਦੁਰੇਡੇ ਕਰ ਦਿੰਦੇ ਨੇ।
ਸੋ; ਮਜ਼ਬੂਤ ਕੰਢਿਆਂ ਦੀ ਸਥਾਪਤੀ ਤੋਂ ਪਹਿਲਾਂ ਇਹ ਵੀ ਤੈਅ ਕਰਨਾ ਜ਼ਰੂਰੀ ਹੈ ਕਿ ਡੱਡੂਆਂ ਦੀ ਪੰਸੇਰੀ ਵਿੱਚੋਂ ਕੋਈ ਵੀ ਇਹਨਾਂ ਕੰਢਿਆਂ ਦੀ ਉਸਾਰੀ ਦਾ ਠੇਕੇਦਾਰ ਨਾ ਬਣ ਬੈਠੇ। ਭਾਵੇਂ ਕੋਈ ਕਿੰਨਾ ਵੀ ਇਮਾਨਦਾਰ ਕਿਉਂ ਨਾ ਹੋਵੇ।
ਮਜ਼ਬੂਤ ਅਨੁਸ਼ਾਸਨ ਅਤੇ ਜਥੇਬੰਦਕ ਢਾਂਚੇ ਦੀ ਅਣਹੋਂਦ ਦੌਰਾਨ ਪੈਦਾ ਹੋਏ ਸੰਘਰਸ਼ਾਂ ਦੇ ਆਗੂ, ਮਾਧੋ ਦਾਸ ਬੈਰਾਗੀ ਵਾਂਗ ਮੌਕਾ ਮਿਲਣ ਤੇ ਪੰਥ ਅਤੇ ਪੰਜਾਬ ਦੀ ਪਲ਼ੰਘ ਉਲਟਾਉਣ ਦੀ ਹੀ ਕੋਸ਼ਿਸ਼ ਕਰਦੇ ਹਨ ਜੇ ਇੱਕੀ ਵਿਸਵੇ ਸੰਗਤ ਆਪਣੇ ਕੰਢਿਆਂ ਨੂੰ ਮਜ਼ਬੂਤ ਕਰ ਲਵੇ ਤਾਂ ਉਹ ਕਿਸੇ ਮਾਧੋ ਦਾਸ ਨੂੰ ਬੰਦੇ ਬਹਾਦਰ ਦਾ ਰੂਪ ਵੀ ਦੇ ਸਕਦੀ ਹੈ। ਪੰਥ ਅਤੇ ਪੰਜਾਬ ਦੇ ਪਲ਼ੰਘ ਉਲਟਾਉਣ ਵਾਲਿਆਂ ਆਗੂਆਂ ਦੀ ਭੀੜ ਭਰੇ ਦੌਰ ਵਿੱਚੋਂ ਹਿੰਦ ਦੇ ਸਿਰ ਦੀ ਇੱਟ ਨਾਲ ਇੱਟ ਵਜਾਉਣ ਵਾਲਾ ਵੀ ਸਿਰਜ ਸਕਦੀ ਹੈ। ਆਮੀਨ!

# ਪ੍ਰਦੂਸ਼ਣ ਰਹਿਤ ਦੀਵਾਲੀ-ਕੋਵਿਡ ਕਾਲ ਵਿੱਚ ਲਾਜ਼ਮੀ

- ਵਿਜੈ ਗਰਗ
(ਸਾਬਕਾ ਪ੍ਰਿੰਸੀਪਲ, ਮਲੋਟ)

ਸਮਾਜਿਕ ਦੂਰੀਆਂ, ਮਾਸਕ ਪਾਉਣਾ ਅਤੇ ਰੋਗਾਣੂ-ਮੁਕਤ ਕਰਨ, ਕੋਵਿਡ ਪ੍ਰੋਟੋਕੋਲ ਵਿਚ ਜ਼ਰੂਰੀ ਹੈ, ਨਹੀਂ ਤਾਂ ਸਾਨੂੰ ਵਿਸ਼ਾਣੂ ਦੇ ਸੰਕਰਮਿਤ ਹੋਣ ਦੀ ਸੰਭਾਵਨਾ ਹੋ ਸਕਦੀ ਹੈ। ਜੇ ਕੋਵਿਡ ਵਾਇਰਸ ਨਾਲ ਸੰਕਰਮਿਤ ਹੋ ਜਾਂਦਾ ਹੈ, ਤਾਂ ਇਸੇ ਤਰਾਂ ਨਾਲ ਫੇਫੜਿਆਂ 'ਤੇ ਦਬਾਅ ਪੈ ਸਕਦਾ ਹੈ ਅਤੇ ਨਾਕਾਫ਼ੀ ਆਕਸੀਜਨ ਜਾਨਲੇਵਾ ਹੈ। ਦੀਵਾਲੀ ਦੇ ਤਿਉਹਾਰ ਦੇ ਦਿਨ ਪਟਾਕੇ ਸਾੜਨ ਵਾਲੇ ਪ੍ਰਦੂਸ਼ਣ ਦੇ ਮੱਦੇਨਜ਼ਰ, ਸਾਡੀ ਵਿਸ਼ੇਸ਼ ਸਾਵਧਾਨੀ ਦੀ ਲੋੜ ਹੁੰਦੀ ਹੈ।

**ਪਟਾਕਿਆਂ ਦਾ ਜ਼ਹਿਰੀਲਾ ਧੂੰਆਂ**

ਅਸੀਂ ਚੰਗੀ ਤਰਾਂ ਜਾਣਦੇ ਹਾਂ। ਦੀਵਾਲੀ ਪ੍ਰਦੂਸ਼ਣ ਦੇ ਨਾਲ ਸਟੱਬਲ ਬਰਨਿੰਗ, ਸਾਡੇ ਸਾਰਿਆਂ ਨੂੰ ਬਹੁਤ ਬੁਰੀ ਤਰਾਂ ਪ੍ਰਭਾਵਿਤ ਕਰਦੇ ਹੈ ਅਤੇ ਇਹ ਸਾਹ ਦੀਆਂ ਮੁਸ਼ਕਲਾਂ ਨੂੰ ਵਧਾਉਂਦੇ ਹੈ. ਕੋਵਿਡ -19 ਵਿਚ ਇਹ ਹੋਰ ਵੀ ਖ਼ਤਰਨਾਕ ਸਾਬਤ ਹੋ ਸਕਦਾ ਹੈ ਕਿਉਂਕਿ ਵਾਇਰਸ ਸਾਡੇ ਫੇਫੜਿਆਂ ਨੂੰ ਪ੍ਰਭਾਵਿਤ ਕਰਦਾ ਹੈ. ਮਾਹਰ ਮੰਨਦੇ ਹਨ ਕਿ ਪਟਾਕੇ ਜ਼ਹਿਰੀਲੇ ਭਾਰੀ ਧਾਤ ਦੇ ਕਣਾਂ ਜਿਵੇਂ: ਪਾਰਾ, ਲੀਡ ਆਦਿ ਅਤੇ ਹਾਨੀਕਾਰਕ ਰਸਾਇਣਾਂ ਜਿਵੇਂ; ਕੈਡਮੀਅਮ, ਮੈਂਗਨੀਜ ਆਦਿ ਘਰਾਂ ਵਿਚ ਘੰਟਿਆਂ ਲਈ ਹਵਾ ਵਿਚ ਧੂੰਏਂ ਦੀ ਉੱਚ ਗਾੜਾਪਣ ਦੇ ਕਾਰਨ ਵਿਆਪਕ ਹਵਾ ਪ੍ਰਦੂਸ਼ਣ ਦਾ ਕਾਰਨ ਬਣਦੇ ਹੈ। ਦਿਲ ਜਾਂ ਫੇਫੜੇ ਦੀਆਂ ਬਿਮਾਰੀ ਵਾਲੇ ਵਿਅਕਤੀ ਹੋਰ ਵੀ ਕਮਜ਼ੋਰ ਹੁੰਦੇ ਹਨ। ਇਤਫ਼ਾਕਨ, ਤਿਉਹਾਰਾਂ ਦੇ ਮੌਸਮਾਂ ਵਿੱਚ ਹਸਪਤਾਲ ਦਾ ਸਟਾਫ਼ ਵੀ ਘੱਟ ਹੁੰਦਾ ਹੈ ਅਤੇ ਅਸੀਂ ਕੋਵਿਡ ਸਮੇਂ ਵਿੱਚ ਹਵਾ ਪ੍ਰਦੂਸ਼ਣ ਦੁਆਰਾ ਗੰਭੀਰ ਸਿਹਤ ਦੇ ਮੁੱਦਿਆਂ ਵਿੱਚ ਫਸ ਸਕਦੇ ਹਾਂ।

**ਮਾਪਿਆਂ ਦੀ ਜ਼ਿੰਮੇਵਾਰੀ ਬਣਦੀ ਹੈ**

ਸਿਰਫ਼ ਦੀਵਾਲੀ ਵਾਲੇ ਦਿਨ ਪਟਾਕੇ ਫਟਣਾ ਦੀਆਂ ਆਵਾਜ਼ਾਂ ਅਤੇ ਦ੍ਰਿਸ਼ਾਂ ਦੀ ਅਨੰਦ ਲਈ, ਮਾਪਿਆਂ ਨੂੰ ਬੱਚਿਆਂ ਨੂੰ ਅਜਿਹੇ ਪਟਾਕੇ ਖ਼ਰੀਦਣ ਲਈ ਪੈਸੇ ਨਹੀਂ ਦੇਣੇ ਚਾਹੀਦੇ। ਅਸੀਂ ਕ੍ਰੈਕਰਜ ਮੁਕਤ ਤਿਉਹਾਰ ਮਨਾਉਣ ਲਈ ਇਕ ਗਹਿਣੇ ਸੰਦੇਸ਼ ਦੇ ਨਾਲ ਗ੍ਰੀਨ ਪੌਦੇ ਦਾਨ ਕਰ ਸਕਦੇ ਹਾਂ।
ਸਕੂਲ ਅਧਿਆਪਕਾਂ ਨੂੰ ਵੀ ਅੱਗੇ ਵਧਣਾ ਚਾਹੀਦਾ ਹੈ
ਕਿਉਂਕਿ ਬਹੁਤ ਸਾਰੀਆਂ ਕਲਾਸਾਂ ਅਜੇ ਵੀ ਆਨਲਾਈਨ ਹਨ, ਅਧਿਆਪਕਾਂ ਨੂੰ ਲਾਜ਼ਮੀ ਤੌਰ 'ਤੇ ਆਪਣੇ ਵਿਦਿਆਰਥੀਆਂ ਨੂੰ ਕ੍ਰੈਕਰਜ ਦੁਆਰਾ ਹਵਾ ਪ੍ਰਦੂਸ਼ਿਤ ਨਾ ਕਰਨ ਲਈ ਸਾਵਧਾਨ ਅਤੇ ਸਲਾਹ ਦੇਣੀ ਚਾਹੀਦੀ ਹੈ। ਪ੍ਰਦੂਸ਼ਣ ਫੈਲਾਉਣ ਵਾਲੇ ਪਟਾਕੇ ਨਾ ਜਲਾਉਣ ਲਈ ਸਕੂਲਾਂ ਨੂੰ ਵੀ ਸਾਰੇ ਵਿਦਿਆਰਥੀਆਂ ਤੋਂ ਕੰਮ ਲੈਣਾ ਚਾਹੀਦਾ ਹੈ। ਇਸ ਤਰਾਂ ਸਕੂਲਾਂ ਦੁਆਰਾ ਸੁਹਿਰਦ ਯਤਨ, ਪਟਾਕੇ ਪ੍ਰਦੂਸ਼ਣ ਵਿਰੁੱਧ ਜਾਗਰੂਕ ਕਰਨ ਵਿਚ ਬਹੁਤ ਅੱਗੇ ਵਧ ਸਕਦੇ ਹਨ।

**ਆਓ ! ਪ੍ਰਸ਼ਾਸਨ ਦੀ ਮਦਦ ਕਰੀਏ**

ਸਾਡੇ ਸ਼ਹਿਰ ਦਾ ਪ੍ਰਸ਼ਾਸਨ ਸਾਨੂੰ ਕੋਵਿਡ -19 ਵਿਸ਼ਾਣੂ ਤੋਂ ਸੁਰੱਖਿਅਤ ਰੱਖਣ ਲਈ ਹਮੇਸ਼ਾ ਸਾਵਧਾਨ ਕਰ ਰਿਹਾ ਹੈ। ਹਾਲਾਂਕਿ, ਇਸ ਦੀਵਾਲੀ, ਸਾਨੂੰ ਸਾਰਿਆਂ ਨੂੰ ਇਸ ਦੀਪਾਂਵਾਲੀ ਦਾ ਵਿਸ਼ੇਸ਼ ਧਿਆਨ ਰੱਖਣ ਦੀ ਜ਼ਰੂਰਤ ਹੈ ਤਾਂ ਜੋ ਅਸੀਂ ਸਰਕਾਰ ਨੂੰ ਸਹਿਯੋਗ ਦੇਈਏ ਰੋਗ ਨੂੰ ਕੰਟਰੋਲ ਕਰਨ ਵਿਚ, ਪ੍ਰਸ਼ਾਸਨ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਾਲ ਸਾਫ਼ ਦੀਪਾਂਵਾਲੀ ਨੂੰ ਯਕੀਨੀ ਬਣਾਉਣ ਲਈ ਢੁਕਵੇਂ ਦਿਸ਼ਾ ਨਿਰਦੇਸ਼ ਜਾਰੀ ਕਰਨੇ ਚਾਹੀਦੇ ਹਨ ਅਤੇ ਉਨਾਂ ਨੂੰ ਭਾਰੀ ਸਜ਼ਾ ਦੇਣੀ ਚਾਹੀਦੀ ਹੈ ਜਿਹੜੇ ਝਗੜਾ ਕਰਦੇ ਹਨ। ਬਹੁਤ ਸਾਰੇ ਲੋਕ ਸਵੇਰੇ-ਸਵੇਰੇ ਧਾਰਮਿਕ ਜਲੂਸਾਂ ਵਿਚ ਅਤੇ ਵਿਆਹ ਦੇ ਕੰਮਾਂ ਵਿਚ ਵੀ 'ਪਟਾਕਿਆਂ' ਨੂੰ ਚਲਾਉਂਦੇ ਹਨ ਅਤੇ ਇਸ ਤਰਾਂ ਹਵਾ ਪ੍ਰਦੂਸ਼ਣ ਫੈਲਾਉਣ ਦੇ ਨਾਲ-ਨਾਲ, ਦੂਜਿਆਂ ਨੂੰ ਪਰੇਸ਼ਾਨ ਕਰਦੇ ਅਤੇ ਉਨਾਂ ਦੀ 'ਨੀਂਦ' ਨੂੰ ਭੰਗ ਕਰਦੇ ਹਨ।
ਇਸ ਤਰਾਂ ਪਟਾਕੇ ਸਾੜਨ ਦੇ ਸਮੇਂ ਅਤੇ ਪਟਾਕੇ ਦੀਆਂ ਕਿਸਮਾਂ ਦੀ ਆਗਿਆ, ਲੋਕਾਂ ਨੂੰ ਪਹਿਲਾਂ ਹੀ ਦੱਸੀ ਜਾ ਸਕਦੀ ਹੈ। ਹਾਲਾਂਕਿ ਇਹ ਲਾਜ਼ਮੀ ਹੈ ਕਿ ਜਨਤਾ ਜ਼ਿੰਮੇਵਾਰੀ ਨਾਲ ਕੰਮ ਕਰੇ ਪਰ ਪ੍ਰਸ਼ਾਸਨ ਨੂੰ ਇਹ ਵੀ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਪਟਾਕੇ ਜ਼ਰੀਏ ਹਵਾ ਨੂੰ ਪ੍ਰਦੂਸ਼ਿਤ ਕਰਨ ਵਾਲੇ ਅਪਰਾਧੀਆਂ ਨਾਲ ਸਖ਼ਤੀ ਨਾਲ ਪੇਸ਼ ਆਉਣ, ਜੋ ਧੁਨੀ ਪ੍ਰਦੂਸ਼ਣ ਨੂੰ ਵੀ ਵਧਾਉਂਦੇ ਹਨ। ਪਟਾਕੇ ਸਾੜਨ ਵਿਰੁੱਧ ਸ਼ਿਕਾਇਤਾਂ ਲਈ ਪੁਲਿਸ ਦੁਆਰਾ ਇੱਕ ਹੈਲਪ ਲਾਈਨ ਨੰਬਰ ਦਿੱਤਾ ਜਾ ਸਕਦਾ ਹੈ।

**ਇਹ ਸਾਡੀ ਜ਼ਿੰਦਗੀ ਹੈ- ਆਓ ! ਇਸ ਦਾ ਸਤਿਕਾਰ ਕਰੀਏ**

ਪਹਿਲਾਂ ਹੀ ਬਹੁਤ ਸਾਰੇ ਲੋਕ ਕਮਜ਼ੋਰ ਸਰੀਰ ਦੀ ਤਾਕਤ ਲਈ ਹਸਪਤਾਲ ਵਿਚ ਦਾਖਲ ਹਨ ਅਤੇ ਸਾਡੇ ਵਿਚੋਂ ਬਹੁਤਿਆਂ ਨੇ ਕੋਵੀਡ -19 ਲਈ ਹਾਲ ਹੀ, ਘਰਾਂ ਵਿਚ ਹੀ ਅਲੱਗ ਰਹਿਤ ਪ੍ਰਤੀਕ੍ਰਿਆ ਲਈ ਸਕਾਰਾਤਮਕ ਟੈਸਟ ਕੀਤੇ। ਕੋਈ ਪੱਕਾ ਨਹੀਂ, ਕਿ ਅਜੇ ਤਕ ਇਲਾਜ ਬਾਜ਼ਾਰ ਵਿਚ ਉਪਲਬਧ ਹੈ। ਇਸ ਸਾਲ ਸਾਡੇ ਆਪਣੇ ਆਸ ਪਾਸ ਜਾਂ ਸਬੰਧਾਂ ਵਿੱਚ ਬਹੁਤ ਸਾਰੇ ਲੋਕ ਪਹਿਲਾਂ ਹੀ ਮਰ ਚੁੱਕੇ ਹਨ ਜੋ ਅਸੀਂ ਸਾਰੇ ਜਾਣਦੇ ਹਾਂ।
ਸਾਨੂੰ ਹਵਾ ਨੂੰ ਹੋਰ ਭੜਕਾਉਣਾ ਨਹੀਂ ਚਾਹੀਦਾ ਕਿਉਂਕਿ ਏਅਰ ਕੁਆਲਟੀ ਇੰਡੈਕਸ ਪਹਿਲਾਂ ਹੀ ਵਿਗੜ ਰਿਹਾ ਹੈ ਅਤੇ ਸਾਨੂੰ ਗ੍ਰੀਨ ਦੀਵਾਲੀ ਮਨਾਉਣੀ ਚਾਹੀਦੀ ਹੈ।

# ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ 'ਤੇ ਵਿਸ਼ੇਸ਼

(5 ਨਵੰਬਰ, 1757)



- ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਸ਼ਹੀਦ ਬਾਬਾ ਦੀਪ ਸਿੰਘ ਜੀ ਸਿੱਖ ਪੰਥ ਨੇ ਮਾਨਵਵਾਦੀ ਧਰਮ ਮਨੋਰਥ ਦੀ ਪੂਰਤੀ ਨੂੰ ਇਸ ਸ਼ਿੱਦਤ ਨਾਲ ਲਿਆ ਕਿ ਸਿਆਸੀ ਤਾਕਤਾਂ ਆਮ ਜਨਤਾ ਦੇ ਹਵਾਲੇ ਕੀਤੀਆਂ ਜਾਣ। ਜਿਸ ਵਿਚ ਦ੍ਰਿੜ ਨਿਸ਼ਚੈ ਵਾਲੀ ਅਗਵਾਈ ਵਾਲੀ ਲੋੜ ਸੀ। ਗੁਰੂ ਨਾਨਕ ਦੇਵ ਜੀ ਸਾਹਿਬ ਜੀ ਨੇ ਗ੍ਰਹਿਸਤ ਨੂੰ ਰੂਹਾਨੀ ਵਿਸਥਾਰ ਮੰਨਿਆ। ਸਮਾਜ ਨੂੰ ਝੂਠੇ ਕਰਮ ਕਾਂਡਾਂ ਵਿਚੋਂ ਕੱਢ ਕੇ ਸਾਵੀ ਪੱਧਰੀ ਜੀਵਨ ਜਾਚ ਸਿਖਾਈ। ਸਿੱਖ ਗੁਰੂਆਂ ਨੇ ਨਾਬਰਾਬਰੀ ਵਾਲੇ ਸਮਾਜ ਦੀ ਧਾਰਮਿਕ, ਸਮਾਜਿਕ ਅਤੇ ਸਿਆਸੀ ਦਸ਼ਾ ਨੂੰ ਬਦਲਿਆ। ਉਨਾਂ ਬੇਗ਼ਰਜ਼ ਸੇਵਾ ਤੇ ਜ਼ੋਰ ਦਿੱਤਾ। ਸਮੇਂ ਦੀਆਂ ਹਕੂਮਤਾਂ ਨੇ ਸਿੱਖੀ ਨੂੰ ਖ਼ਤਮ ਕਰਨ ਲਈ ਹਰ ਅਣਮਨੁੱਖੀ ਹੀਲਾ ਵਰਤਿਆ। ਮੁਗ਼ਲ ਹਾਕਮਾਂ ਦੀ ਜਬਰੀ ਧਰਮ ਪਰਿਵਰਤਨ ਦੀ ਖ਼ੂਨੀ ਨੀਤੀ ਨੇ ਸਮਾਜਿਕ ਇਖ਼ਲਾਕ ਨੂੰ ਭਾਰੀ ਸੱਟ ਮਾਰੀ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਮਾਨਵੀ ਬਰਾਬਰੀ ਲਈ ਖ਼ਾਲਸਾ ਪੰਥ ਸਾਜ਼ ਕੇ ਮੁਗ਼ਲ ਸਾਮਰਾਜ ਦੇ ਧਾਰਮਿਕ ਅਤੇ ਸਿਆਸੀ ਅੱਤਿਆਚਾਰ ਵਿਰੁੱਧ ਸੰਘਰਸ਼ ਕੀਤਾ। ਸਿਆਸੀ ਉਥੱਲ ਪੁਥਲ ਵਿਚ ਗੁਰੂ ਜੀ ਨੂੰ ਅਨੰਦਪੁਰ ਛੱਡਣਾ ਪਿਆ। ਉਪਰੰਤ ਚਮਕੌਰ ਅਤੇ ਮੁਕਤਸਰ ਦੇ ਜੰਗ ਲੜੇ। ਗੁਰੂ ਜੀ ਤੋਂ ਬਾਅਦ ਡੇਢ ਸਾਲ ਵਿਚ ਹੀ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਸਰਹਿੰਦ ਨੂੰ ਜਿੱਤ ਲਿਆ। ਉਨਾਂ ਦੀ ਸ਼ਹੀਦੀ ਤੋਂ ਬਾਅਦ ਸਿੱਖਾਂ ਤੇ ਜ਼ੁਲਮ ਹੋਰ ਵਧ ਗਿਆ। ਪਰ ਖ਼ਾਲਸੇ ਦੇ ਗੁਰੂ ਗ੍ਰੰਥ ਸਾਹਿਬ ਜੀ ਤੇ ਨਿਸ਼ਚੈ ਅਤੇ ਦ੍ਰਿੜ ਇਰਾਦੇ ਨੇ ਸਿੱਖ ਪੰਥ ਨੂੰ ਬਾਰਾਂ ਮਿਸਲਾਂ ਵਿਚ ਸੰਗਠਿਤ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਨੇ ਖ਼ਾਲਸਾ ਰਾਜ ਸਥਾਪਤ ਕਰ ਲਿਆ।

ਮਿਸਲ ਸ਼ਹੀਦਾਂ ਦੇ ਬਾਨੀ ਬਾਬਾ ਦੀਪ ਸਿੰਘ ਜੀ ਦਾ ਜਨਮ 26 ਜਨਵਰੀ, 1682 ਨੂੰ ਪਿੰਡ ਪਹੂਵਿੰਡ, ਜ਼ਿਲਾ ਤਰਨਤਾਰਨ ਵਿਖੇ ਮਾਤਾ ਜਿਉਣੀ, ਪਿਤਾ ਭਗਤਾ ਜੀ ਦੇ ਗ੍ਰਹਿ ਵਿਖੇ ਹੋਇਆ। ਇਸ ਮਿਸਲ ਨੇ ਸਿਆਲਕੋਟ ਦੇ ਹਾਕਮ ਮੁਹੰਮਦ ਅਮੀਨ ਦਾ ਬਹੁਤ ਸਾਰਾ ਇਲਾਕਾ ਜਿੱਤ ਲਿਆ। ਇਸ ਮਿਸਲ ਦੇ ਕੋਲ ਸ਼ਾਹਜਾਦਪੁਰ, ਕੇਸਮੀ, ਰਨਪੰਡੀ, ਬੜਥਾ, ਜਮਾਈ ਸਾਹਰਨਪੁਰ ਦੇ ਇਲਾਕੇ ਸਨ। ਨੌਜਵਾਨ ਅਵਸਥਾ ਵਿਚ ਹੀ ਦੀਪੇ ਨੇ ਪਾਵਨ ਅਸਥਾਨ ਅਨੰਦਪੁਰ ਸਾਹਿਬ ਰਹਿਣਾ ਸ਼ੁਰੂ ਕੀਤਾ। ਗੁਰੂ ਗੋਬਿੰਦ ਸਾਹਿਬ ਜੀ ਕੋਲੋਂ ਦੀਪੇ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਆਪ ਜੀ ਦਾ ਨਾਉਂ ਦੀਪ ਸਿੰਘ ਹੋ ਗਿਆ। ਆਪ ਇਕ ਅਭਿਆਸੀ ਸੰਤ ਸਿਪਾਹੀ ਸਨ। ਗਠੀਲਾ ਸਰੀਰ, ਮਜ਼ਬੂਤ ਇਰਾਦਾ, ਸੂਰਮੇ ਜਿਹਾ ਜਲਾਲ ਅਤੇ ਨਿਪੁੰਨ ਯੋਧੇ ਹੋਏ ਹਨ। ਧਾਰਮਿਕ ਬਿਰਤੀ ਵਾਲੇ ਪੁਰਸ਼ ਸਨ। ਆਪ ਇਕ ਸੂਝਵਾਨ, ਵਿਦਵਾਨ ਅਤੇ ਸੂਰਵੀਰ ਸੈਨਿਕ ਹੋ ਗਏ ਸਨ। ਆਪ ਜੀ ਨੇ ਭਾਈ ਮਨੀ ਸਿੰਘ ਜੀ ਦੀ ਸੰਗਤ ਵਿਚ ਗੁਰਬਾਣੀ ਅਧਿਐਨ ਕੀਤਾ। ਆਪ ਇਕ ਚੰਗੇ ਸਿਪਾਹੀ ਅਤੇ ਕੀਰਤਨੀਏ ਸਨ। ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਆਪ ਉਸ ਸਮੇਂ ਦੇ ਵਿਦਵਾਨ ਸਨ।

ਗੁਰੂ ਗੋਬਿੰਦ ਸਿੰਘ ਜੀ ਜਦੋਂ ਦਮਦਮਾ ਸਾਹਿਬ,ਤਲਵੰਡੀ ਸਾਬੋ (ਬਠਿੰਡਾ) ਪਹੁੰਚੇ ਤਾਂ ਬਾਬਾ ਦੀਪ ਸਿੰਘ ਜੀ ਵੀ ਹਾਜ਼ਰ ਹੋ ਗਏ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਜਦੋਂ ਗੁਰੂ ਪਿਤਾ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ ਦਰਜ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਤਿਆਰ ਕਰਵਾਇਆ ਤਾਂ ਬਾਬਾ ਦੀਪ ਸਿੰਘ ਜੀ ਨੇ ਉਤਾਰੇ ਤਿਆਰ ਕੀਤੇ। ਜੰਗੀ ਜੀਵਨ ਵਿਚ ਬਾਬਾ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਜੀ ਨਾਲ ਯੁੱਧਾਂ ਵਿਚ ਹਿੱਸਾ ਲਿਆ ਅਤੇ ਸਾਥ ਦਿੱਤਾ।

ਬਾਬਾ ਜੀ ਦੀ ਬਹਾਦਰੀ ਤੋਂ ਦੁਸ਼ਮਣ ਡਰ ਕੇ ਦੌੜ ਜਾਂਦੇ ਸਨ। ਆਪ ਜੀ ਦਾ ਜਥਾ 'ਸ਼ਹੀਦੀ ਜਥਾ' ਵਜੋਂ ਪ੍ਰਸਿੱਧ ਹੋਇਆ। ਸੰਨ 1735 ਨੂੰ ਜ਼ਕਰੀਆ ਖਾਂ ਨੇ ਅੰਮ੍ਰਿਤਸਰ ਦੇ ਰਸਤੇ ਬੰਦ ਕਰ ਦਿੱਤੇ। ਸਿੱਖਾਂ ਨੂੰ ਮਾਲਵੇ ਵੱਲ ਭਜਾ ਦਿੱਤਾ। ਇਸ ਤੋਂ ਬਾਅਦ ਹੋਈਆਂ ਝੜਪਾਂ ਵਿਚ ਲਖਪਤ ਰਾਏ ਦਾ ਭਤੀਜਾ ਦੁਨੀ ਚੰਦ ਮਾਰਿਆ ਗਿਆ। ਜ਼ਕਰੀਆ ਖਾਂ ਖੁਦ ਮੈਦਾਨ ਵਿਚ ਆ ਗਿਆ। ਸੈਂਕੜੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ। ਭਾਈ ਮਨੀ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਅਗਸਤ, 1740 ਨੂੰ ਮੱਸਾ ਰੰਗੜ, ਹਰਿਮੰਦਰ ਸਾਹਿਬ ਜੀ ਦੀ ਬੇਅਦਬੀ ਕਰ ਰਿਹਾ ਸੀ। ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ, ਮੱਸੇ ਰੰਗੜ ਨੂੰ ਸਬਕ ਸਿਖਾਉਣ ਲਈ ਬੀਕਾਨੇਰ ਤੋਂ ਤੁਰੇ ਤਾਂ ਉਹ ਰਸਤੇ ਵਿਚ ਬਾਬਾ ਜੀ ਕੋਲ ਦਮਦਮਾ ਸਾਹਿਬ ਠਹਿਰੇ ਤੇ ਮੱਸੇ ਰੰਗੜ ਦਾ ਸਿਰ ਨੇਜੇ ਤੇ ਟੰਗ ਕੇ ਵਾਪਸੀ ਤੇ ਫਿਰ ਦਮਦਮਾ ਸਾਹਿਬ ਠਹਿਰੇ ਸਨ।

ਅਹਿਮਦ ਸ਼ਾਹ ਦੁਰਾਨੀ ਸਿੱਖਾਂ ਦਾ ਵਿਰੋਧੀ ਸੀ। ਸੰਨ 1757 ਵਿਚ ਉਸ ਨੇ ਅੰਮ੍ਰਿਤਸਰ ਸ਼ਹਿਰ ਨੂੰ ਲੁੱਟਿਆ। ਅੰਮ੍ਰਿਤਸਰ ਦੇ ਮੁਖੀ ਜਮਾਲ ਖਾਂ ਨੇ ਦਰਬਾਰ ਸਾਹਿਬ ਦੀ ਬੇਅਦਬੀ ਕਰਨ ਅਤੇ ਪਵਿੱਤਰ ਸਰੋਵਰ ਨੂੰ ਪੂਰ ਦੇਣ ਦੀ ਖ਼ਬਰ ਜਦੋਂ ਬਾਬਾ ਜੀ ਨੂੰ ਦਮਦਮਾ ਸਾਹਿਬ, ਤਲਵੰਡੀ ਸਾਬੋ ਪਹੁੰਚੀ ਤੇ ਉਨਾਂ ਨੇ ਰੋਹ ਵਿਚ ਆ ਕੇ ਪਵਿੱਤਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਐਲਾਨ ਕਰ ਦਿੱਤਾ। ਸਿੰਘਾਂ ਨੇ ਕਿਹਾ ਕਿ ਹੁਣ ਦੀਵਾਲੀ ਅੰਮ੍ਰਿਤਸਰ ਹੀ ਮਨਾਈ ਜਾਵੇਗੀ। ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਹੇਠ ਹਰਿਮੰਦਰ ਸਾਹਿਬ ਦੀ ਰੱਖਿਆ ਲਈ ਇਕੱਠੇ ਹੋ ਗਏ। ਬਾਬਾ ਜੀ ਨੇ ਵੰਗਾਰਿਆ ਕਿ ਇਸ ਧਰਮ ਯੁੱਧ ਵਿਚ ਜੋ ਸ਼ਹੀਦ ਹੋਣ ਲਈ ਤਿਆਰ ਹਨ ਉਹ ਹੀ ਸਾਡੇ ਨਾਲ ਤੁਰਨ। ਸਿੰਘਾਂ ਦਾ 5000 ਦਾ ਜਥਾ ਤਿਆਰ ਹੋ ਗਿਆ। ਸਿੰਘ ਅੰਮ੍ਰਿਤਸਰ ਵੱਲ ਵਧਣ ਲੱਗੇ।

ਤਰਨਤਾਰਨ ਤੋਂ 10 ਕਿੱਲੋਮੀਟਰ ਗੋਹਲਵਾੜ ਪਿੰਡ ਕੋਲ ਜਾ ਕੇ ਬਾਬਾ ਜੀ ਨੇ ਦੁਸ਼ਮਣ ਦੀ ਫ਼ੌਜ ਨੂੰ ਲਲਕਾਰਿਆ। ਜਿੱਥੇ ਗੁਰਦੁਆਰਾ ਲਲਕਾਰ ਸਾਹਿਬ ਸਥਿਤ ਹੈ। ਲਾਹੌਰ ਦੇ ਫ਼ੌਜਦਾਰ ਨੇ 2000 ਦੀ ਫ਼ੌਜ ਚਾੜ ਦਿੱਤੀ। ਬਾਬਾ ਜੀ ਦਾ ਸਾਹਮਣਾ ਜਮਾਲ ਖ਼ਾਨ ਨਾਲ ਹੋਇਆ। ਜਮਾਲ ਖ਼ਾਨ ਨੇ ਅਤਾਈ ਖ਼ਾਨ ਨੂੰ ਵੀ ਹਮਲਾ ਕਰਨ ਲਈ ਕਹਿ ਦਿੱਤਾ। ਜਮਾਲ ਖ਼ਾਨ ਆਪ ਘੋੜ ਸਵਾਰ ਫ਼ੌਜ ਲੈ ਕੇ ਅੰਮ੍ਰਿਤਸਰ ਤੋਂ ਗੋਹਲਵਾੜ ਪਹੁੰਚ ਗਿਆ। ਸਿੰਘਾਂ ਅਤੇ ਅਫ਼ਗਾਨਾਂ ਦੀ ਟੱਕਰ ਹੋਈ। ਅਫ਼ਗ਼ਾਨ ਸਿੰਘਾਂ ਦਾ ਸਾਹਮਣਾ ਨਾ ਕਰ ਸਕੇ। ਗਹਿ-ਗੱਚ ਯੁੱਧ ਹੋਇਆ। ਸਿੰਘ ਇਕ ਇਕ ਕਰਕੇ ਸ਼ਹੀਦ ਹੋਣ ਲੱਗੇ। ਯੁੱਧ ਵੀ ਭਿਅੰਕਰ ਹੋ ਗਿਆ। ਯੁੱਧ ਚਰਮ ਸੀਮਾ ਤੇ ਪਹੁੰਚ ਗਿਆ। ਦੂਰ ਦੂਰ ਤੱਕ ਲਾਸ਼ਾਂ ਦੇ ਢੇਰ ਸਨ। ਸਿੰਘ ਇਤਨੀ ਬਹਾਦਰੀ ਨਾਲ ਲੜਕੇ ਕਿ ਦੁਸ਼ਮਣ ਦੀਆਂ ਫ਼ੌਜਾਂ ਚਾਰੇ ਪਾਸੇ ਤੋਂ ਭੱਜਣ ਲੱਗੀਆਂ। ਸਿੰਘ ਅੰਮ੍ਰਿਤਸਰ ਵਲ ਵਧਣ ਲੱਗੇ। ਜਦ ਹੀ ਰਾਮਸਰ ਕੋਲ ਪਹੁੰਚੇ ਬਾਬਾ ਜੀ ਆਪਣਾ ਦੋਧਾਰੀ ਖੰਡਾ ਖੜਕਾਉਂਦੇ ਵੈਰੀਆਂ ਨੂੰ ਮੁਕਾਉਂਦੇ ਜਾ ਰਹੇ ਸਨ। ਬਾਬਾ ਜੀ ਖ਼ੁਦ ਜ਼ਖ਼ਮੀ ਹੋ ਚੁੱਕੇ ਸਨ। ਅਫ਼ਗ਼ਾਨ ਫ਼ੌਜ ਦਾ ਮੁਖੀ ਅਮਾਨ ਖ਼ਾਨ ਅੱਗੇ ਵਧਿਆ। ਬਾਬਾ ਜੀ ਨਾਲ ਉਸ ਦੀ ਆਹਮੋ ਸਾਹਮਣੇ ਦੀ ਟੱਕਰ ਹੋ ਗਈ। ਇਕ ਸਾਂਝੇ ਵਾਰ ਵਿਚ ਅਮਾਨ ਖ਼ਾਨ ਮਾਰਿਆ ਗਿਆ। ਬਾਬਾ ਜੀ ਦੀ ਗਰਦਨ ਤੇ ਡੂੰਘਾ ਫੱਟ ਪਿਆ। ਉਨਾਂ ਦੀ ਗਰਦਨ ਲਗਭਗ ਵੱਖ ਹੋਣ ਤੇ ਸੀ। ਬਾਬਾ ਜੀ ਨੇ ਖੱਬੇ ਹੱਥ ਦੀ ਟੇਕ ਨਾਲ ਸੀਸ ਨੂੰ ਸੰਭਾਲਿਆ ਅਤੇ ਸੱਜੇ ਹੱਥ ਨਾਲ ਖੰਡਾ ਵਾਹਉਂਦੇ ਲੜੇ ਗਏ। ਸੱਚਖੰਡ ਹਰਿਮੰਦਰ ਸਾਹਿਬ ਦੀ ਪਰਿਕਰਮਾ ਤੱਕ ਜਾ ਪਹੁੰਚੇ। ਬਾਬਾ ਜੀ 15 ਨਵੰਬਰ, 1757 ਨੂੰ ਸ਼ਹੀਦੀ ਪਾ ਗਏ। ਬਾਬਾ ਜੀ ਇਕ ਸੰਜਮੀ ਯੋਧਾ ਸਨ। ਉਨਾਂ ਨੂੰ ਆਪਣੀ ਬਹਾਦਰੀ ਦਾ ਹੰਕਾਰ ਨਹੀਂ ਸੀ। ਉਹ ਸਾਥੀਆਂ ਸਮੇਤ ਹਰਿਮੰਦਰ ਸਾਹਿਬ ਜੀ ਦੀ ਮਰਯਾਦਾ ਬਹਾਲ ਰੱਖਣ ਲਈ ਸ਼ਹੀਦ ਹੋਏ। ਬਾਬਾ ਜੀ ਦਾ ਸ਼ਹੀਦੀ ਅਸਥਾਨ ਗੁਰਦੁਆਰਾ ਸਾਹਿਬ ਰਾਮਸਰ ਨੇੜੇ ਹੈ ਜਿੱਥੇ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਸੁਸ਼ੋਭਿਤ ਹੈ। ਹਰਿਮੰਦਰ ਸਾਹਿਬ ਜੀ ਦੀ ਪਰਿਕਰਮਾ ਵਿਚ ਜਿੱਥੇ ਸੀਸ ਭੇਟ ਕੀਤਾ, ਉੱਥੇ ਵੀ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ। ਬਾਬਾ ਜੀ ਦਾ ਦੋਧਾਰੀ ਖੰਡਾ, ਅਕਾਲ ਤਖ਼ਤ ਸਾਹਿਬ ਜੀ ਦੇ ਸ਼ਸਤਰਾਂ ਵਿਚ ਸੰਭਾਲਿਆ ਪਿਆ ਹੈ। ਹਰ ਰੋਜ਼ ਸ਼ਾਮ ਨੂੰ ਸ਼ਸਤਰਾਂ ਦੇ ਦਰਸ਼ਨ ਬੜੀ ਸ਼ਰਧਾ ਨਾਲ ਸੰਗਤਾਂ ਨੂੰ ਕਰਵਾਏ ਜਾਂਦੇ ਹਨ।

# ਬੰਦੀਛੋੜ ਦਿਵਸ ਦੀ ਇਤਿਹਾਸਕ ਮਹੱਤਤਾ

- ਪ੍ਰੋ. ਕਿਰਪਾਲ ਸਿੰਘ

ਬੰਦੀਛੋੜ ਦਿਵਸ 'ਤੇ ਵਿਸ਼ੇਸ਼

ਦੀਵਾਲੀ ਦਾ ਤਿਉਹਾਰ ਹਰ ਵਰਗ ਵੱਲੋਂ ਵੱਡੀ ਪੱਧਰ 'ਤੇ ਮਨਾਇਆ ਜਾਂਦਾ ਹੈ ਪਰ ਸਿੱਖ ਕੌਮ ਦੀਵਾਲੀ ਨੂੰ 'ਬੰਦੀਛੋੜ ਦਿਵਸ' ਦੇ ਰੂਪ ਵਿਚ ਮਨਾਉਂਦੀ ਹੈ। ਇਸ ਦਿਨ ਸਿੱਖ ਜਗਤ ਆਪਣੇ ਗੌਰਵਮਈ ਇਤਿਹਾਸ ਨੂੰ ਯਾਦ ਕਰਦਿਆਂ ਮਾਣ ਮਹਿਸੂਸ ਕਰਦਾ ਹੈ ਕਿਉਂਕਿ ਸਿੱਖ ਧਰਮ ਅੰਦਰ ਇਸ ਦਿਨ ਦਾ ਆਪਣਾ ਖ਼ਾਸ ਮਹੱਤਵ ਹੈ। ਭਾਈ ਕਾਨ ਸਿੰਘ ਨਾਭਾ ਅਨੁਸਾਰ: 'ਸਿੱਖਾਂ ਵਿਚ ਇਸ ਦਿਨ ਦੀਵੇ ਮਚਾਉਣ ਦੀ ਰਸਮ ਬਾਬਾ ਬੁੱਢਾ ਜੀ ਨੇ ਚਲਾਈ ਕਿਉਂਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀਵਾਲੀ ਵਾਲੇ ਦਿਨ ਗਵਾਲੀਅਰ ਦੇ ਕਿਲੇ ਤੋਂ ਅੰਮ੍ਰਿਤਸਰ ਪਧਾਰੇ ਸਨ।' ਇਸ ਲਈ ਖ਼ੁਸ਼ੀ ਵਿਚ ਰੌਸ਼ਨੀ ਕੀਤੀ ਗਈ।

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਾਵਨ ਸ਼ਹਾਦਤ ਤੋਂ ਬਾਅਦ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗੁਰਗੱਦੀ 'ਤੇ ਸੁਸ਼ੋਭਿਤ ਹੋਏ ਤਾਂ ਉਨਾਂ ਨੇ ਦੋ ਕਿਰਪਾਨਾਂ ਧਾਰਨ ਕਰ ਕੇ ਜ਼ੁਲਮ ਖ਼ਿਲਾਫ਼ ਡਟਣ ਦਾ ਐਲਾਨ ਕਰ ਦਿੱਤਾ। ਗੁਰੂ ਜੀ ਨੇ ਜਿੱਥੇ ਦੁਨਿਆਵੀ ਤਖ਼ਤਾਂ ਦੇ ਮੁਕਾਬਲੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ, ਉੱਥੇ ਹੀ ਗੁਰੂ ਘਰ ਆਉਣ ਵਾਲੀਆਂ ਸੰਗਤਾਂ ਨੂੰ ਚੰਗੀ ਨਸਲ ਦੇ ਘੋੜੇ ਅਤੇ ਵਧੀਆ ਕਿਸਮ ਦੇ ਸ਼ਸਤਰ ਭੇਟਾ ਦੇ ਰੂਪ ਵਿਚ ਲਿਆਉਣ ਲਈ ਕਿਹਾ। ਛੇਵੇਂ ਪਾਤਸ਼ਾਹ ਜੀ ਨੇ ਆਪਣੀ ਫ਼ੌਜ ਤਿਆਰ ਕੀਤੀ ਅਤੇ ਤਖ਼ਤ ਤੇ ਬੈਠਕੇ ਲੁਕਾਈ ਦੇ ਫ਼ੈਸਲੇ ਕਰਨ ਲੱਗੇ। ਗੁਰੂ ਸਾਹਿਬ ਦੀ ਸੋਭਾ ਨੂੰ ਢਾਡੀ ਭਾਈ ਅਬਦੁੱਲਾ ਜੀ ਅਤੇ ਆਈ ਨਥਮਲ ਜੀ ਨੇ ਆਪਣੀ ਵਾਰ ਵਿਚ ਬਿਆਨ ਕੀਤਾ ਹੈ:

**"ਦੋ ਤਲਵਾਰੀ ਬਧੀਆਂ ਇਕ ਮੀਰੀ ਦੀ ਇਕ ਪੀਰੀ ਦੀ।**
**ਇੱਕ ਅਜਮਤ ਦੀ ਇਕ ਰਾਜ ਦੀ ਇੱਕ ਰਾਖੀ ਕਰੇ ਵਜੀਰ ਦੀ।**
**ਹਿੰਮਤ ਬਾਹਾਂ ਕੋਟ ਗੜ ਦਰਵਾਜਾ ਬਲਖ ਬਖੀਰ ਦੀ।**
**ਨਾਲ ਸਿਪਾਹੀ ਨੀਲ ਨਲ ਮਾਰ ਦੁਸ਼ਟਾਂ ਕਰੇ ਤਗੀਰ ਦੀ।**
**ਪਗ ਤੇਰੀ ਕੀ ਜਹਾਂਗੀਰ ਦੀ।"**

ਸਮੇਂ ਦੀ ਹਕੂਮਤ ਨੂੰ ਇਹ ਸਭ ਪ੍ਰਵਾਨ ਨਹੀਂ ਸੀ। ਗੁਰੂ ਸਾਹਿਬ ਦੇ ਇਸ ਸ਼ਾਹੀ ਠਾਠ ਨੂੰ ਵੇਖ ਕੇ ਅਤੇ ਗੁਰੂ ਸਾਹਿਬ ਦੀ ਵਧਦੀ ਸੈਨਿਕ ਸ਼ਕਤੀ ਤੋਂ ਬਾਦਸ਼ਾਹ ਜਹਾਂਗੀਰ ਘਬਰਾ ਗਿਆ। ਇਸੇ ਦੇ ਮੱਦੇਨਜ਼ਰ ਹੀ ਜਹਾਂਗੀਰ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲੇ ਵਿਚ ਨਜ਼ਰਬੰਦ ਕਰ ਦਿੱਤਾ। ਇੱਥੇ ਹਕੂਮਤ ਦੀਆਂ ਨੀਤੀਆਂ ਨੂੰ ਨਾ ਮੰਨਣ ਵਾਲੇ ਰਾਜੇ ਵੀ ਕੈਦ ਕੀਤੇ ਹੋਏ ਸਨ। ਗੁਰੂ ਜੀ ਦੀ ਗ੍ਰਿਫ਼ਤਾਰੀ ਤੋਂ ਪਿੱਛੋਂ ਸਿੱਖ ਸੰਗਤਾਂ ਨੇ ਭਾਰੀ ਜਥੇ ਲੈ ਕੇ ਗਵਾਲੀਅਰ ਦੇ ਕਿਲੇ ਵੱਲ ਚਾਲੇ ਪਾ ਦਿੱਤੇ, ਜਿਸ ਤੋਂ ਬਾਅਦ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਰਿਹਾਅ ਕਰ ਦੇਣ ਦਾ ਫ਼ੈਸਲਾ ਕੀਤਾ। ਗੁਰੂ ਜੀ ਨੇ ਉਦੋਂ ਤਕ ਰਿਹਾਅ ਹੋਣ ਤੋਂ ਇਨਕਾਰ ਕਰ ਦਿੱਤਾ ਜਦੋਂ ਤਕ ਉਨਾਂ ਦੇ ਨਾਲ ਕੈਦੀ 52 ਰਾਜੇ ਵੀ ਛੱਡ ਨਹੀਂ ਦਿੱਤੇ ਜਾਂਦੇ। ਇਸ ਤਰਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਦੀ ਕੈਦ 'ਚੋਂ ਬੰਦੀ ਰਾਜਿਆਂ ਨੂੰ ਮੁਕਤ ਕਰਵਾ ਕੇ 'ਬੰਦੀਛੋੜ ਸਤਿਗੁਰੂ' ਬਣੇ। ਜਦ ਗੁਰੂ ਸਾਹਿਬ ਗਵਾਲੀਅਰ ਦੇ ਕਿਲੇ ਤੋਂ ਰਿਹਾਅ ਹੋਣ ਤੋਂ ਬਾਅਦ ਦੀਵਾਲੀ ਸਮੇਂ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਪਾਵਨ ਧਰਤੀ 'ਤੇ ਪਹੁੰਚੇ ਤਾਂ ਸਿੱਖ ਸੰਗਤਾਂ ਨੇ ਖ਼ੁਸ਼ੀ ਵਿਚ ਦੀਪਮਾਲਾ ਕੀਤੀ, ਆਤਿਸ਼ਬਾਜ਼ੀ ਚਲਾ ਕੇ ਖ਼ੁਸ਼ੀਆਂ ਮਨਾਈਆਂ। ਇਸ ਤਰਾਂ ਇਸ ਦਿਹਾੜੇ ਨੂੰ 'ਬੰਦੀਛੋੜ ਦਿਵਸ' ਵਜੋਂ ਮਨਾਇਆ ਜਾਣ ਲੱਗ ਪਿਆ। ਦੀਵਾਲੀ (ਬੰਦੀਛੋੜ ਦਿਵਸ) ਦਾ ਸਬੰਧ ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਨਾਲ ਵੀ ਜੁੜਦਾ ਹੈ। ਅਠਾਰਵੀਂ ਸਦੀ ਵਿਚ ਸਰਬੱਤ ਖ਼ਾਲਸਾ ਦੇ ਰੂਪ ਵਿਚ ਸਿੱਖ ਵਿਸਾਖੀ ਅਤੇ ਬੰਦੀਛੋੜ ਦਿਵਸ ਤੇ ਅੰਮ੍ਰਿਤਸਰ ਦੀ ਧਰਤੀ ਤੇ ਇਕੱਤਰ ਹੋਣ ਲੱਗੇ। ਇਸ ਮੌਕੇ ਪਿਛਲੇ ਸਮੇਂ ਦਾ ਲੇਖਾ ਜੋਖਾ ਕੀਤਾ ਜਾਂਦਾ ਅਤੇ ਅਗਲੇ ਸਮੇਂ ਲਈ ਵਿਉਂਤਾਂ ਬਣਾਈਆਂ ਜਾਂਦੀਆਂ। ਸਮੇਂ ਦੀ ਮੁਗ਼ਲ ਸਰਕਾਰ ਨੇ 'ਬੰਦੀਛੋੜ ਦਿਵਸ' ਮਨਾਉਣ 'ਤੇ ਪਾਬੰਦੀ ਲਾ ਦਿੱਤੀ। ਸਿੱਖਾਂ ਦੇ ਇਕੱਠੇ ਹੋਣ 'ਤੇ ਨਜ਼ਰ ਰੱਖੀ ਜਾਣ ਲੱਗ ਪਈ।

ਸੰਮਤ 1794 ਦੀ ਦੀਵਾਲੀ ਦਾ ਤਿਉਹਾਰ ਨੇੜੇ ਆ ਗਿਆ। ਇਸ ਸਮੇਂ ਭਾਈ ਮਨੀ ਸਿੰਘ ਦੀ ਉਮਰ 70 ਸਾਲ ਦੇ ਕਰੀਬ ਹੋ ਗਈ ਸੀ। ਪਰੰਤੂ ਉਹ 'ਗੁਰਮੁਖਿ ਬੁਢੇ ਕਦੇ ਨਾਹੀਂ' ਦੇ ਗੁਰਵਾਕ ਅਨੁਸਾਰ ਸੁਚੇਤ ਅਤੇ ਪੰਥਕ ਸੇਵਾ ਵਿਚ ਪੂਰੀ ਤਰਾਂ ਸਰਗਰਮ ਸਨ। ਭਾਈ ਮਨੀ ਸਿੰਘ ਭਾਈ ਸੁਬੇਗ ਸਿੰਘ ਤੇ ਭਾਈ ਸੂਰਤ ਸਿੰਘ ਨੂੰ ਨਾਲ ਲੈ ਕੇ ਸੂਬੇਦਾਰ ਲਾਹੌਰ ਜ਼ਕਰੀਆ ਖਾਨ ਨੂੰ ਮਿਲੇ ਅਤੇ ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਦੇ ਗਵਾਲੀਅਰ ਦੇ ਕਿਲੇ ਤੋਂ ਰਿਹਾਈ ਉਪਰੰਤ ਸ੍ਰੀ ਅੰਮ੍ਰਿਤਸਰ ਵਾਪਸੀ ਦੀ ਯਾਦ ਨੂੰ ਦੀਵਾਲੀ ਮੌਕੇ ਜੋੜ-ਮੇਲੇ ਦੇ ਰੂਪ ਵਿਚ ਮਨਾਉਣ ਦੀ ਆਗਿਆ ਮੰਗੀ। ਸੂਬੇਦਾਰ ਨੇ ਭਾਈ ਸਾਹਿਬ ਨੂੰ 10 ਹਜ਼ਾਰ ਰੁਪਏ ਜਜ਼ੀਆ (ਟੈਕਸ) ਦੇਣ ਦੀ ਸੂਰਤ ਉੱਤੇ ਆਗਿਆ ਦੇ ਦਿੱਤੀ। ਇਹ ਰਕਮ ਜੋੜ-ਮੇਲੇ ਦੀ ਸਮਾਪਤੀ ਉਪਰੰਤ ਤਾਰਨੀ ਸੀ। ਭਾਈ ਸਾਹਿਬ ਨੇ ਦੂਰ-ਨੇੜੇ ਸਿੱਖ ਸੰਗਤਾਂ ਨੂੰ ਜੋੜ-ਮੇਲੇ ਵਿਚ ਸ਼ਾਮਲ ਹੋਣ ਲਈ ਸੁਨੇਹੇ ਘੱਲ ਦਿੱਤੇ।

ਉੱਧਰ ਲਾਹੌਰ ਦਰਬਾਰ ਨੇ ਫ਼ੈਸਲਾ ਕਰ ਲਿਆ ਕਿ ਦੂਰ-ਦੁਰਾਡੇ ਤੋਂ ਇਕੱਠੇ ਹੋਏ ਸਿੰਘਾਂ ਨੂੰ ਇਕ ਥਾਂ ਮਾਰ-ਮੁਕਾਉਣ ਲਈ ਇਸ ਤੋਂ ਵਧੀਆ ਹੋਰ ਮੌਕਾ ਨਹੀਂ ਮਿਲੇਗਾ। ਜ਼ਕਰੀਆ ਖਾਨ ਨੇ ਦੀਵਾਨ ਲਖਪਤ ਰਾਏ ਦੀ ਕਮਾਨ ਹੇਠ ਭਾਰੀ ਫ਼ੌਜ ਸ੍ਰੀ ਅੰਮ੍ਰਿਤਸਰ ਤੋਂ ਪੱਛਮ ਵੱਲ ਥੋੜੀ ਦੂਰ ਰਾਮ ਤੀਰਥ ਦੇ ਅਸਥਾਨ ਉੱਤੇ ਇਕੱਠੀ ਕਰ ਲਈ ਅਤੇ ਉਹ ਦੀਵਾਲੀ ਦੀ ਉਡੀਕ ਕਰਨ ਲੱਗੇ, ਪਰੰਤੂ ਇਸ ਸਾਜ਼ਿਸ਼ ਦਾ ਭਾਈ ਮਨੀ ਸਿੰਘ ਜੀ ਨੂੰ ਸਮੇਂ ਸਿਰ ਪਤਾ ਲੱਗ ਗਿਆ ਅਤੇ ਉਨਾਂ ਨੇ ਫ਼ੌਰੀ ਤੌਰ 'ਤੇ ਸਿੱਖ ਸੰਗਤਾਂ ਨੂੰ ਸ੍ਰੀ ਦਰਬਾਰ ਸਾਹਿਬ ਆਉਣ ਤੋਂ ਮਨਾ ਕਰ ਦਿੱਤਾ। ਲਿਹਾਜ਼ਾ ਦੀਵਾਲੀ ਉੱਤੇ ਸਿੱਖ ਸੰਗਤਾਂ ਬਹੁਤ ਘੱਟ ਗਿਣਤੀ ਵਿਚ ਆਈਆਂ ਅਤੇ ਲਖਪਤ ਰਾਏ ਨਿਰਾਸ਼ ਹੋ ਕੇ ਵਾਪਸ ਪਰਤ ਗਿਆ। ਲਾਹੌਰ ਦਰਬਾਰ, ਜੋ ਭਾਈ ਸਾਹਿਬ ਦੇ ਪੈਂਤੜੇ ਤੋਂ ਬਹੁਤ ਕ੍ਰੋਧਵਾਨ ਸੀ, ਨੇ 10 ਹਜ਼ਾਰ ਰੁਪਏ ਜਜ਼ੀਏ ਦੀ ਮੰਗ ਕੀਤੀ। ਭਾਈ ਸਾਹਿਬ ਨੇ ਕਿਹਾ ਕਿ ਮੇਲਾ ਭਰਿਆ ਨਹੀਂ, ਚੜਤ ਆਈ ਨਹੀਂ, ਇਸ ਲਈ ਜਜ਼ੀਆ ਦੇਣ ਤੋਂ ਅਸਮਰਥ ਹਨ। ਲਾਹੌਰ ਦਾ ਸੂਬੇਦਾਰ ਤਾਂ ਪਹਿਲਾਂ ਹੀ ਬਹੁਤ ਖ਼ਫ਼ਾ ਸੀ। ਉਸ ਨੇ ਭਾਈ ਸਾਹਿਬ ਦੀ ਗ੍ਰਿਫ਼ਤਾਰੀ ਦਾ ਹੁਕਮ ਦੇ ਦਿੱਤਾ।

ਇਸ ਉਪਰੰਤ ਲਾਹੌਰ ਦੀ ਫ਼ੌਜ ਭਾਈ ਮਨੀ ਸਿੰਘ ਅਤੇ ਹੋਰ ਕਈ ਨਾਮਵਰ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਕੇ ਲੈ ਗਈ। ਸੂਬੇਦਾਰ ਦੇ ਪੇਸ਼ ਕੀਤਾ ਗਿਆ ਜਿਸ ਨੇ ਭਾਈ ਸਾਹਿਬ ਦੀ ਜਾਨ ਬਖ਼ਸ਼ੀ ਲਈ ਬਾਕੀ ਸਿੰਘਾਂ ਨੂੰ ਵੀ ਗ੍ਰਿਫ਼ਤਾਰ ਕਰਾਉਣ ਦੀ ਸ਼ਰਤ ਰੱਖ ਦਿੱਤੀ। ਭਾਈ ਸਾਹਿਬ ਦੇ ਸਾਹਮਣੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਸਿਧਾਂਤ ਸੀ 'ਸਿਰ ਜਾਇ ਤਾਂ ਜਾਇ ਮੇਰਾ ਸਿੱਖੀ ਸਿਦਕ ਨਾ ਜਾਇ।' ਭਾਈ ਸਾਹਿਬ ਨੇ ਇੰਞ ਕਰਨ ਤੋਂ ਇਨਕਾਰ ਕਰ ਦਿੱਤਾ। ਜ਼ਕਰੀਆ ਖਾਨ ਨੇ ਕਾਜ਼ੀਆਂ ਦੇ ਫ਼ਰਜ਼ੀ ਅਤੇ ਮੁਸਤਫ਼ੀ ਫ਼ਤਵਿਆਂ ਦੀ ਆੜ ਹੇਠ ਭਾਈ ਮਨੀ ਸਿੰਘ ਸਮੇਤ ਹੋਰ ਸਿੰਘਾਂ ਨੂੰ ਜੇਲ ਅੰਦਰ ਬੰਦ ਕਰ ਦਿੱਤਾ ਅਤੇ ਉਨਾਂ ਉੱਤੇ ਅਸਹਿ ਅਤੇ ਅਕਹਿ ਜ਼ੁਲਮ, ਤਸ਼ੱਦਦ ਕੀਤੇ ਗਏ ਅਤੇ ਤਸੀਹੇ ਦਿੱਤੇ ਗਏ। ਸਿੰਘਾਂ ਨੂੰ ਕਿਹਾ ਗਿਆ ਜਾਂ 10 ਹਜ਼ਾਰ ਰੁਪਏ ਜੁਰਮਾਨਾ ਦਿਓ ਜਾਂ ਦੀਨ ਮੁਹੰਮਦੀ ਕਬੂਲ ਕਰੋ ਜਾਂ ਫਿਰ ਮੌਤ ਕਬੂਲ ਕਰੋ। ਉਨਾਂ ਨੇ ਮੌਤ ਕਬੂਲ ਕਰ ਲਈ। ਸ੍ਰੀ ਗੁਰ ਪੰਥ ਪ੍ਰਕਾਸ਼ ਵਿਚ ਭਾਈ ਰਤਨ ਸਿੰਘ ਭੰਗੂ ਨੇ ਇਸ ਬਾਰੇ ਇਉਂ ਬਿਆਨ ਕੀਤਾ ਗਿਆ:

**'ਖ਼ਾਨ ਕਹਯੋ ਹੋਹੁ ਮੁਸਲਮਾਨ।**
**ਤਦ ਛੋਡੈਂਗੇ ਤੁਮਰੀ ਜਾਨ।**
**ਸਿੰਘਨ ਕਹਯੋ ਹਮ ਸਿਦਕ ਨਾ ਹਾਰੈਂ।**
**ਕਈ ਜਨਮ ਪਰ ਸਿਦਕ ਸੁ ਗਾਰੈਂ।'**

ਆਖ਼ਰ ਭਾਈ ਮਨੀ ਸਿੰਘ ਜੀ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਇਤਿਹਾਸ ਦੇ ਇਨਾਂ ਪੰਨਿਆਂ ਤੋਂ ਅਸੀਂ ਦੇਖਦੇ ਹਾਂ ਕਿ ਜਿੱਥੇ ਦੀਵਾਲੀ ਦਾ ਸਬੰਧ ਛੇਵੇਂ ਪਾਤਸ਼ਾਹ ਬੰਦੀਛੋੜ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗਵਾਲੀਅਰ ਕਿਲੇ ਵਿੱਚੋਂ ਰਿਹਾਈ ਨਾਲ ਜੁੜਦਾ ਹੈ, ਉੱਥੇ ਹੀ ਕੌਮ ਦੇ ਮਹਾਨ ਸ਼ਹੀਦ ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਦੀ ਗਾਥਾ ਨਾਲ ਵੀ ਸਬੰਧ ਰੱਖਦਾ ਹੈ। ਬੰਦੀਛੋੜ ਦਿਵਸ ਸਾਨੂੰ ਹਰ ਤਰਾਂ ਦੇ ਬੰਧਨਾਂ ਤੋਂ ਮੁਕਤੀ ਦਾ ਸੁਨੇਹਾ ਦਿੰਦਾ ਹੈ। ਜਿੱਥੇ ਛੇਵੇਂ ਪਾਤਸ਼ਾਹ ਜੀ ਨੇ ਮਨੁੱਖੀ ਆਜ਼ਾਦੀ ਦਾ ਝੰਡਾ ਬੁਲੰਦ ਕਰ ਕੇ ਰਾਜਿਆਂ ਨੂੰ ਗਵਾਲੀਅਰ ਦੀ ਕੈਦ ਵਿੱਚੋਂ ਮੁਕਤੀ ਦਿਵਾਈ, ਉੱਥੇ ਹੀ ਭਾਈ ਮਨੀ ਸਿੰਘ ਜੀ ਨੇ ਵੀ ਸ਼ਹਾਦਤ ਤਾਂ ਪ੍ਰਵਾਨ ਕਰ ਲਈ ਪਰ ਹਕੂਮਤ ਦੀ ਗ਼ੁਲਾਮੀ ਸਵੀਕਾਰ ਨਹੀਂ ਕੀਤੀ।

ਇਹ ਦਿਨ ਸਾਡੇ ਲਈ ਇੱਕ ਪ੍ਰਣ ਦਿਵਸ ਹੈ। ਸੱਚ ਤਾਂ ਇਹ ਹੈ ਕਿ ਵਹਿਮ-ਭਰਮ, ਅੰਧ ਵਿਸ਼ਵਾਸ, ਕਰਮਕਾਂਡ, ਪਾਖੰਡ ਦੇ ਨਾਲ-ਨਾਲ ਸਮਾਜਿਕ ਕੁਰੀਤੀਆਂ ਦੀ ਗ਼ੁਲਾਮੀ ਵਿਚ ਜਕੜਿਆ ਅੱਜ ਦਾ ਮਨੁੱਖ ਜੀਵਨ ਦੇ ਅਸਲ ਸੱਚ ਤੋਂ ਮੂੰਹ ਮੋੜੀ ਬੈਠਾ ਹੈ। ਨਸ਼ੇ, ਭਰੂਣ ਹੱਤਿਆ, ਫ਼ਜ਼ੂਲ ਖ਼ਰਚੀ ਆਦਿ ਜਿਹੇ ਚਲਨ ਨੇ ਸਮਾਜ ਨੂੰ ਕਈ ਚੁਨੌਤੀਆਂ ਦੇ ਰੂਬਰੂ ਕਰਵਾਇਆ ਹੈ। ਅੱਜ ਲੋੜ ਇਸ ਗੱਲ ਦੀ ਹੈ ਕਿ ਸਮਾਜ ਨੂੰ ਘੁਣ ਵਾਂਗ ਖਾਂ ਰਹੀਆਂ ਅਜਿਹੀਆਂ ਅਲਾਮਤਾਂ ਦੀ ਗ਼ੁਲਾਮੀ ਦਾ ਜੂਲਾ ਗਜੋਂ ਲਾਹ ਕੇ ਗੁਰੂ ਸਾਹਿਬਾਨ ਦੇ ਦਰਸਾਏ ਮਾਰਗ ਅਨੁਸਾਰੀ ਜੀਵਨ ਦੇ ਧਾਰਨੀ ਬਣੀਏ। ਇਹੀ ਬੰਦੀਛੋੜ ਦਿਵਸ ਦਾ ਸੁਨੇਹਾ ਹੈ।

(ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ 100 ਸਾਲਾ ਸਥਾਪਨਾ ਵਰੇ 'ਤੇ ਵਿਸ਼ੇਸ਼)

# ਸ਼੍ਰੋਮਣੀ ਗੁ:ਪ੍ਰ: ਕਮੇਟੀ; ਸਿੱਖ ਸ਼ਕਤੀ ਦਾ ਪੁਨਰ-ਸੰਗਠਨ

**- ਮਨਪ੍ਰੀਤ ਸਿੰਘ ਬਾਜ**

ਗ਼ੁਲਾਮ ਦੇਸ਼ ਪੰਜਾਬ ਅੰਦਰ ਸੁੰਨ ਹੋਈ ਸਿੱਖ ਮਾਨਸਿਕਤਾ ਨੂੰ ਜਗਾਉਣ ਲਈ ਕਈ ਦਹਾਕਿਆਂ ਦੇ ਸੰਘਰਸ਼ ਤੋਂ ਬਾਅਦ ਪੰਥਕ ਤੇ ਸਿਰੜੀ ਸਿੱਖਾਂ ਵੱਲੋਂ ਜ਼ੁਲਮੀ ਹਨੇਰੀਆਂ ਨੂੰ ਆਪਣੀ ਹਿਰਦਿਆਂ ਅਤੇ ਪਿੰਡਿਆਂ ਉੱਪਰ ਝੱਲਦਿਆਂ 15 ਨਵੰਬਰ, 1920 ਨੂੰ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੀ ਸਥਾਪਨਾ ਕੀਤੀ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨ ਤੋਂ ਕਈ ਦਹਾਕੇ ਪਹਿਲਾਂ ਸੰਘਰਸ਼ ਸ਼ੁਰੂ ਹੋ ਚੁੱਕਾ ਸੀ, ਜਿਸ ਲਈ ਸਿੱਖ ਆਗੂਆਂ ਨੂੰ ਅੰਗਰੇਜ਼ਾਂ ਤੇ ਮਹੰਤਾਂ ਦੇ ਨਾਲ-ਨਾਲ ਆਪਣਿਆਂ ਦੇ ਵਿਰੋਧ ਦਾ ਵੀ ਸਾਹਮਣਾ ਕਰਨਾ ਪਿਆ, ਕਿਉਂਕਿ ਸੁੱਤੀ ਕੌਮ ਨੂੰ ਜਗਾਉਣਾ ਸੌਖਾ ਨਹੀਂ ਹੁੰਦਾ, ਫਿਰ ਵੀ ਕੌਮੀ ਸੇਵਾ, ਕੁਰਬਾਨੀ ਤੇ ਪੰਥਕ ਜਜ਼ਬੇ ਨਾਲ ਲਬਰੇਜ਼ ਸਿੱਖਾਂ ਨੇ ਤਸ਼ੱਦਦ ਦੀ ਪ੍ਰਵਾਹ ਕੀਤੇ ਬਿਨਾਂ ਗੁਰਦੁਆਰਾ ਸਾਹਿਬਾਨ ਆਜ਼ਾਦ ਕਰਵਾਉਣ ਲਈ ਸੰਘਰਸ਼ ਜਾਰੀ ਰੱਖਿਆ। ਉਸ ਸਮੇਂ ਗੁਰਦੁਆਰਾ ਸਾਹਿਬਾਨ ਉੱਪਰ ਅੰਗਰੇਜ਼ਾਂ ਦੇ ਪਿੱਠੂ ਮਹੰਤਾਂ ਦਾ ਕਬਜ਼ਾ ਸੀ, ਜੋ ਗੁਰਦੁਆਰਾ ਸਾਹਿਬਾਨ ਅੰਦਰ ਅੱਯਾਸ਼ੀ ਤੇ ਗੁੰਡਾਗਰਦੀ ਕਰਦੇ ਸਨ। ਉਨਾਂ ਦੁਸ਼ਵਾਰੀਆਂ ਭਰੇ ਹਾਲਾਤਾਂ ਵਿਚ ਸ਼੍ਰੋਮਣੀ ਗੁ:ਪ੍ਰ: ਕਮੇਟੀ ਦੇ ਰੂਪ ਵਿਚ ਸਿੱਖ ਸ਼ਕਤੀ ਦੇ ਹੋਏ ਇਸ 'ਪੁਨਰ-ਸੰਗਠਨ' ਨੇ ਜਿੱਥੇ ਇਹ ਸਪਸ਼ਟ ਕਰ ਦਿੱਤਾ ਕਿ ਸਿੱਖ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰਦੁਆਰਿਆਂ ਲਈ ਹਰ ਕੁਰਬਾਨੀ ਕਰਨ ਦਾ ਜਜ਼ਬਾ ਤੇ ਦਲੇਰੀ ਰੱਖਦੇ ਹਨ, ਉੱਥੇ ਹੀ ਇਹ ਵੀ ਸਪਸ਼ਟ ਕਰ ਦਿੱਤਾ ਕਿ ਇਸ ਸੰਸਥਾ ਦੇ ਹੋਂਦ ਵਿਚ ਰਹਿੰਦਿਆਂ 'ਸਿੱਖਾਂ ਅਤੇ ਸਿੱਖੀ' ਨੂੰ ਜ਼ਬਰ-ਜ਼ੁਲਮ ਨਾਲ ਖ਼ਤਮ ਕਰਨਾ ਅਸੰਭਵ ਹੈ। ਇਸ ਲਈ ਸਿੱਖ ਵਿਰੋਧੀ ਤਾਕਤਾਂ ਨੇ ਕਈ ਦਹਾਕੇ ਪਹਿਲਾਂ ਲੁਕਵੇਂ ਯਤਨ ਆਰੰਭ ਕੀਤੇ, ਤਾਂ ਜੋ ਸਿੱਖਾਂ ਦੀ ਬੌਧਿਕ ਸਮਰੱਥਾ ਨੂੰ ਕਮਜ਼ੋਰ ਕਰ ਕੇ ਸਿੱਖਾਂ ਹੱਥੋਂ ਹੀ ਸਿੱਖ ਸੰਸਥਾਵਾਂ ਅਤੇ ਸਿੱਖੀ ਦਾ ਘਾਣ ਕਰਵਾਇਆ ਜਾ ਸਕੇ। ਜਿਸ ਤਹਿਤ ਸਿੱਖ ਵਿਰੋਧੀ ਸਾਹਿਤ ਰਚਿਆ ਗਿਆ। ਸਾਹਿਤਕ ਸਰੋਤਾਂ ਵਿਚ ਗੜਬੜ ਕਰਵਾਈ ਗਈ। ਜਿਸਦੇ ਪ੍ਰਚਾਰ ਲਈ ਨਕਲੀ ਸਿੱਖ ਤਿਆਰ ਕੀਤੇ ਗਏ ਅਤੇ ਗੁਰੂ-ਡੰਮ ਮੁਹਿੰਮ ਚਲਾਈ ਗਈ। ਆਜ਼ਾਦੀ ਲਈ ਵੱਡੀਆਂ ਕੁਰਬਾਨੀਆਂ ਦੇ ਕੇ ਦੇਸ਼ ਦੇ ਹੀਰੋ ਬਣੇ ਸਿੱਖਾਂ ਨੂੰ ਘਟੀਆ/ਨੀਵਾਂ ਪ੍ਰਚਾਰਨ ਲਈ ਸਿੱਖ ਕਿਰਦਾਰ ਦੀ ਫ਼ਿਲਮਾਂ, ਗਾਣਿਆਂ ਰਾਹੀਂ ਹਾਸੋਹੀਣੀ ਪੇਸ਼ਕਾਰੀ ਕੀਤੀ ਗਈ। ਜਿਸ ਕਾਰਨ ਹੀਣਤਾ ਮਹਿਸੂਸਦਿਆਂ ਕਈ ਸਿੱਖ ਕਲੀਨ-ਸ਼ੇਵ ਹੋਣ ਵੱਲ ਤੁਰ ਪਏ। ਇਨਾਂ ਸਭ ਹਮਲਿਆਂ ਦੇ ਬਾਵਜੂਦ ਵੀ ਗੁਰੂ ਸਾਹਿਬ ਦੀ ਕਿਰਪਾ ਸਦਕਾ ਵੱਡੇ ਉਤਰਾਅ-ਚੜਾਅ ਵਿਚੋਂ ਲੰਘ ਕੇ ਇਹ ਸਿੱਖ ਸੰਸਥਾ ਅੱਜ 100 ਸਾਲ ਪੂਰੇ ਕਰ ਚੁੱਕੀ ਹੈ।

ਸਿੱਖ ਵਿਰੋਧੀ ਤਾਕਤਾਂ ਦਾ ਏਜੰਡਾ ਸ਼੍ਰੋਮਣੀ ਗੁ:ਪ੍ਰ:ਕਮੇਟੀ ਨੂੰ ਖ਼ਤਮ ਕਰ ਕੇ ਸੰਵਿਧਾਨਕ ਤੌਰ 'ਤੇ ਸਿੱਖਾਂ ਦੀ ਨੁਮਾਇੰਦਗੀ ਨੂੰ ਖ਼ਤਮ ਕਰਨਾ ਹੈ। ਜਿਸ ਬਾਰੇ ਸਿੱਖ ਕੌਮ ਨੂੰ ਸੁਚੇਤ ਹੋਣ ਅਤੇ ਉਕਤ ਹਮਲਿਆਂ ਨੂੰ ਰੋਕਣ ਲਈ ਸਿਰਜੋੜ ਬੈਠਣ ਦੀ ਲੋੜ ਹੈ। ਭਾਵੇਂ ਕਿ ਸਿਰਜੋ ਗੁ:ਪ੍ਰ: ਕਮੇਟੀ ਵੱਲੋਂ 'ਸਿੱਖ ਰਹਿਤ ਮਰਯਾਦਾ' ਅਨੁਸਾਰ ਗੁਰੂ-ਘਰਾਂ ਦਾ ਪ੍ਰਬੰਧ ਚਲਾਇਆ ਜਾਂਦਾ ਹੈ ਅਤੇ ਉਲੰਘਣਾ ਕਰਨ ਵਾਲਿਆਂ ਲਈ ਸਖ਼ਤ ਸਜ਼ਾਵਾਂ ਦੀ ਵਿਵਸਥਾ ਹੈ। ਪਰੰਤੂ ਕੁਝ ਸਿੱਖਾਂ ਅੰਦਰ ਸੰਸਥਾ ਪ੍ਰਤੀ ਬੇਭਰੋਸਗੀ ਦਾ ਆਲਮ ਵੀ ਸਮੁੱਚੀ ਕੌਮ ਲਈ ਘਾਤਕ ਹੈ। ਕਿਸੇ ਵੀ ਬਿਪਤਾ ਸਮੇਂ ਸੰਗਤਾਂ, ਸ਼੍ਰੋਮਣੀ ਗੁ:ਪ੍ਰ: ਕਮੇਟੀ ਤੋਂ ਅਗਵਾਈ ਦੀ ਆਸ ਕਰਦੀਆਂ ਹਨ। ਭਾਵੇਂ ਕਿ ਸ਼੍ਰੋਮਣੀ ਗੁ:ਪ੍ਰ: ਕਮੇਟੀ ਵੱਲੋਂ ਸਮੁੱਚੀ ਕੌਮ ਨੂੰ ਧਿਆਨ ਵਿਚ ਰੱਖ ਕੇ ਕਾਰਜ ਕੀਤੇ ਜਾਂਦੇ ਹਨ, ਪਰੰਤੂ ਇਸ ਸਮੇਂ ਬਣੇ ਹਾਲਾਤਾਂ ਦੇ ਮੱਦੇਨਜ਼ਰ ਸੰਗਤਾਂ ਦੀ ਬਦਲਦੀ ਮਨੋਦਸ਼ਾ ਨੂੰ ਪਛਾਣਦਿਆਂ ਢੁਕਵੀਆਂ ਨੀਤੀਆਂ ਤਿਆਰ ਕਰਨ ਦੀ ਲੋੜ ਹੈ।

ਅਜਿਹੇ ਹਾਲਾਤਾਂ ਦਰਮਿਆਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਵੱਲੋਂ ਸਿੱਖ ਕਿਰਦਾਰਕੁਸ਼ੀ ਪ੍ਰਤੀ ਪ੍ਰਗਟਾਈ ਚਿੰਤਾ ਅਤੇ ਸੁਝਾਵਾਂ ਦੀ ਕੀਤੀ ਗਈ ਮੰਗ ਨੇ ਕੌਮ ਨੂੰ ਗੰਭੀਰ ਹੋਣ ਲਈ ਹਲੂਣਿਆਂ ਹੈ। ਸ਼੍ਰੋਮਣੀ ਕਮੇਟੀ ਦੇ ਸੰਦਰਭ ਵਿਚ ਕੁਝ ਸੁਝਾਅ ਕਾਰਗਰ ਸਾਬਤ ਹੋ ਸਕਦੇ ਹਨ ਜਿਵੇਂ ਕਿ ਮੁਲਾਜ਼ਮ ਭਰਤੀ ਕਰਨ ਸਮੇਂ ਗੁਰਬਾਣੀ ਟੈਸਟ ਭਰਤੀ ਕਰਨ ਤੋਂ ਪਹਿਲਾਂ ਲਿਆ ਜਾਣਾ ਚਾਹੀਦਾ ਹੈ, ਨਾ ਕਿ ਭਰਤੀ ਕਰਨ ਤੋਂ ਬਾਅਦ। ਇਹ ਟੈਸਟ ਗੁਰਬਾਣੀ ਦੇ ਨਾਲ-ਨਾਲ ਗੁਰ-ਇਤਿਹਾਸ ਤੇ ਗੁਰਮਤਿ ਸਿਧਾਂਤਾਂ ਦਾ ਹੋਵੇ। ਜ਼ਿੰਮੇਵਾਰ ਅਹੁਦੇ ਉੱਪਰ ਗੁਰਮਤਿ ਸਿਧਾਂਤਾਂ ਬਾਰੇ ਸੰਵਾਦ ਕਰਨ ਦੀ ਕਾਬਲੀਅਤ ਰੱਖਣ ਵਾਲਾ ਮੁਲਾਜ਼ਮ ਲਗਾਉਣਾ ਉਚਿੱਤ ਹੋਵੇਗਾ। ਮੁਲਾਜ਼ਮਾਂ ਲਈ ਧਾਰਮਿਕ ਕਲਾਸ ਦੀ ਵਿਵਸਥਾ ਹੋਣੀ ਚਾਹੀਦੀ ਹੈ, ਕਿਉਂਕਿ ਗੁਰਬਾਣੀ ਅਨੁਸਾਰ ਮਨ ਨੂੰ ਲਗਾਤਾਰ ਸੋਧਣ ਦੀ ਜ਼ਰੂਰਤ ਰਹਿੰਦੀ ਹੈ। ਸ਼੍ਰੋਮਣੀ ਕਮੇਟੀ ਦਾ ਮੈਂਬਰ ਬਣਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਪਾਠ ਕਰਨ, ਪੰਜਾਂ ਬਾਣੀਆਂ ਦਾ ਪਾਠ ਅਰਥਾਂ ਸਮੇਤ ਕਰਨ ਅਤੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਣ ਦੀ ਯੋਗਤਾ ਮਿਥੀ ਜਾਣੀ ਚਾਹੀਦੀ ਹੈ।



ਇਸ ਤੋਂ ਇਲਾਵਾ ਪ੍ਰਚਾਰਕਾਂ ਲਈ ਮਨੋਵਿਗਿਆਨ ਦੀ ਪੜਾਈ ਨੂੰ ਲਾਜ਼ਮੀ ਕਰਨਾ ਚਾਹੀਦਾ ਹੈ। ਸਿੱਖ-ਵਿਰੋਧੀ ਗਤੀਵਿਧੀਆਂ ਰੋਕਣ ਲਈ 'ਸਾਈਬਰ ਕਰਾਈਮ ਸੈੱਲ' ਅਤੇ 'ਸਿੱਖ ਵਕੀਲਾਂ ਦਾ ਪੈਨਲ' ਬਣਾਇਆ ਜਾਣਾ ਚਾਹੀਦਾ ਹੈ। 'ਟੋਲ ਫ਼ਰੀ ਨੰਬਰ' ਚਲਾਇਆ ਜਾਣਾ ਚਾਹੀਦਾ ਹੈ। ਅੰਮ੍ਰਿਤਧਾਰੀਆਂ ਨੂੰ ਆਈ.ਏ.ਐਸ. ਤੇ ਆਈ.ਪੀ.ਐਸ ਬਣਾਉਣ ਲਈ ਫ਼ੰਡ ਸਥਾਪਤ ਕੀਤਾ ਜਾਣਾ ਚਾਹੀਦਾ ਹੈ। ਸਿੱਖਾਂ ਨੂੰ ਨਸ਼ੇੜੀਆਂ ਅਤੇ ਬਦਮਾਸ਼ਾਂ ਵਜੋਂ ਪੇਸ਼ ਕਰਦੇ ਲੱਚਰ ਗਾਇਕਾਂ/ਅਦਾਕਾਰਾਂ ਵਿਰੁੱਧ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਧਰਮ ਪ੍ਰਚਾਰ ਲਈ ਹਰੇਕ ਆਧੁਨਿਕ ਸੰਚਾਰ ਸਾਧਨ ਵਰਤਿਆ ਜਾਣਾ ਚਾਹੀਦਾ ਹੈ। ਉਕਤ ਸੁਝਾਅ ਸ਼੍ਰੋਮਣੀ ਕਮੇਟੀ ਲਈ ਅਜੋਕੇ ਹਾਲਾਤਾਂ ਨਾਲ ਨਜਿੱਠਣ ਵਿਚ ਸਹਾਈ ਸਿੱਧ ਹੋਣਗੇ, ਕਿਉਂਕਿ ਕਿਸੇ ਵੀ ਸੰਸਥਾ ਦੀ ਭਰੋਸੇਯੋਗਤਾ ਇਮਾਰਤ ਨਾਲ ਨਹੀਂ ਬਲਕਿ ਸੰਸਥਾ ਦੇ ਨੁਮਾਇੰਦਿਆਂ ਦੇ ਕਿਰਦਾਰ, ਕਾਰਗੁਜ਼ਾਰੀ ਤੇ ਨੀਤੀਆਂ ਨਾਲ ਹੁੰਦੀ ਹੈ।

ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਝ ਮੁਲਾਜ਼ਮਾਂ ਨੇ ਸੰਸਥਾ ਦੇ ਅਕਸ ਨੂੰ ਢਾਹ ਲਾਈ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਲਹੂ-ਭਿੱਜੇ ਇਤਿਹਾਸ 'ਤੇ ਲੀਕ ਮਾਰ ਕੇ ਇਸ ਮਹਾਨ ਸੰਸਥਾ ਨੂੰ ਖ਼ਤਮ ਕਰ ਦਈਏ। ਵਿਰੋਧ ਤਾਂ ਗ਼ਲਤ ਕੰਮ ਕਰਨ ਵਾਲੇ ਵਿਅਕਤੀਆਂ ਦਾ ਹੋਣਾ ਚਾਹੀਦਾ ਹੈ, ਸੰਸਥਾ ਦਾ ਨਹੀਂ। ਸ਼੍ਰੋਮਣੀ ਗੁ:ਪ੍ਰ: ਕਮੇਟੀ ਨੂੰ ਮੰਦਾ ਬੋਲਣਾ ਆਪਣੇ ਪੁਰਖਿਆਂ ਦੀਆਂ ਕੁਰਬਾਨੀਆਂ ਦਾ ਅਪਮਾਨ ਹੈ। ਸ਼੍ਰੋਮਣੀ ਗੁ:ਪ੍ਰ: ਕਮੇਟੀ ਸਿੱਖਾਂ ਦੀ ਉਹ ਕ੍ਰਾਂਤੀਕਾਰੀ ਸੰਸਥਾ ਹੈ ਜਿਸ ਦੀਆਂ ਨੀਂਹਾਂ ਸਿੱਖਾਂ ਨੇ ਖ਼ੂਨ ਡੋਲ ਕੇ ਰੱਖੀਆਂ ਅਤੇ ਆਪਣੇ ਸਿਰਾਂ ਦੇ ਮੁੱਲ ਤਾਰ ਕੇ ਇਸ ਨੂੰ ਸਥਾਪਤ ਕੀਤਾ। ਇਸਦੀ ਸਥਾਪਨਾ ਗੁਰਦੁਆਰਾ ਸਾਹਿਬਾਨ ਅਤੇ ਸਿੱਖੀ ਦੀ ਹੋਂਦ ਨੂੰ ਬਚਾਉਣ ਲਈ ਹੋਈ ਸੀ। ਮਹੰਤਾਂ ਕੋਲੋਂ ਗੁਰਦੁਆਰਾ ਸਾਹਿਬਾਨ ਆਜ਼ਾਦ ਕਰਵਾਉਣ ਲਈ ਸ਼ੁਰੂ ਕੀਤੀ ਗਈ 'ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ' ਦੀ ਅੰਤਰ-ਆਤਮਾ ਜਾਂ ਖੜਗ-ਭੁਜਾ ਸ਼੍ਰੋਮਣੀ ਗੁ:ਪ੍ਰ: ਕਮੇਟੀ ਸੀ। ਜਿਸ ਨੇ ਗੁਰਦੁਆਰਿਆਂ ਨੂੰ ਸੁਰੱਖਿਅਤ ਕੀਤਾ ਅਤੇ ਮਰਯਾਦਾ ਬਹਾਲ ਕਰਵਾਈ। ਸਿੱਖ ਵਿਰੋਧੀ ਤਾਕਤਾਂ ਇਹੀ ਚਾਹੁੰਦੀਆਂ ਹਨ ਕਿ ਸਿੱਖ ਨੌਜੁਆਨੀ ਇਸ ਮਹਾਨ ਸੰਸਥਾ ਨੂੰ ਨਕਾਰ ਕੇ ਆਪਣੇ ਹੱਥੀ ਖ਼ਤਮ ਕਰ ਦੇਵੇ। ਇਕ ਵਾਰ ਸ਼੍ਰੋਮਣੀ ਗੁ:ਪ੍ਰ: ਕਮੇਟੀ ਦੇ ਇਤਿਹਾਸ ਅਤੇ ਉਸ ਕੁਰਬਾਨੀਆਂ ਭਰੇ ਸੰਘਰਸ਼ ਬਾਰੇ ਜ਼ਰੂਰ ਪੜੋ ਤਾਂ ਜੋ ਇਸ ਸੰਸਥਾ ਦੀ ਮਹਾਨਤਾ ਅਤੇ ਮਹੱਤਤਾ ਬਾਰੇ ਜਾਣ ਸਕੋ।

ਅੰਤ ਵਿਚ ਸੰਗਤਾਂ ਨੂੰ ਬੇਨਤੀ ਹੈ ਕਿ ਤੁਹਾਡੇ ਵੱਲੋਂ ਵੋਟਾਂ ਰਾਹੀਂ ਚੁਣ ਕੇ ਭੇਜੇ ਗਏ ਮੈਂਬਰਾਨ ਹੀ ਸ਼੍ਰੋਮਣੀ ਗੁ:ਪ੍ਰ: ਕਮੇਟੀ ਦਾ ਪ੍ਰਬੰਧ ਚਲਾਉਂਦੇ ਹਨ। ਇਸ ਲਈ ਇਮਾਨਦਾਰ ਜਾਂ ਬੇਈਮਾਨ ਮੈਂਬਰ ਨੂੰ ਚੁਣਨ ਪ੍ਰਤੀ ਜ਼ਿੰਮੇਵਾਰੀ ਸੰਗਤਾਂ ਦੀ ਹੀ ਤੈਅ ਹੁੰਦੀ ਹੈ। ਕਈ ਲੋਕਾਂ ਵੱਲੋਂ ਲਾਲਚ ਵੱਸ ਜਾਂ ਗਰੁੱਪਬਾਜ਼ੀ ਕਰਕੇ ਵੋਟ ਅਧਿਕਾਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਪਰੰਤੂ ਧਾਰਮਿਕ ਸੰਸਥਾਵਾਂ ਦੇ ਮੈਂਬਰਾਨ ਚੁਣਨ ਸਮੇਂ ਗਰੁੱਪਬਾਜ਼ੀ ਤੋਂ ਉੱਪਰ ਉੱਠ ਕੇ ਇਮਾਨਦਾਰੀ ਨਾਲ ਯੋਗ ਉਮੀਦਵਾਰ ਨੂੰ ਜਿਤਾਉਣਾ ਚਾਹੀਦਾ ਹੈ। ਵੋਟਾਂ ਰਾਹੀਂ ਇਸ ਸੰਸਥਾ ਦੀ ਸੇਵਾ ਕੋਈ ਵੀ ਪਾਰਟੀ ਲੈ ਸਕਦੀ ਹੈ ਤਾਂ ਸਿੱਖਾਂ ਨੂੰ ਭਰਾ-ਮਾਰੂ ਜੰਗ ਵੱਲ ਕਿਉਂ ਧੱਕਿਆ ਜਾ ਰਿਹਾ ਹੈ ? ਇਸ ਸੰਸਥਾ ਨੂੰ ਸਥਾਪਤ ਕਰਨ ਲਈ ਹਜ਼ਾਰਾਂ ਸਿੱਖਾਂ ਨੇ ਕੁਰਬਾਨੀਆਂ ਕੀਤੀਆਂ ਅਤੇ ਸੰਘਰਸ਼ ਦੌਰਾਨ ਲੱਖਾਂ ਸਿੱਖਾਂ ਦੀਆਂ ਜ਼ਿੰਦਗੀਆਂ ਪ੍ਰਭਾਵਿਤ ਹੋਈਆਂ ਸਨ। ਇਸ ਲਈ ਸਿੱਖ ਵਿਰੋਧੀ ਤਾਕਤਾਂ ਦੀ ਸਾਜ਼ਿਸ਼ ਦੇ ਸ਼ਿਕਾਰ ਹੋ ਕੇ ਇਸ ਮਹਾਨ ਸੰਸਥਾ ਦੇ ਵੈਰੀ ਨਾ ਬਣੋ, ਭਰਾ-ਮਾਰੂ ਜੰਗ ਵੱਲ ਨਾ ਤੁਰੋ, ਬਲਕਿ ਇਸ ਸੰਸਥਾ ਵਿਚ ਭਰਤੀ ਹੋਵੋ, ਅਹੁਦੇ ਸੰਭਾਲੋ ਅਤੇ ਜਿਸ ਬਦਲਾਅ ਦੀ ਜ਼ਰੂਰਤ ਮਹਿਸੂਸ ਦੇ ਹੋ, ਉਸ ਵਾਸਤੇ ਅਮਲੀ ਰੂਪ 'ਚ ਕਾਰਜਸ਼ੀਲ ਹੋਵੋ।

# ਸ਼੍ਰੋਮਣੀ ਕਮੇਟੀ ਦਾ ਇਤਿਹਾਸ



**- ਰਣਜੀਤ ਸਿੰਘ ਕੁਕੀ ਗਿਲ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਪੰਥ ਦੀ ਸਿਰਮੌਰ ਸੰਸਥਾ ਹੈ ਜੋ 99 ਸਾਲ ਪਹਿਲਾਂ ਹੋਂਦ ਵਿੱਚ ਆਈ ਸੀ। ਉਹ ਆਪਣੀ ਸਥਾਪਨਾ ਦਾ 100 ਵਾਂ ਵਰਾ 2021 ਨਵੰਬਰ ਵਿੱਚ ਮਨਾਉਣ ਜਾ ਰਹੀ ਹੈ। ਇਸਦੀ ਸਥਾਪਨਾ 15 ਨਵੰਬਰ, 1920 ਵਾਲੇ ਦਿਨ ਹੋਈ ਸੀ। ਇਸਦਾ ਮੁੱਖ ਟੀਚਾ ਗੁਰਦੁਆਰਾ ਪ੍ਰਬੰਧ ਅਤੇ ਗੁਰੂ ਘਰਾਂ ਵਿੱਚ ਗੁਰਮਤਿ ਮਰਿਯਾਦਾ ਨੂੰ ਲਾਗੂ ਕਰਵਾਉਣਾ ਸੀ। ਜਲਿਆਂਵਾਲੇ ਬਾਗ਼ ਦੇ ਸਾਕੇ ਤੋਂ ਬਾਅਦ ਬਾਂਗ ਹਕੂਮਤ ਦੀ ਮਾਨਸਿਕਤਾ ਇਹ ਬਣ ਗਈ ਸੀ ਕਿ ਕਤਲੋਗਾਰਤ ਰਾਹੀਂ ਭਾਰਤੀ ਲੋਕਾਂ ਨੂੰ ਡਰਾ ਕੇ ਰੱਖਿਆ ਜਾਵੇ ਤਾਂ ਜੋ ਅੰਗਰੇਜ਼ੀ ਹਕੂਮਤ ਆਪਣੀ ਧਾਰਮਿਕ, ਸਮਾਜਿਕ, ਆਰਥਿਕ ਤੇ ਰਾਜਨੀਤਿਕ ਪਕੜ ਬਣਾ ਕੇ ਰੱਖ ਸਕੇ। ਇਹੀ ਵੱਡਾ ਕਾਰਨ ਸੀ ਕਿ ਅੰਗਰੇਜ਼ੀ ਸਾਮਰਾਜ ਨਹੀਂ ਸੀ ਚਾਹੁੰਦਾ ਕਿ ਸਿੱਖ ਪੰਥ ਨੂੰ ਕੋਈ ਅਜਿਹਾ ਪ੍ਰਬੰਧ ਦਿੱਤਾ ਜਾਵੇ ਜੋ ਖ਼ਾਸ ਕਰਕੇ ਗੁਰਦੁਆਰਾ ਸਾਹਿਬ ਨਾਲ ਜੁੜਿਆ ਹੋਵੇ। ਕਿਉਂਕਿ ਇਹਨਾਂ ਨੂੰ ਡਰ ਸੀ ਕਿ ਸਿੱਖ ਪੰਥ ਆਪਣੇ ਆਗੂਆਂ ਦੀ ਅਗਵਾਈ ਹੇਠ ਇਕੱਠਾ ਹੋ ਜਾਵੇਗਾ ਤੇ ਤਾਕਤਵਰ ਸ਼ਕਤੀ ਬਣ ਜਾਵੇਗਾ। ਉਸ ਸਮੇਂ ਦੀ ਸਿੰਘ ਸਭਾ ਲਹਿਰ ਦੇ ਆਗੂਆਂ ਨੇ ਕੋਸ਼ਿਸ਼ ਕਰਕੇ ਉਸ ਸਮੇਂ ਦੇ ਵਾਇਸਰਾਏ ਲਾਰਡ ਰਿਪਨ ਤੱਕ ਪਹੁੰਚ ਕੀਤੀ। ਇਸਦੇ ਮਗਰੋਂ ਉਸ ਸਮੇਂ ਦੇ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਆਰ.ਈ. ਈਗਰਟਨ ਨੇ ਆਪਣੇ ਵਾਇਸਰਾਇ ਨੂੰ ਚਿੱਠੀ ਰਾਹੀਂ ਸੁਚੇਤ ਕੀਤਾ ਕਿ ਸਿੱਖ ਪੰਥ ਨੂੰ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਕਿਸੇ ਤਰਾਂ ਵੀ ਨਾ ਦਿੱਤਾ ਜਾਵੇ। ਕਿਉਂਕਿ ਇਸ ਰਾਹੀਂ ਇਹ ਅਜਿਹਾ ਕਮੇਟੀ ਬਣਾਉਣਗੇ ਜੋ ਆਪਣੇ ਆਪ ਵਿੱਚ ਅਜ਼ਾਦ ਹਸਤੀ ਹੋਵੇਗੀ।

ਇਹ ਸਾਮਰਾਜੀ ਸਰਕਾਰ ਦੇ ਹਿੱਤਾਂ ਦੇ ਖ਼ਿਲਾਫ਼ ਹੋਵੇਗੀ। ਇਸ ਚਿੱਠੀ ਰਾਹੀਂ ਇਹ ਸਾਬਿਤ ਹੁੰਦਾ ਹੈ ਕਿ ਅੰਗਰੇਜ਼ੀ ਹਕੂਮਤ ਕਦੇ ਵੀ ਨਹੀਂ ਚਾਹੁੰਦੀ ਸੀ ਕਿ ਸਿੱਖ ਪੰਥ ਕਦੇ ਇੱਕ ਮੁੱਦੇ ਤੇ ਇਕੱਠਾ ਹੋ ਸਕੇ। ਉਸ ਸਮੇਂ ਗੁਰਦੁਆਰਿਆਂ ਵਿੱਚ ਅਨੇਕਾਂ ਕੁਰੀਤੀਆਂ ਆ ਚੁੱਕੀਆਂ ਸਨ। ਜਿਸ ਕਾਰਨ ਸ਼ਰਧਾਲੂਆਂ ਨਾਲ ਤਰਾਂ ਤਰਾਂ ਦੀਆਂ ਬਦਸਲੂਕੀਆਂ ਤੇ ਜ਼ਿਆਦਤੀਆਂ ਹੋ ਰਹੀਆਂ ਸਨ। ਇਸੇ ਤਰਾਂ ਉਸ ਸਮੇਂ ਵੀ ਪ੍ਰਬੰਧ ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ ਲੱਗ ਰਹੇ ਸਨ। ਉਸ ਸਮੇਂ ਚੱਲ ਰਹੀਂ ਅਕਾਲੀ ਅਖ਼ਬਾਰ ਨੇ ਇਨਾਂ ਸਾਰੀਆਂ ਕੁਰੀਤੀਆਂ ਤੇ ਜ਼ਿਆਦਤੀਆਂ ਬਾਰੇ ਤੱਥ ਸਾਹਮਣੇ ਲਿਆਂਦੇ। ਇਸ ਅਖ਼ਬਾਰ ਨੂੰ ਸੰਗਤ ਬੜੇ ਚਾਅ ਨਾਲ ਪੜਦੀ ਸੀ ਜਿਸ ਨਾਲ ਇਨਾਂ ਕੁਰੀਤੀਆਂ ਪ੍ਰਤੀ ਸਿੱਖ ਕੌਮ ਦੇ ਮਨ ਵਿੱਚ ਰੋਸ ਪੈਂਦਾ ਹੋਇਆ। ਸਿੱਖ ਕੌਮ ਨੂੰ ਸ਼੍ਰੋਮਣੀ ਕਮੇਟੀ ਹੋਂਦ ਵਿੱਚ ਲਿਆਉਣ ਲਈ ਸੈਂਕੜੇ ਕੁਰਬਾਨੀਆਂ ਕਰਨੀਆਂ ਪਈਆਂ ਅਤੇ ਪੰਜਾਬ ਦੀਆਂ ਜੇਲਾਂ ਭਰਨੀਆਂ ਪਈਆਂ। ਇਸ ਰਾਹ ਤੇ ਚਲਦਿਆਂ ਆਪਣਾ ਪੈਂਡਾ ਤਹਿ ਕਰਦਿਆਂ ਸਿੱਖ ਪੰਥ ਨੂੰ ਸਾਕਾ ਨਨਕਾਣਾ ਸਾਹਿਬ, ਸਾਕਾ ਪੰਜਾ ਸਾਹਿਬ, ਮੋਰਚਾ ਗੁਰੂ ਕਾ ਬਾਗ, ਚਾਬੀਆਂ ਦੀ ਮੋਰਚਾ, ਗੁਰਦੁਆਰਾ ਬਾਬੇ ਦੀ ਬੇਰ, ਜੈਤੋ ਮੋਰਚਾ ਅਤੇ ਤਰਨਤਾਰਨ ਦੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੂੰ ਆਪਣੇ ਹੱਥਾਂ ਵਿੱਚ ਲੈਣਾ ਤੇ ਅਕਾਲ ਤਖ਼ਤ ਸਾਹਿਬ ਨੂੰ ਸਰਕਾਰੀ ਪੁਜਾਰੀਆਂ ਤੋਂ ਮੁਕਤ ਕਰਾਉਣਾ ਸ਼ਾਮਿਲ ਸੀ। ਇਸੇ ਤਰਾਂ ਤਰਨਤਾਰਨ ਸਾਹਿਬ ਦੇ ਗੁਰਦੁਆਰਾ ਪ੍ਰਬੰਧ ਦੌਰਾਨ ਪਹਿਲਾ ਸ਼ਹੀਦ ਹਜ਼ਾਰਾ ਸਿੰਘ ਦੀ ਦਾਸਤਾਨ ਸੁਣ ਕੇ ਮਹਾਤਮਾ ਗਾਂਧੀ ਨੇ ਵਿਸ਼ੇਸ਼ ਤੌਰ ਤੇ ਜਿਸ ਵਿੱਚ ਉਸਨੇ ਇਹ ਕਿਹਾ ਕਿ 'ਮੈਨੂੰ ਦੇਸ਼ ਨੂੰ ਅਜ਼ਾਦ ਕਰਨ ਦਾ ਨੁਸਖ਼ਾ ਮਿਲ ਗਿਆ ਹੈ ਤੇ ਮੈਂ ਸਿੱਖ ਪੰਥ ਨੂੰ ਮੁਬਾਰਕਾਂ ਦਿੰਦਾ ਹਾਂ'। ਇਸੇ ਤਰਾਂ 1922 ਵਿੱਚ ਚਾਬੀਆਂ ਦੇ ਮੋਰਚੇ ਫ਼ਤਿਹ ਤੋਂ ਬਾਅਦ ਮਹਾਤਮਾ ਗਾਂਧੀ ਨੇ ਇਹ ਮੰਨਿਆ ਸੀ ਕਿ ਸੁਤੰਤਰਤਾ ਦੀ ਪਹਿਲੀ ਜੰਗ ਜਿੱਤ ਲਈ ਗਈ ਹੈ। ਇਸੇ ਅਨੇਕਾਂ ਹੋਰ ਸੁਤੰਤਰਤਾ ਸੰਗਰਾਮ ਵਿੱਚ ਜੂਝ ਰਹੇ ਨਾਮੀ ਲੀਡਰਾਂ ਨੇ ਵਾਰ-ਵਾਰ ਸਿੱਖ ਪੰਥ ਨੂੰ ਵਧਾਈ ਦਿੱਤੀ। ਮੰਨਿਆ ਕਿ ਸਿੱਖ ਪੰਥ ਜਿਹੀ ਫ਼ੌਜ ਤੇ ਉਸਦੇ ਇਤਿਹਾਸ ਨਾਲ ਜੁੜੀਆਂ ਕੁਰਬਾਨੀਆਂ ਭਾਰਤ ਦੀ ਅਜ਼ਾਦੀ ਦੀ ਜੰਗ ਜ਼ਰੂਰ ਜਿੱਤ ਕੇ ਦੇਵੇਗੀ। ਸਮੇਂ ਨਾਲ ਸ਼੍ਰੋਮਣੀ ਕਮੇਟੀ ਆਪਣੇ ਰਾਹ ਤੋਂ ਬਿਖੜ ਗਈ ਹੈ ਤੇ ਇਸ ਵਿੱਚ ਵੀ ਉਹ ਸਾਰੀਆਂ ਕੁਰੀਤੀਆਂ ਤੇ ਜ਼ਿਆਦਤੀਆਂ ਆ ਗਈਆਂ ਹਨ ਜੋ ਅੰਗਰੇਜ਼ੀ ਹਕੂਮਤ ਦੇ ਪ੍ਰਬੰਧ ਵੇਲੇ ਸਨ।

# ਬਿਹਾਰ ਦੇ ਪਿੰਡਾਂ ਵਿਚ ਪਛੜਿਆਂ ਨੇ ਜਾਤੀਵਾਦ ਤੋਂ ਮੁਕਤੀ ਲਈ ਸਿੱਖ ਪੰਥ ਅਪਣਾਇਆ

## ✪ ਅਰਰੀਆ ਜ਼ਿਲੇ ਦੀ ਹਲਹਲੀਆ ਮੁਸਾਹਰ ਜਾਤੀ ਸਮੇਤ, ਪਛੜੀਆਂ ਸ਼੍ਰੇਣੀਆਂ ਦੇ ਬਹੁਤ ਸਾਰੇ ਮਜ਼ਦੂਰਾਂ ਨੇ ਸਿੱਖੀ ਅਪਣਾਈ ✪ ਪੰਜਾਬ ਵਿਚ ਆ ਕੇ ਪ੍ਰਵਾਸੀ ਮਜ਼ਦੂਰ ਗੁਰਦੁਆਰੇ ਤੇ ਲੰਗਰ ਤੋਂ ਹੋ ਰਹੇ ਨੇ ਪ੍ਰਭਾਵਿਤ

**- ਪ੍ਰੋ. ਬਲਵਿੰਦਰਪਾਲ ਸਿੰਘ**

ਜੇ ਸਿੱਖ ਜਾਤੀਵਾਦ ਤੋੜਨ ਵੱਲ ਵਧੇ ਹੁੰਦੇ ਤੇ ਬਰਾਬਰੀ ਦਾ ਸਾਂਝੀਵਾਲਤਾ ਵਾਲਾ ਸਮਾਜ ਸਿਰਜਣ ਵਲ ਵਧੇ ਹੁੰਦੇ ਤਾਂ ਦਿਲੀ ਤਖ਼ਤ ਉੱਪਰ ਰਾਜ ਕਰ ਰਹੇ ਹੁੰਦੇ। ਕਾਰਣ ਕਿ ਸਿੱਖ ਪੰਥ ਨੂੰ ਰਾਜ ਕਰਨ ਤੇ ਸਿਆਸਤ ਕਰਨ ਦੀ ਗੁੜਤੀ ਦਸਾਂ ਪਾਤਸ਼ਾਹੀਆਂ ਤੋਂ ਮਿਲੀ ਹੈ। ਪਰ ਜਿਹੜਾ ਸਾਂਝੀਵਾਲਤਾ ਦਾ ਸਮਾਜ ਸਿਰਜਣਾ ਸੀ ਜੋ ਸਿੱਖ ਸਤਾ ਦਾ ਆਧਾਰ ਬਣਨਾ ਸੀ ਉਹ ਸੰਕਲਪ ਸਿੱਖ ਪੰਥ ਨੇ ਆਪਣੀ ਰੂਹ ਵਿਚੋਂ ਖ਼ਾਰਜ ਕੀਤਾ ਹੈ। ਗ਼ਰੀਬ ਲੋਕ ਗੁਰੂ ਸਾਹਿਬਾਨਾਂ ਦੇ ਇਨਕਲਾਬ, ਖ਼ਾਲਸਾ ਰਾਜ ਦੀ ਸਿਰਜਣਾ ਦਾ ਆਧਾਰ ਬਣੇ ਹਨ। ਪਰ ਸਿੱਖ ਪੰਥ ਨੇ ਅੱਜ ਇਹਨਾਂ ਨੂੰ ਆਪਣੇ ਨਾਲੋਂ ਵਿਛੋੜ ਕੇ ਆਪਣੀ ਸ਼ਕਤੀ ਸਮਰੱਥਾ ਖ਼ਤਮ ਕਰ ਲਈ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਬਾਅਦ ਸਿੱਖਾਂ ਦੀ ਗਿਣਤੀ ਵੱਡੀ ਪੱਧਰ ਉੱਪਰ ਘਟੀ ਹੈ। ਸਿੱਖੀ ਦਾ ਵਿਕਾਸ ਵੰਚਿਤ ਭਾਈਚਾਰੇ ਵਿਚੋਂ ਹੋਣਾ ਸੀ ਪਰ ਕਿਸੇ ਵੀ ਸਿੱਖ ਸੰਸਥਾ, ਸ਼੍ਰੋਮਣੀ ਕਮੇਟੀ ਨੇ ਇੱਧਰ ਨਹੀਂ ਸੋਚਿਆ। ਯਤਨ ਕਰਨਾ ਤਾਂ ਦੂਰ ਦੀ ਗਲ ਸੀ। ਨਾ ਪ੍ਰਚਾਰ ਕੀਤਾ ਹੈ ਨਾ ਹੀ ਇਹਨਾਂ ਦੀਆਂ ਸਮੱਸਿਆਵਾਂ ਵਲ ਧਿਆਨ ਦਿੱਤਾ। ਪਰ ਫਿਰ ਵੀ ਇਹ ਦੱਬਿਆ ਕੁਚਲਿਆ ਮਜ਼ਦੂਰ ਭਾਈਚਾਰਾ ਸਿੱਖੀ ਧਾਰਨ ਕਰਨ ਵਲ ਵਧ ਰਿਹਾ ਹੈ। ਬਿਹਾਰ ਤੋਂ ਪੰਜਾਬ ਮਜ਼ਦੂਰੀ ਕਰਨ ਆਏ ਸਿੱਖ ਧਰਮ , ਸਿੱਖ ਸਭਿਆਚਾਰ , ਲੰਗਰ , ਗੁਰਦੁਆਰਾ ਸੰਗਤ ਤੋਂ ਬਹੁਤ ਪ੍ਰਭਾਵਿਤ ਹੋ ਰਹੇ ਹਨ। ਜੇ ਪੰਜਾਬ ਦੇ ਸਿੱਖ ਦਲਿਤ ਪ੍ਰਵਾਸੀ ਮਜ਼ਦੂਰਾਂ ਨੂੰ ਸਿੱਖੀ ਵਲ ਪ੍ਰੇਰਨ, ਇਹਨਾਂ ਦੇ ਸਾਥੀ ਬਣਨ, ਸਿੱਖੀ ਵੱਡੇ ਪੱਧਰ ਉੱਪਰ ਲਹਿਰ ਦਾ ਰੂਪ ਧਾਰਨ ਕਰ ਸਕਦੀ ਹੈ।

ਅਰਰੀਆ ਜ਼ਿਲੇ ਦੀ ਹਲਹਲੀਆ ਪੰਚਾਇਤ ਵਿੱਚ ਮੁਸਾਹਰ ਜਾਤੀ ਸਮੇਤ ਪਛੜੀਆਂ ਸ਼੍ਰੇਣੀਆਂ ਦੇ ਬਹੁਤ ਸਾਰੇ ਮਜ਼ਦੂਰ, ਜੋ ਆਪਣੀ ਰੋਜ਼ੀ ਰੋਟੀ ਕਮਾਉਣ ਲਈ ਪੰਜਾਬ ਆਏ ਸਨ ਨੇ ਸਿੱਖ ਧਰਮ ਅਪਣਾ ਲਿਆ ਹੈ। ਇਹ ਗ਼ਰੀਬ ਲੋਕ ਇਸ ਗੱਲ ਤੋਂ ਬਹੁਤ ਪ੍ਰਭਾਵਿਤ ਹੋਏ ਕਿ ਇਸ ਧਰਮ ਵਿੱਚ ਉੱਚੇ ਜਾਂ ਨੀਵੇਂ ਵਿਤਕਰੇ ਵਾਲੀ ਕੋਈ ਗਲ ਨਹੀਂ ਹੈ। ਇਹ ਲੋਕ ਆਪਣੇ ਕਬੀਲੇ ਦਾ ਨਾਮ 'ਰਿਸ਼ੀਦੇਵ' ਜੋੜਦੇ ਹਨ, ਪਰ ਸਮੇਂ ਦੇ ਨਾਲ , ਉਨਾਂ ਨੇ ਨਾ ਸਿਰਫ਼ ਆਪਣਾ ਨਾਮ ਬਦਲਿਆ, ਤਮਾਕੂ , ਨਸ਼ੇ ਤਿਆਗ ਕੇ ਪੰਜਾਬੀ ਪਹਿਰਾਵਾ ਅਪਣਾ ਲਿਆ। ਹੁਣ ਉਨਾਂ ਨੇ ਸਿਰ 'ਤੇ ਪੱਗ ਸਜਾ ਲਈ ਹੈ ਅਤੇ ਪੰਜਾਬ ਵਿਚ ਜਾਤੀ ਵਿਤਕਰੇ ਘਟ ਹੋਣ ਕਾਰਣ ਪੰਜਾਬ ਇਨਾਂ ਨੂੰ ਸਵਰਗ ਵਰਗਾ ਜਾਪਦਾ ਹੈ। ਸਾਲ 1985 ਵਿੱਚ, ਉਸ ਸਮੇਂ ਉਹ ਰੋਜ਼ੀ ਰੋਟੀ ਲਈ, ਕਮਾਈ ਕਰਨ ਲਈ, ਪੰਜਾਬ ਜਾਂਦੇ ਸਨ। ਉੱਥੇ ਉਹਨਾਂ ਨੇ ਸਿੱਖ ਧਰਮ ਨੂੰ ਸਮਝਿਆ ਅਤੇ ਜਾਣਿਆ। ਇੱਥੇ ਇਹਨਾਂ ਨਾਲ ਕੋਈ ਵਿਤਕਰਾ ਨਹੀਂ ਹੋਇਆ ਸੀ। ਉਹ ਆਪ ਦੱਸਦੇ ਹਨ ਕਿ ਜੇ ਅਸੀਂ ਉੱਥੇ ਗੁਰਦੁਆਰੇ ਜਾਂਦੇ ਤਾਂ ਸਾਡੇ ਨਾਲ ਬਰਾਬਰੀ ਦਾ ਸਲੂਕ ਹੁੰਦਾ। ਇੱਥੇ ਹਲਹਲੀਆ ਵਿਖੇ ਸਾਨੂੰ ਬਹੁਤ ਜਾਤੀ ਵਿਤਕਰੇ ਦਾ ਸਾਹਮਣਾ ਕਰਨਾ ਪਿਆ। ਇਸ ਜਾਤੀ ਵਿਤਕਰੇ ਤੇ ਗ਼ੁਲਾਮੀ ਤੋਂ ਮੁਕਤ ਹੋਣ ਲਈ ਅਸੀਂ ਸਿੱਖ ਧਰਮ ਨੂੰ ਅਪਣਾਇਆ ਹੈ। ਹਲਹਲੀਆ ਦੇ ਗੁਰਦੁਆਰਾ ਸ੍ਰੀ ਅਕਾਲ ਸਰ ਸਾਹਿਬ ਦੇ ਪ੍ਰਧਾਨ ਕਿਸ਼ਨ ਸਿੰਘ ਰਿਸ਼ੀਦੇਵ ਕਹਿੰਦੇ ਹਨ ਕਿ ਅਸੀਂ ਖ਼ੁਦ ਹਿੰਦੂ ਧਰਮ ਵਿਚ ਸਾਂ, ਪਰ ਉੱਚ ਜਾਤੀ ਦੇ ਲੋਕ ਜਾਤੀਵਾਦੀ ਹੋਣ ਕਰਕੇ ਸਾਡੇ ਨਾਲ ਵਿਤਕਰਾ ਕਰਦੇ ਸਨ। ਹਿੰਦੂ ਧਰਮ ਵਿਚ ਵੇਦ ਸਹੀ ਹਨ। ਪਰ ਇਸ ਵਿਚ ਜੋ ਗਿਆਨ ਹੈ , ਉਹ ਸਾਨੂੰ ਮੁਸ਼ਰ ਜਾਤੀ ਵਿਚੋਂ ਹੋਣ ਕਰਕੇ ਪੜਨ ਸਮਝਣ ਨਹੀਂ ਦਿੱਤਾ ਜਾਂਦਾ। ਕਿਸ਼ਨ ਸਿੰਘ ਰਿਸ਼ੀਦੇਵ ਆਪਣੇ ਮਾਮਾ ਸੰਜੇ ਸਿੰਘ ਰਿਸ਼ੀਦੇਵ ਨਾਲ ਕੰਮ ਲਈ ਪੰਜਾਬ ਆਏ ਸਨ ਅਤੇ ਉੱਥੇ 'ਅੰਮ੍ਰਿਤਪਾਨ' ਕਰਕੇ ਸਿੱਖ ਬਣ ਗਏ। ਉਹ ਕਹਿੰਦੇ ਹਨ, 'ਅਸੀਂ ਹਿੰਦੂ ਹੋ ਕੇ ਵੀ ਹਿੰਦੂ ਨਹੀਂ ਹਾਂ। ਸਾਨੂੰ ਉੱਚ ਜਾਤਾਂ ਬਰਾਬਰ ਦਰਜਾ ਕੀ ਮਿਲਣਾ , ਸਾਨੂੰ ਗ਼ੁਲਾਮ ਸਮਝਿਆ ਜਾਂਦਾ ਹੈ। ਸਿੱਖਿਆ ਪ੍ਰਾਪਤ ਕਰਨ ਦੇ ਬਰਾਬਰੀ ਦੇ ਅਧਿਕਾਰ ਨਹੀਂ। 15 ਪ੍ਰਤੀਸ਼ਤ ਲੋਕ, 85 ਪ੍ਰਤੀਸ਼ਤ ਦਾ ਸ਼ੋਸ਼ਣ ਕਰਦੇ ਹਨ, ਪਰ ਸਿੱਖ ਧਰਮ ਵਿੱਚ ਅਜਿਹਾ ਨਹੀਂ ਹੈ। ਸਾਰੇ ਬਿਨਾਂ ਕਿਸੇ ਭੇਦਭਾਵ ਦੇ ਗੁਰਦੁਆਰਾ ਇਕੱਠੇ ਬੈਠਦੇ ਹਨ। ਜਦੋਂ ਅਸੀਂ ਅੰਮ੍ਰਿਤਪਾਨ ਕਰਦੇ ਸੀ, ਪੰਜ ਪਿਆਰਿਆਂ ਨੇ ਸਾਰਿਆਂ ਨੂੰ ਇੱਕੋ ਬਾਟੇ ਵਿਚ ਪਹੁਲ਼ ਦਿੱਤੀ। 'ਸੰਜੇ ਸਥਾਨਕ ਗੁਰਦੁਆਰਾ ਦੇ ਸਕੱਤਰ ਰਹਿ ਚੁੱਕੇ ਹਨ ਅਤੇ ਇਸ ਵੇਲੇ ਸੱਤ ਮੈਂਬਰੀ ਕਮੇਟੀ ਦੇ ਮੈਂਬਰ ਹਨ। ਉਹ ਅੱਗੇ ਕਹਿੰਦਾ ਹੈ ਕਿ ਸਿੱਖ ਧਰਮ ਨੂੰ ਸਭ ਤੋਂ ਪਹਿਲਾਂ ਹਲਾਲੀਆ ਵਿਚ ਨਾਰਾਇਣ ਸਿੰਘ ਰਿਸ਼ੀਦੇਵ ਨੇ ਅਪਣਾਇਆ ਸੀ। 1984 ਵਿਚ ਜਦੋਂ ਦਰਬਾਰ ਸਾਹਿਬ ਉੱਪਰ ਫ਼ੌਜੀ ਹਮਲਾ ਹੋਇਆ ਤਾਂ ਉਸ ਤੋਂ ਬਾਅਦ ਅਸੀਂ ਪੰਜਾਬ (ਲੁਧਿਆਣਾ) ਵਿਚ ਕੰਮ ਕਰਨ ਆ ਗਏ। ਇਸ ਤੋਂ ਬਾਅਦ ਅਸੀਂ 10 ਸਾਲ ਉੱਥੇ ਰਹੇ। ਜਿਸ ਪਰਿਵਾਰ ਵਿਚ ਅਸੀਂ ਨੌਕਰ ਸਾਂ ਉਸੇ ਸਿੱਖ ਪਰਿਵਾਰ ਨੇ ਸਾਡੀ ਪੜਾਈ ਸ਼ੁਰੂ ਕਰਵਾਈ। ਇੱਥੇ ਹਲਹਲੀਆ ਵਿਖੇ ਸਾਨੂੰ ਬਹੁਤ ਵਿਤਕਰੇ ਤੇ ਜਾਤੀਵਾਦ ਦਾ ਸਾਹਮਣਾ ਕਰਨਾ ਪਿਆ। ਇਸ ਨਰਕ ਭਰੀ ਜ਼ਿੰਦਗੀ ਨੂੰ ਵੇਖਦਿਆਂ ਅਸੀਂ ਸਿੱਖ ਧਰਮ ਅਪਣਾ ਲਿਆ। 'ਹਲਾਲੀਆ ਦੇ ਗੁਰਦੁਆਰਾ ਸ਼੍ਰੀ ਅਕਾਲ ਸਰ ਸਾਹਿਬ ਦੇ ਮੁਖੀ ਕਿਸ਼ਨ ਸਿੰਘ ਨੇ ਸਾਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲਗਾਇਆ। ਉਸ ਤੋਂ ਤਿੰਨ



ਸਾਲ ਬਾਅਦ ਮੈਂ ਗੁਰਦੁਆਰੇ ਵਿਚ ਸੇਵਾ ਕੀਤੀ ਅਤੇ ਫਿਰ ਸਿੱਖ ਧਰਮ ਅਪਣਾ ਲਿਆ। 2011 ਵਿਚ ਉਸ ਨੂੰ ਹਲਹਲਾਲੀਆ ਦੇ ਲੋਕਾਂ ਦਾ ਮੁਖੀ ਵੀ ਚੁਣਿਆ ਗਿਆ। ਜਦੋਂ ਨਾਰਾਇਣ ਸਿੰਘ ਨੇ ਰਿਸ਼ੀਦੇਵ ਨੂੰ ਪੁੱਛਿਆ ਕਿ ਕੀ ਸਿੱਖ ਧਰਮ ਅਪਣਾਉਣ ਲਈ ਕੋਈ ਸ਼ਰਤ ਰੱਖੀ ਜਾਂਦੀ ਹੈ? ਉਸ ਨੇ ਉੱਤਰ ਦਿੱਤਾ, 'ਜਦੋਂ ਅੰਮ੍ਰਿਤ ਛਕਾਇਆ ਜਾਂਦਾ ਹੈ, ਤਾਂ ਹਰ ਕਿਸੇ ਨੂੰ ਦੱਸਿਆ ਜਾਂਦਾ ਹੈ ਕਿ ਅੱਜ ਤੋਂ ਬਾਅਦ ਤੁਹਾਡੇ ਪਿਛਲੇ ਸੰਸਕਾਰ ਜਾਤ, ਗੋਤ ਸਭ ਖ਼ਤਮ ਹੋ ਗਏ। ਜਾਤੀਵਾਦ ਤੋਂ ਮੁਕਤ ਹੋ ਕੇ ਖ਼ਾਲਸਾ ਸਜ ਗਏ। ਤੁਸੀਂ ਅਨੰਦਪੁਰ ਵਾਸੀ ਹੋ ਤੇ ਤੁਹਾਡਾ ਧਰਮ ਪਿਤਾ ਗੁਰੂ ਗੋਬਿੰਦ ਸਿੰਘ ਹਨ ਤੇ ਮਾਤਾ ਸਾਹਿਬ ਕੌਰ। ਨਾਰਾਇਣ ਅੱਗੇ ਕਹਿੰਦਾ ਹੈ, 'ਜਦੋਂ ਮੈਂ 12 ਸਾਲਾਂ ਦਾ ਸੀ, ਤਾਂ ਮੁਸਹਰ ਦੇ ਬੱਚਿਆਂ ਨੂੰ ਪਿੰਡ ਵਿਚ ਜਨਮ ਅਸ਼ਟਮੀ ਦੇ ਦਿਨ ਮੂਰਤੀ ਦੇ ਕੋਲ ਬੈਠਣ ਦੀ ਆਗਿਆ ਨਹੀਂ ਸੀ। ਇਸ ਘਟਨਾ ਨੇ, ਵਰਤਾਰੇ ਨੇ ਮੈਨੂੰ ਹੈਰਾਨ ਕਰ ਦਿੱਤਾ ਪਰ ਗੁਰਦੁਆਰਾ ਸਾਹਿਬ ਵਿਖੇ ਇਹ ਵੇਖਿਆ ਗਿਆ ਕਿ



ਸਾਰੇ ਬਰਾਬਰ ਬੈਠੇ ਲੰਗਰ ਛਕਦੇ ਹਨ ਤੇ ਗੁਰਦੁਆਰੇ ਵਿਚ ਕੀਰਤਨ, ਕਥਾ ਸੁਣਦੇ ਹਨ। ਨਰਾਇਣ ਸਿੰਘ ਦਾ ਕਹਿਣਾ ਹੈ ਕਿ ਜਦੋਂ ਉਹ 10 ਸਾਲਾਂ ਬਾਅਦ ਪਿੰਡ ਵਾਪਸ ਆਇਆ ਤਾਂ ਵੱਡੇ ਭਰਾ ਵਰਿੰਦਰ ਸਿੰਘ ਰਿਸ਼ੀਦੇਵ ਨੇ ਮੇਰੇ ਸਿੱਖ ਸੱਜਨ ਦਾ ਵਿਰੋਧ ਕੀਤਾ। ਪਰ ਨਾਰਾਇਣ ਸਿੰਘ ਨੇ ਪਰਵਾਹ ਨਹੀਂ ਕੀਤੀ। ਦਾਦੀ ਦੀ ਮੌਤ ਤੋਂ ਬਾਅਦ ਵੀ ਉਸ ਨੇ ਹਿੰਦੂ ਸੰਸਕਾਰਾਂ ਮੁਤਾਬਕ ਕੇਸ ਨਹੀਂ ਕਟਵਾਏ। ਨਾਰਾਇਣ ਸਿੰਘ ਦਾ ਕਹਿਣਾ ਹੈ ਕਿ ਉਸ ਘਟਨਾ ਤੋਂ ਤਿੰਨ ਮਹੀਨੇ ਬਾਅਦ ਉਸਦਾ ਵੱਡਾ ਭਰਾ ਵੀ ਅੰਮ੍ਰਿਤਸਰ ਚਲਾ ਗਿਆ ਅਤੇ 'ਅੰਮ੍ਰਿਤਪਾਨ' ਕੀਤਾ। ਹੁਣ ਤੱਕ ਹਲਾਲੀਆ ਦੇ 3,500 ਪਰਿਵਾਰਾਂ ਵਿਚੋਂ 1000 ਪਰਿਵਾਰ ਸਿੱਖ ਧਰਮ ਅਪਣਾ ਚੁੱਕੇ ਹਨ। ਨਾਰਾਇਣ ਸਿੰਘ ਦਾ ਕਹਿਣਾ ਹੈ ਕਿ ਸਿਰਫ਼ ਹਲਹੀਆ ਹੀ ਨਹੀਂ ਬਲਕਿ ਆਸ ਪਾਸ ਦੇ ਕਈ ਇਲਾਕਿਆਂ ਵਿਚ ਮੁਸਾਹਰ ਦੇ ਨਾਲ ਹੋਰ ਜਾਤੀਆਂ ਦੇ ਲੋਕਾਂ ਨੇ ਵੀ ਸਿੱਖ ਧਰਮ ਅਪਣਾਇਆ ਹੈ।ਇਨਾਂ ਵਿੱਚ ਮਧੇਪੁਰਾ, ਪੂਰਨੀਆ, ਕਤੀਹਰ ਦੇ ਬਹੁਤ ਸਾਰੇ ਪਿੰਡ ਸ਼ਾਮਲ ਹਨ। ਮਧੇਪੁਰਾ ਦੇ ਗੰਗਾਪੁਰ ਦਾ ਵਸਨੀਕ ਅਸ਼ੋਕ ਮੰਡਲ ਸਿੰਘ ਸਾਲ 1998 ਵਿਚ ਰੋਜ਼ੀ ਰੋਟੀ ਦੀ ਭਾਲ ਵਿਚ ਚੰਡੀਗੜ ਗਿਆ ਸੀ। ਮੱਲਾ ਜਾਤੀ ਵਿਚੋਂ ਸੀ। ਅਸ਼ੋਕ ਉੱਥੇ ਹਾਰਮੋਨੀਅਮ ਬਣਾਉਂਦਾ ਸੀ। ਉਹ ਹਰ ਐਤਵਾਰ ਆਪਣੇ ਇਕ ਆੜੀ ਸਰਦਾਰ ਜੀ ਨਾਲ ਗੁਰਦੁਆਰੇ ਜਾਂਦਾ ਸੀ ਜੋ ਇੱਥੇ ਚੰਡੀਗੜ ਵਿਚ ਰਹਿੰਦਾ ਸੀ ਅਤੇ ਸਾਲ 2002 ਵਿਚ ਅਸ਼ੋਕ ਨੇ ਸਿੱਖ ਸਭਿਆਚਾਰ ਤੋਂ ਪ੍ਰਭਾਵਿਤ ਹੋਕੇ 'ਅੰਮ੍ਰਿਤਪਾਨ' ਕੀਤਾ ਸੀ। ਅਸ਼ੋਕ ਮੰਡਲ ਸਿੰਘ ਕਹਿੰਦਾ ਹੈ, 'ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਵੇਲੇ ਮੈਂ ਗੁਰੂ ਘਰ ਵਿਚ ਪ੍ਰਵਚਨ ਸੁਣ ਕੇ ਪ੍ਰਭਾਵਿਤ ਹੋਇਆ ਸੀ ਅਤੇ ਮੈਨੂੰ ਇੱਥੇ ਆਪਣਾ ਗੁਰੂ ਮਹਿਸੂਸ ਹੋਇਆ ਜਿਸ ਨੇ ਸਾਡੀ ਮੁਕਤੀ ਦੀ ਗਲ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਤੋਂ ਮਹਾਨ ਹੋਰ ਕੋਈ ਨਹੀਂ ਹੋ ਸਕਦਾ। ਸਿੱਖ ਧਰਮ ਤੋਂ ਵਿਸ਼ਾਲ ਹੋਰ ਕੋਈ ਧਰਮ ਨਹੀਂ ਹੋ ਸਕਦਾ। ਉਹ ਕਹਿੰਦਾ ਹੈ, 'ਮੈਂ ਆਪਣੇ ਪਰਿਵਾਰ ਵਿੱਚ ਇਕੱਲਾ ਸਿੱਖ ਹਾਂ। ਮੇਰੀ ਪਤਨੀ ਕਬੀਰ ਪੰਥ ਦੀ ਹੈ। ਬੇਟੇ ਨੇ ਵੀ ਅਜੇ ਤੱਕ ਸਿੱਖ ਧਰਮ ਨੂੰ ਨਹੀਂ ਅਪਣਾਇਆ। ਪਰ ਮੈਂ ਕਿਸੇ ਉੱਤੇ ਕੋਈ ਦਬਾਅ ਨਹੀਂ ਪਾਇਆ। ਸਿੱਖੀ ਤਾਂ ਪ੍ਰੇਮ ਦਾ ਮਾਰਗ ਹੈ ਜ਼ਬਰਦਸਤੀ ਦਾ ਰਾਹ ਨਹੀਂ। ਜਦ ਗੁਰੂ ਸਾਹਿਬ ਮਿਹਰ ਕਰਨਗੇ, ਤਦ ਉਹ ਵੀ ਇਸ ਨੂੰ ਅਪਣਾ ਲੈਣਗੇ। ਬਚਨ ਸਿੰਘ ਵਿਸ਼ਵਾਸ ਅਰਰੀਆ ਜ਼ਿਲੇ ਦੇ ਰਾਣੀਗੰਜ ਦੇ ਬਸੈਠੀ ਪਿੰਡ 'ਚ ਰਹਿੰਦਾ ਹੈ ਅਤੇ ਪੂਰਨੀਆ ਦੀ ਗੁਲਾਬਬਾਗ ਮੰਡੀ ਵਿਖੇ ਮਾਲ (ਮੱਕੀ ਸਮੇਤ) ਪਹੁੰਚਾਉਣ ਲਈ ਕੰਮ ਕਰਦਾ ਹੈ। ਉਸਨੇ ਸਿੱਖ ਧਰਮ ਨੂੰ ਗੁਰਦੁਆਰੇ ਵਿਚ ਹੀ ਅਰਦਾਸ ਕਰਕੇ ਸੰਗਤ ਦੀ ਹਾਜ਼ਰੀ ਵਿਚ ਅਪਣਾਇਆ ਸੀ। ਪਛੜੇ ਵਰਗ ਤੋਂ ਆਏ ਬਚਨ ਸਿੰਘ ਦਾ ਕਹਿਣਾ ਹੈ, ਇਸ ਧਰਮ ਵਿਚ ਸਾਥੀ ਤੇ ਭਾਈਚਾਰਕ ਭਾਵਨਾ ਹੈ। ਲੋਕਾਂ ਵਿਚ ਪਿਆਰ ਹੈ। ਸਭ ਕੁਝ ਚੰਗਾ ਹੈ, ਉਹ ਇਕੱਲਾ ਹੈ ਜਿਸ ਨੇ ਘਰ ਵਿੱਚੋਂ ਇਕੱਲੇ ਨੇ ਹੀ ਸਿੱਖ ਧਰਮ ਅਪਣਾਇਆ। ਹਾਲਾਂਕਿ ਬਿਹਾਰਗੰਜ ਦੇ 56 ਸਾਲਾ ਨਰੇਸ਼ ਸਿੰਘ ਭਗਤ ਨਾਲ ਅਜਿਹਾ ਨਹੀਂ ਹੋਇਆ। ਰਾਜਾ, ਜੋ ਇਸ ਸਮੇਂ ਰਾਜਸਥਾਨ ਦੇ ਹਨੂੰਮਾਨਗੜ ਵਿੱਚ ਕੰਮ ਕਰ ਰਿਹਾ ਹੈ, ਨੇ ਦੋ ਸਾਲ ਪਹਿਲਾਂ ਹਲਾਲੀਆ ਦੇ ਗੁਰਦੁਆਰੇ ਵਿੱਚ 'ਅੰਮ੍ਰਿਤਪਾਨ' ਕੀਤਾ ਸੀ। ਇਸ ਤੋਂ ਬਾਅਦ ਉਸ ਦੇ ਭਰਾਵਾਂ ਅਤੇ ਹੋਰ ਰਿਸ਼ਤੇਦਾਰਾਂ ਨੇ ਉਨਾਂ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਨਰੇਸ਼ ਸਿੰਘ ਭਗਤ ਨੇ ਕਿਹਾ, 'ਕਬੀਰ ਪੰਥ ਦੇ ਲੋਕ ਮੇਰਾ ਵਿਰੋਧ ਕਰਦੇ ਹਨ। ਉਹ ਸਾਰੇ ਕਹਿੰਦੇ ਹਨ ਕਿ ਕਬੀਰ ਇਕ ਹਿੰਦੂ ਹੈ , ਉਹ ਸਿੱਖ ਧਰਮ ਨੂੰ ਕਿਉਂ ਅਪਣਾ ਰਿਹਾ ਹੈ? ਜਦ ਕਿ ਮੈ ਉਹਨਾਂ ਨੂੰ ਸਮਝਾਇਆ ਕਬੀਰ ਸਾਹਿਬ ਮਹਾਰਾਜ ਗੁਰਮਤਿ ਲਹਿਰ ਦੇ ਰਹਿਬਰ ਸਨ। ਉਹਨਾਂ ਨੇ ਜਾਤੀਵਾਦ ਵਿਰੁੱਧ ਤੇ ਬਰਾਬਰੀ ਦਾ ਸਮਾਜ ਸਿਰਜਣ ਲਈ ਸੰਘਰਸ਼ ਕੀਤਾ ਸੀ ਪਰ ਅਨਪੜਤਾ ਤੇ ਹਿੰਦੂ ਧਰਮ ਦੇ ਪ੍ਰਭਾਵ ਕਾਰਣ ਉਹ ਮੰਨਣ ਨੂੰ ਤਿਆਰ ਨਹੀਂ। ਜੇ ਇੱਥੇ ਸਿੱਖੀ ਪ੍ਰਚਾਰ ਹੋਵੇ, ਇਹ ਸਭ ਸਿੱਖ ਬਣ ਸਕਦੇ ਹਨ। ਜਾਤੀਵਾਦ ਦੀ ਗ਼ੁਲਾਮੀ ਤਾਂ ਇਹ ਵੀ ਸਹਿ ਰਹੇ ਹਨ। ਨਰੇਸ਼ ਸਿੰਘ ਦੇ ਸਿੱਖ ਧਰਮ ਨੂੰ ਅਪਣਾਉਣ ਦੀ ਕਹਾਣੀ ਪੰਜਾਬ ਵਿਚ ਰੋਜ਼ੀ ਦੀ ਭਾਲ ਵਿਚ ਜਾਣ ਨਾਲ ਵੀ ਜੁੜੀ ਹੋਈ ਹੈ। ਉਸਨੇ ਦੱਸਿਆ ਕਿ 1983 ਵਿਚ ਉਹ ਘਰੋਂ ਕਮਾਉਣ ਲਈ ਫ਼ਿਰੋਜ਼ਪੁਰ, ਪੰਜਾਬ ਗਿਆ ਸੀ। ਸਮੇਂ ਦੇ ਬੀਤਣ ਨਾਲ, ਮੈਂ ਉੱਥੇ ਗੁਰਦੁਆਰੇ ਜਾਣ ਲੱਗ ਪਿਆ ਅਤੇ ਫਿਰ ਹੌਲੀ ਹੌਲੀ ਗੁਰਦੁਆਰੇ ਵਿਚ ਸੇਵਾ ਕਰਨ ਲਗ ਪਿਆ। ਹੁਣ ਉਹ ਸਿੱਖ ਆਖ਼ਰੀ ਸਾਹ ਤੱਕ ਰਹੇਗਾ। ਇਸ ਦੇ ਨਾਲ ਹੀ ਹਲਾਲੀਆ ਦੇ 60 ਸਾਲਾ ਜਰਮਨ ਰਿਸ਼ੀਦੇਵ ਨੂੰ ਇਸ ਗੱਲ 'ਤੇ ਕੋਈ ਇਤਰਾਜ਼ ਨਹੀਂ ਹੈ ਕਿ ਉਸ ਦੇ 36 ਸਾਲਾ ਬੇਟੇ ਪ੍ਰਕਾਸ਼ ਸਿੰਘ ਰਿਸ਼ੀਦੇਵ ਨੇ ਸਿੱਖ ਧਰਮ ਅਪਣਾ ਲਿਆ ਹੈ। ਪ੍ਰਕਾਸ਼ ਸਿੰਘ ਰਿਸ਼ੀਦੇਵ ਪੰਜਾਬ ਗਿਆ, ਉੱਥੇ ਸਿੱਖ ਧਰਮ ਦੇ ਗਿਆਨ ਤੋਂ ਪ੍ਰਭਾਵਿਤ ਹੋ ਕੇ ਸਿੱਖ ਧਰਮ ਨੂੰ ਅਪਣਾ ਲਿਆ। ਹੁਣ ਪਿੰਡ ਦੇ ਬੱਚੇ ਉਸ ਕੋਲ ਪੜ ਰਹੇ ਹਨ। ਗੁਰਬਾਣੀ ਦਾ ਅਧਿਐਨ ਤੇ ਵਿਚਾਰ , ਹੋਰ ਵਿੱਦਿਆ ਗੁਰਦੁਆਰਾ ਵਿੱਚ ਦਿੱਤੀ ਜਾਂਦੀ ਹੈ। ਬਹੁਤ ਸਾਰੇ ਪਛੜੇ ਸਮਾਜ ਦੇ ਲੋਕ ਪ੍ਰਕਾਸ਼ ਸਿੰਘ ਤੋਂ ਪ੍ਰਭਾਵਿਤ ਹਨ ਕਿ ਉਹ ਚੰਗਾ ਕੰਮ ਕਰ ਰਿਹਾ ਹੈ। ਸ਼ੁਰੂਆਤ ਵਿੱਚ, ਬਹੁਤ ਸਾਰੇ ਉੱਚ ਜਾਤਾਂ ਦੇ ਲੋਕਾਂ ਸੰਜੇ ਸਿੰਘ ਦੇ ਸਿੱਖ ਸਜਣ ਦਾ ਵਿਰੋਧ ਕੀਤਾ। ਪਰ ਹੌਲੀ ਹੌਲੀ ਸਭ ਕੁਝ ਆਮ ਹੋ ਗਿਆ। ਹੁਣ ਵਿਸ਼ੇਸ਼ ਸਮਾਗਮਾਂ 'ਤੇ (ਗੁਰਪੁਰਬਾਂ ਜਾਂ ਵਿਸਾਖੀ) ਉੱਪਰ ਲੰਗਰ ਲਗਾਇਆ ਜਾਂਦਾ ਹੈ , ਫਿਰ ਲੰਬੀਆਂ ਕਤਾਰਾਂ ਬਣ ਜਾਂਦੀਆਂ ਹਨ। ਸੰਜੇ ਸਿੰਘ ਕਹਿੰਦੇ ਹਨ, 'ਅਸੀਂ ਸਰਕਾਰੀ ਕਰਮਚਾਰੀਆਂ ਨੂੰ ਕਈ ਵਾਰ ਆਪਣੇ ਦਸਤਾਵੇਜ਼ਾਂ ਵਿਚ ਨਾਮ ਬਦਲਣ ਲਈ ਕਿਹਾ ਹੈ , ਪਰ ਹੁਣ ਤਕ ਸਿਰਫ਼ ਸਾਡਾ ਪੁਰਾਣਾ ਨਾਮ ਹੈ। ਕੁਝ ਲੋਕਾਂ ਨੇ ਆਪਣੇ ਨਾਮ ਬਦਲੇ ਹਨ। ਪਰ ਸਰਕਾਰੀ ਕਰਮਚਾਰੀ ਜਾਣ ਬੁਝ ਕੇ ਅਣਗਹਿਲੀ ਕਰ ਰਹੇ ਹਨ। ਜੇ ਸਾਡੀਆਂ ਪਛੜੀਆਂ ਬਸਤੀਆਂ ਵਿਚ ਸਿੱਖੀ ਦਾ ਪ੍ਰਚਾਰ ਹੋਵੇ, ਵਿੱਦਿਅਕ ਪ੍ਰਬੰਧ ਹੋਵੇ, ਛੋਟੀਆਂ ਡਿਸਪੈਂਸਰੀਆਂ ਖੋਲੀਆਂ ਜਾਣ ਤਾਂ ਬਹੁਤ ਸਾਰੇ ਗ਼ਰੀਬ ਲੋਕ ਸਿੱਖੀ ਅਪਣਾ ਸਕਦੇ ਹਨ।

# ਆਜ਼ਾਦੀ ਦਾ ਮੁੱਲ ਸਿਰਾਂ ਦੇ ਗੱਡੇ

ਕੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕੜੀ - 16**

**- ਕਰਮ ਸਿੰਘ ਜ਼ਖ਼ਮੀ**

'ਤਾਰਾ ਚੰਦ ਬੋਲਿਆ–'ਬਾਬਾ ਜੀ ਮੇਰੀ ਜੋਤਿਸ਼ ਵਿੱਦਿਆ ਦੱਸਦੀ ਹੈ ਕਿ ਤੁਹਾਡੇ ਰਾਜ ਦੇ ਜਿਹੜੇ ਇਲਾਕੇ ਖੋਹੇ ਗਏ ਹਨ, ਉਨਾਂ ਤੋਂ ਦੁੱਗਣੇ ਤੁਸੀਂ ਇਕ ਸਾਲ ਦੇ ਅੰਦਰ ਅੰਦਰ ਵਾਪਸ ਲੈ ਲਓਗੇ।'

'ਕਲਗ਼ੀਆਂ ਵਾਲੇ ਸਤਿਗੁਰਾਂ ਦੀ ਮੇਹਰ ਨਾਲ ਇਹ ਮੇਰਾ ਭੀ ਨਿਸ਼ਚਾ ਹੈ ਕਿ ਅਜੇਹਾ ਜ਼ਰੂਰ ਹੋ ਕੇ ਰਹੇਗਾ। ਜਦੋਂ ਕਲਗ਼ੀਆਂ ਵਾਲੇ ਦੇ ਬੀਰ ਸਪੁੱਤਰ ਹਥੇਲੀਆਂ ਤੇ ਸਿਰ ਰੱਖਕੇ ਲੜਨ ਵਾਲੇ ਸੂਰਬੀਰ ਯੋਧੇ ਮੇਰੇ ਨਾਲ ਹਨ ਤਾਂ ਅਸਾਡੀ ਫਤਹਿ ਦਾ ਰਸਤਾ ਕੌਣ ਰੋਕ ਸਕਦਾ ਹੈ।' ਬਾਬਾ ਬੰਦਾ ਸਿੰਘ ਜੀ ਬਹਾਦਰ ਭੀ ਆਪਣਾ ਨਿਸ਼ਚਾ ਪ੍ਰਗਟ ਕਰ ਰਹੇ ਸਨ।

'ਮੇਰੀ ਇਹ ਗੱਲ ਪੱਥਰ ਤੇ ਲੀਕ ਵਾਂਗ ਪੱਕੀ ਸਮਝੋ।' ਤਾਰਾ ਚੰਦ ਨੇ ਕਿਹਾ–ਬਾਦਸ਼ਾਹ ਬਹਾਦਰ ਸ਼ਾਹ ਇਸ ਸਮੇਂ ਲਾਹੌਰ ਵਿਚ ਹੈ, ਉੱਥੇ ਛੇਤੀ ਹੀ ਉਹ ਪਾਗਲ ਹੋ ਕੇ ਮਰ ਜਾਵੇਗਾ। ਦਿੱਲੀ ਦੇ ਤਖ਼ਤ ਲਈ ਸ਼ਾਹੀ ਘਰਾਣੇ ਵਿਚ ਲੜਾਈਆਂ ਹੋਣਗੀਆਂ। ਕਤਲ ਹੋਣਗੇ ਅਤੇ ਤੁਹਾਨੂੰ ਆਪਣੀਆਂ ਜਿੱਤਾਂ ਦੇ ਰਸਤੇ ਸਾਫ਼ ਕਰਨ ਦਾ ਮੌਕਾ ਮਿਲੇਗਾ।' ਤਾਰਾ ਚੰਦ ਨੇ ਆਖਿਆ ।

'ਹੱਛਾ, ਕੋਈ ਹੋਰ ਗੱਲ ਕਰੀਏ, ਇਹ ਤਾਂ ਜੋ ਗੁਰੂ ਨੂੰ ਮਨਜ਼ੂਰ ਹੋਇਆ ਹੋ ਈ ਜਾਣਾ ਹੈ।' ਬਾਬਾ ਜੀ ਨੇ ਆਖਿਆ।

'ਮਹਾਰਾਜ, ਹੁਣ ਮੇਰਾ ਜੀਵਨ ਖ਼ਤਮ ਹੋ ਰਿਹਾ ਹੈ ਅਤੇ ਮੇਰੀਆਂ ਦੋ ਹੀ ਆਖ਼ਰੀ ਖ਼ਾਹਿਸ਼ਾਂ ਹਨ ਜੋ ਤੁਹਾਡੇ ਪਾਸ ਪੂਰੀਆਂ ਕਰਨ ਲਈ ਬੇਨਤੀ ਕਰਦਾ ਹਾਂ, ਉਨਾਂ ਦੀ ਪੂਰਤੀ ਹੋਣੀ ਸੀ ਤਾਂ ਹੈ, ਵਾਹਿਗੁਰੂ ਅਕਾਲ ਪੁਰਖ ਨੇ ਦਰਸ਼ਨਾਂ ਦਾ ਸੁਭਾਗ ਬਖ਼ਸ਼ਿਆ ਹੈ।' ਤਾਰਾ ਚੰਦ ਨੇ ਆਖਿਆ।

'ਤੁਸਾਂ ਪੰਥ ਲਈ ਜੋ ਕੁਰਬਾਨੀ ਕੀਤੀ ਹੈ। ਉਸ ਨੇ ਅਸਾਡਾ ਭੀ ਇਹ ਫਰਜ਼ ਬਣਾ ਦਿੱਤਾ ਹੈ ਕਿ ਤੁਹਾਡੇ ਹਰ ਹੁਕਮ ਦੀ ਪਾਲਣਾ ਕਰੀਏ ਹੁਕਮ ਕਰੋ।' ਬਾਬਾ ਜੀ ਨੇ ਉਸਦਾ ਹੱਥ ਆਪਣੇ ਹੱਥ ਵਿਚ ਲੈਂਦੇ ਹੋਏ ਅਤੇ ਪ੍ਰੇਮ ਭਿੰਨੇ ਲਹਿਜ਼ੇ ਵਿਚ ਉਸਦੀ ਗਲ ਦਾ ਉਤਰ ਦਿੱਤਾ ਜ਼ਿੰਦਗੀ ਦੇ ਖ਼ਾਤਮੇ ਦੀ ਗਲ ਹਾਲੇ ਨਾ ਕਰੋ, ਗੁਰੂ ਪੰਥ ਨੇ ਹਾਲੇ ਤੁਹਾਥੋਂ ਬੜੀ ਸੇਵਾ ਲੈਣੀ ਹੈ।

'ਬਾਬਾ ਜੀ ਫ਼ਰਜ਼ਾਂ ਦੀ ਪੂਰਤੀ ਹੋਣੀ ਹੀ ਚਾਹੀਦੀ ਹੈ। ਇਕ ਤਾਂ ਤੁਸੀਂ ਕਿਰਪਾ ਕਰਕੇ ਤਾਰਾ ਅਤੇ ਕਰਤਾਰ ਸਿੰਘ ਦਾ ਅਨੰਦ ਕਾਰਜ ਕਰ ਦਿਓ ਤੇ ਦੂਜਾ ਮੇਰੇ ਪਾਸ ਕੁਝ ਧਨ ਹੈ, ਉਹ ਲੈ ਕੇ ਪੰਥ ਦੀਆਂ ਚੜਦੀਆਂ ਕਲਾਂ ਲਈ ਵਰਤੋ।' ਤਾਰਾ ਚੰਦ ਨੇ ਕਿਹਾ।

ਉਸ ਦੀ ਇਹ ਗਲ ਸੁਣ ਕੇ ਬਾਬਾ ਜੀ ਹੱਸ ਪਏ। ਉਨਾਂ ਕਿਹਾ, 'ਤਾਰਾ ਜਿਹੋ ਜਿਹੀ ਤੁਹਾਡੀ ਧੀ ਹੈ, ਉਹੋ ਜਿਹੀ ਮੇਰੀ ਹੈ। ਕਰਤਾਰ ਸਿੰਘ ਨਾਲ ਇਸਦਾ ਅਨੰਦ ਕਾਰਜ ਕਰਨ ਲਈ ਤਾਂ ਮੈਂ ਆਪ ਹੀ ਸੋਚ ਰੱਖਿਆ ਸੀ, ਅੱਜ ਇਹਨਾਂ ਨੂੰ ਸੱਦਿਆ ਹੀ ਇਸ ਲਈ ਸੀ। ਰਹੀ ਗਲ ਧਨ ਦੀ, ਖ਼ਾਲਸਾ ਪੰਥ ਪਾਸ ਇਸ ਦਾ ਘਾਟਾ ਨਹੀਂ ਹੈ, ਤੁਹਾਡੇ ਪਾਸ ਜਿਤਨਾ ਭੀ ਹੈ, ਉਹ ਤੁਸੀਂ ਆਪਣੇ ਪਾਸ ਹੀ ਰੱਖੋ, ਤੁਹਾਡੇ ਅਤੇ ਇਹਨਾਂ ਦੇ ਕੰਮ ਆਵੇਗਾ।' ਬਾਬਾ ਜੀ ਨੇ ਆਖਿਆ।

'ਧਨ ਤਾਂ ਬਾਬਾ ਜੀ ਮੈਂ ਬਹੁਤਾ ਲਿਆ ਹੀ ਨਹੀਂ ਸਕਿਆ। ਅਚਾਨਕ ਹੀ ਦਿੱਲੀ ਛੱਡਣੀ ਪਈ। ਰੁਪੈ, ਮੋਹਰਾਂ ਤੇ ਗਹਿਣੇ ਆਦਿ ਮਿਲਾ ਕੇ ਕੁਲ ਲੱਖ ਕੁ ਦਾ ਹੋਵੇਗਾ ਤੇ ਉਹ ਮੈਂ ਜ਼ਰੂਰ ਗੁਰੂ ਪੰਥ ਦੇ ਖ਼ਜ਼ਾਨੇ ਵਿਚ ਪਾ ਦੇਣਾ ਹੈ। ਮੈਂ ਤਾਂ ਹੁਣ ਜੀਵਨ ਦੀਆਂ ਸ਼ਾਮਾਂ ਇਹਨਾਂ ਪਾਸ ਹੀ ਗੁਜ਼ਾਰ ਦੇਣੀਆਂ ਹਨ।' ਤਾਰਾ ਚੰਦ ਨੇ ਰਾਜਾ ਭੂਪ ਪ੍ਰਕਾਸ਼ ਵਲ ਇਸ਼ਾਰਾ ਕਰਦੇ ਹੋਏ ਆਖਿਆ।

'ਤੁਸੀਂ ਤਾਂ ਸ੍ਰੀਮਾਨ ਜੀ ਇਹ ਰੁਪਿਆ ਤਾਰਾ ਦੇ ਵਿਆਹ ਤੇ ਖ਼ਰਚ ਕਰਨ ਲਈ ਕਹਿੰਦੇ ਸੀ।' ਰਾਜਾ ਭੂਪ ਪ੍ਰਕਾਸ਼ ਨੇ ਚੇਤਾ ਕਰਵਾਇਆ।

'ਮੈਂ ਤਾਰਾ ਤੇ ਕਰਤਾਰ ਸਿੰਘ ਭੀ ਤਾਂ ਗੁਰੂ ਪੰਥ ਨੂੰ ਸੌਂਪ ਦਿੱਤੇ ਹਨ, ਹੁਣ ਵਿਆਹ ਤੇ ਖ਼ਰਚ ਕਰਨ ਦੀ ਕੀ ਲੋੜ ਹੈ। ਇਹ ਤਾਂ ਬਾਬਾ ਜੀ ਜਾਣਨ ਅਤੇ ਇਹਨਾਂ ਦਾ ਕੰਮ।' ਤਾਰਾ ਚੰਦ ਨੇ ਉਤਰ ਦਿੱਤਾ।

'ਤਾਰਾ ਧੀਏ।' ਬਾਬਾ ਬੰਦਾ ਸਿੰਘ ਬਹਾਦਰ ਨੇ ਉਸਨੂੰ ਸੰਬੋਧਨ ਕੀਤਾ, ਉਹ ਉੱਠ ਕੇ ਉਨਾਂ ਦੇ ਸਾਹਮਣੇ ਖੜੀ ਹੋ ਗਈ। ਬਾਬਾ ਜੀ ਦੇ ਇਸ਼ਾਰੇ ਤੇ ਕਰਤਾਰ ਸਿੰਘ ਭੀ ਉਸਦੇ ਪਾਸ ਆ ਖੜਾ ਹੋ ਗਿਆ।




'ਤੁਹਾਡਾ ਅਨੰਦ ਕਾਰਜ ਕਰਵਾ ਦੇਈਏ, ਦੋਹਾਂ ਵਿਚੋਂ ਕਿਸੇ ਨੂੰ ਇਤਰਾਜ਼ ਤਾਂ ਨਹੀਂ ?' ਬਾਬਾ ਜੀ ਨੇ ਦੋਹਾਂ ਨੂੰ ਸੰਬੋਧਨ ਕਰਕੇ ਪੁੱਛਿਆ।

'ਦੋਹਾਂ ਨੇ ਹੀ ਹੱਥ ਜੋੜ ਕੇ ਸਿਰ ਨਿਵਾ ਦਿੱਤੇ। ਤਾਰਾ ਦਾ ਚਿਹਰਾ ਹਿਯਾ ਦੀ ਲਾਲੀ ਨਾਲ ਕੰਨਾਂ ਤਕ ਲਾਲ ਹੋ ਗਿਆ ਸੀ, ਉਹਦੀਆਂ ਅੱਖਾਂ ਧਰਤੀ ਵਿਚ ਗੱਡੀਆਂ ਜਾ ਰਹੀਆਂ ਸਨ, ਉਹ ਤੇਜ਼ੀ ਨਾਲ ਪਿੱਛੇ ਹਟ ਕੇ ਆਪਣੀ ਥਾਂ ਤੇ ਜਾ ਬੈਠੀ। ਸਾਰੇ ਖਿੜਖਿੜਾ ਕੇ ਹੱਸ ਪਏ। ਬਾਬਾ ਜੀ ਨੇ ਪਾਸ ਬੈਠੇ ਭਾਈ ਗੁਰਮੁਖ ਸਿੰਘ ਨੂੰ ਸੰਬੋਧਨ ਕਰਦੇ ਹੋਏ ਆਖਿਆ, 'ਤਾਰਾ ਧੀ ਨੂੰ ਅੰਮ੍ਰਿਤਪਾਨ ਕਰਾਓ, ਇਸਦੇ ਪਿੱਛੋਂ ਇਹਨਾਂ ਦਾ ਅਨੰਦ ਕਾਰਜ ਹੋਵੇਗਾ।'

'ਅੰਮ੍ਰਿਤ ਦੀ ਦਾਤ ਜੇਕਰ ਮੈਨੂੰ ਭੀ ਬਖ਼ਸ਼ ਦਿਓ ਤਾਂ ਕਿਰਪਾ ਹੋਵੇਗੀ। ਕੇਸਾਂ ਦੀ ਮੈਂ ਜੀਵਨ ਭਰ ਬੇਅਦਬੀ ਨਹੀਂ ਕੀਤੀ ਤੇ ਜਪੁਜੀ ਸਾਹਿਬ ਤੇ ਰਹਿਰਾਸ ਦਾ ਪਾਠ ਭੀ ਰੋਜ਼ ਹੀ ਕਰਦਾ ਹਾਂ।' ਤਾਰਾ ਚੰਦ ਨੇ ਕਿਹਾ। ਬਾਬਾ ਜੀ ਨੇ ਉਸ ਦੀ ਗਲ ਭੀ ਮੰਨ ਲਈ। 'ਬਾਬਾ ਜੀ ਅੰਮ੍ਰਿਤ ਪ੍ਰਚਾਰ ਹੋਵੇਗਾ। ਕੁਝ ਪਹਾੜੀਏ ਗੁਰਮੁਖ ਭੀ ਅੰਮ੍ਰਿਤ ਅਭਿਲਾਸ਼ੀ ਹਨ, ਉਨਾਂ ਨੂੰ ਭੀ ਛਕਾਉਣਾ ਹੈ।' ਭਾਈ ਗੁਰਮੁਖ ਸਿੰਘ ਨੇ ਦੱਸਿਆ !

'ਠੀਕ ਹੈ ਅਨੰਦ ਕਾਰਜ ਭੀ ਉਸੇ ਵੇਲੇ ਕਰਾ ਦਿਆਂਗੇ। ਤਾਰਾ ਤੇ ਕਰਤਾਰ ਸਿੰਘ ਏਥੇ ਹੀ ਰਹਿਣਗੇ।' ਬਾਬਾ ਜੀ ਨੇ ਫ਼ੈਸਲਾ ਦੇ ਦਿੱਤਾ।

'ਤਾਰਾ ਚੰਦ ਜੀ ਕੁਝ ਢਿੱਲੇ ਹਨ। ਇਹਨਾਂ ਨੂੰ ਹਾਲਾਂ ਅਰਾਮ ਦੀ ਲੋੜ ਹੈ। ਤਾਰਾ ਧੀ ਨੂੰ ਭੀ ਇਹਨਾਂ ਦੇ ਨਾਲ ਮਹੱਲ ਵਿਚ ਭੇਜ ਦਿਓ। ਸਵੇਰੇ ਸਵਖਤੇ ਹੀ ਪੁੱਜ ਜਾਣਗੇ।' ਰਾਜਾ ਭੂਪ ਚੰਦ ਨੇ ਕਿਹਾ।

'ਨਾਲੇ ਸਵੇਰ ਮੈਂ ਉਹ ਨਿਕ ਸੁੱਕ ਭੀ ਲੈ ਆਵਾਂਗਾ। 'ਤਾਰਾ ਚੰਦ ਨੇ ਕਿਹਾ ?' ਮੇਰੇ ਸਿਰ ਤੋਂ ਸਾਰੇ ਭਾਰ ਲਹਿ ਜਾਣਗੇ।'

ਅਤੇ ਇਸਦੇ ਪਿੱਛੋਂ ਬਾਬਾ ਜੀ ਤੋਂ ਛੁੱਟੀ ਲੈ ਕੇ ਰਾਜਾ ਭੂਪ ਪ੍ਰਕਾਸ਼ ਤਾਰਾ ਚੰਦ 'ਤੇ ਤਾਰਾ ਨਾਹਨ ਨੂੰ ਮੁੜ ਗਏ। ਕਰਤਾਰ ਸਿੰਘ ਨਹੀਂ ਗਿਆ ਤੇ ਆਪਣੇ ਪਿਤਾ ਤੋਂ ਆਗਿਆ ਲੈ ਕੇ ਰਾਜਕੁਮਾਰੀ ਰਾਜਵੰਤ ਭੀ ਉੱਥੇ ਹੀ ਰਹਿ ਗਈ। ਉਹ ਏਥੇ ਜੰਗਲ ਵਿਚ ਮੰਗਲ ਵੇਖਕੇ ਇਤਨੀ ਮੋਹੀ ਗਈ ਸੀ ।

14

ਕਰਤਾਰ ਸਿੰਘ ਤੇ ਰਾਜਕੁਮਾਰੀ ਰਾਜਵੰਤ ਉਨਾਂ ਨੂੰ ਤੋਰਨ ਲਈ ਕੋਈ ਦੋ ਕੁ ਕੋਹ ਤੱਕ ਗਏ। ਇਸ ਤਣਾਅ ਵਿਚ ਰਾਜਾ ਭੂਪ ਪ੍ਰਕਾਸ਼ ਤੇ ਤਾਰਾ ਚੰਦ ਗੱਲਾਂ ਕਰਦੇ ਰਹੇ ਤੇ ਉਹ ਸੁਣਦੇ ਗਏ। ਤਾਰਾ ਇਸ ਸਮੇਂ ਆਪਣੇ ਵਿਚ ਹੀ ਗਵਾਚੀ ਹੋਈ ਸੋਚਾਂ ਦੇ ਚੱਕਰ ਵਿਚ ਪਈ ਹੋਈ ਸੀ। ਉਸਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਉਸਦੇ ਵਿਆਹ ਦਾ ਫ਼ੈਸਲਾ ਇਤਨੀ ਛੇਤੀ ਤੇ ਇਸ ਨਾਟਕੀ ਢੰਗ ਨਾਲ ਹੋ ਜਾਵੇਗਾ, ਪਿਛਲੇ ਕੁਝ ਦਿਨਾਂ ਤੋਂ ਉਹ ਜਿਹੜਾ ਖ਼ੂਨ ਖ਼ਰਾਬਾ ਵੇਖਦੀ ਆਈ ਸੀ ਕਿ ਉਸਨੇ ਇਸ ਦੁਨੀਆ ਵੱਲੋਂ ਉਸਦਾ ਮਨ ਹੀ ਉਪਰਾਮ ਕਰ ਦਿੱਤਾ ਸੀ। ਉਹਨੂੰ ਆਪਣੀ ਹੋਂਦ ਹੀ ਖ਼ਤਰੇ ਵਿਚ ਜਾਪਦੀ ਸੀ ਤੇ ਇਉਂ ਜਾਪਦਾ ਸੀ ਕਿ ਕਿਸੇ ਵੇਲੇ ਕੋਈ ਵੀ ਉਸਦੀ ਜੀਵਨ ਲੀਲਾ ਖ਼ਤਮ ਕਰ ਸਕਦਾ ਹੈ। ਕਰਤਾਰ ਸਿੰਘ ਉਸਨੂੰ ਜਾਨ ਨਾਲੋਂ ਭੀ ਪਿਆਰਾ ਸੀ, ਪਰੰਤੂ ਹੁਣ ਜਦੋਂ ਉਹ ਸਮਾਜ ਦੀਆਂ ਨਿਗਾਹਾਂ ਵਿਚ ਹਮੇਸ਼ਾ ਲਈ ਉਸਦਾ ਆਪਣਾ ਹੋ ਰਿਹਾ ਸੀ ਤਾਂ ਉਹਦੇ ਲਈ ਇਹ ਸਮਝਣਾ ਔਖਾ ਹੋ ਰਿਹਾ ਸੀ ਕਿ ਇਹ ਚੰਗਾ ਹੋ ਰਿਹਾ ਹੈ, ਕਿ ਮਾੜਾ। ਇਨਸਾਨ ਕਿਸੇ ਚੀਜ਼ ਨੂੰ ਦੂਰੋਂ ਵੇਖ ਕੇ ਪਿਆਰਾ ਲਗਦਾ ਹੈ, ਉਸ ਵਲ ਦੌੜਦਾ ਹੈ ਤੇ ਉਸਨੂੰ ਪ੍ਰਾਪਤ ਕਰਕੇ ਦਮ ਲੈਂਦਾ ਹੈ, ਪਰੰਤੂ ਉਸਦੇ ਪਿੱਛੋਂ ਉਸ ਵਿਚ ਉਹ ਪਹਿਲਾਂ ਜਿਹੀ ਦਿਲਚਸਪੀ ਨਹੀਂ ਰਹਿ ਜਾਂਦੀ ਤਾਰਾਂ ਭੀ ਇਸ ਸਮੇਂ ਕੁਝ ਇਸ ਤਰਾਂ ਹੀ ਸੋਚ ਰਹੀ ਸੀ। ਉਹਦਾ ਦਿਲ ਕਹਿ ਰਿਹਾ ਸੀ, ਜੇ ਜ਼ਿੰਦਗੀ ਦਾ ਕੋਈ ਵਿਸਾਹ ਨਹੀਂ ਤਾਂ ਗ੍ਰਿਹਸਤ ਦੀ ਦਲ ਦਲ ਵਿਚ ਫਸ ਕੇ ਕੀ ਲੈਣਾ ਹੈ।

ਤਾਰਾ ਚੰਦ ਤੇ ਰਾਜਾ ਭੂਪ ਪ੍ਰਕਾਸ਼ ਹਿੰਦੂਆਂ ਤੇ ਸਿੱਖਾਂ ਦੇ ਸਬੰਧਾਂ ਤੇ ਵਿਚਾਰ ਕਰਦੇ ਚੱਲੇ ਜਾ ਰਹੇ ਸਨ।

'ਚੱਲ ਮੈਂ ਭੀ ਕਲ ਤੋਂ ਸਿੰਘ ਸਜ ਜਾਵਾਂਗਾ' ਤਾਰਾ ਚੰਦ ਨੇ ਆਖਿਆ ਉਹ ਇਸ ਸਮੇਂ ਬਹੁਤ ਖ਼ੁਸ਼ ਸੀ।

'ਸ੍ਰੀਮਾਨ ਜੀ–ਤੁਸੀਂ ਠੀਕ ਕਰ ਰਹੇ ਹੋ, ਪਰੰਤੂ ਸਿੱਖ ਤੇ ਹਿੰਦੂ ਦੋ ਨਹੀਂ ਹਨ ਅਤੇ ਸਹੀ ਗੱਲ ਇਹ ਹੈ ਕਿ ਹਿੰਦੂ ਵੀ ਅੰਮ੍ਰਿਤ ਛਕ ਕੇ ਸਿੱਖ ਬਣ ਜਾਂਦੇ ਹਨ। ਠੀਕ ਉਸ ਤਰਾਂ ਕਿ ਜਿਸ ਤਰਾਂ ਕੋਈ ਆਦਮੀ ਫ਼ੌਜ ਵਿਚ ਭਰਤੀ ਹੋ ਕੇ ਫ਼ੌਜੀ ਬਣ ਜਾਂਦਾ ਹੈ।' ਰਾਜਾ ਭੂਪ ਪ੍ਰਕਾਸ਼ ਨੇ ਆਖਿਆ।

'ਰਾਜਾ ਜੀ ਇਹ ਠੀਕ ਹੈ, ਪ੍ਰੰਤੂ ਅੰਮ੍ਰਿਤ ਛਕ ਕੇ ਇਨਸਾਨ ਦੀ ਆਤਮਾ ਬਲਵਾਨ ਹੁੰਦੀ ਹੈ। ਉਸ ਵਿਚ ਸ਼ੇਰ ਜਿਹੀ ਸ਼ਕਤੀ ਆਉਂਦੀ ਹੈ, ਉਹ ਇਕੱਲਾ ਸਵਾ ਲੱਖ ਨਾਲ ਲੜਨ ਦੇ ਸਮਰੱਥ ਹੋ ਜਾਂਦਾ ਹੈ। ਮੈਂ ਕਹਿੰਦਾ ਹਾਂ ਕਿ ਜੇਕਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸਿਰਾਂ ਦੀ ਭੇਟ ਲੈ ਕੇ ਖ਼ਾਲਸਾ ਪੰਥ ਦੀ ਸਾਜਣਾ ਨਾ ਕਰਦੇ ਤਾਂ ਹਿੰਦੂ ਧਰਮ ਦਾ ਨਾਮ ਨਿਸ਼ਾਨ ਤਕ ਮਿਟ ਜਾਂਦਾ। ਇਸ ਮਲੇਛੀ ਰਾਜ ਦੀਆਂ ਜੜਾਂ ਪਾਤਾਲ ਤਕ ਚਲੀਆਂ ਜਾਂਦੀਆਂ ਤੇ ਕਦੇ ਵੀ ਕੋਈ ਇਸ ਨੂੰ ਖ਼ਤਮ ਕਰਨ ਲਈ ਨਾ ਸੋਚ ਸਕਦਾ। ਤਾਰਾ ਚੰਦ ਆਪਣੇ ਵਿਚਾਰ ਪ੍ਰਗਟ ਕਰ ਰਿਹਾ ਸੀ। ਇਹਨਾਂ ਨੂੰ ਰਾਜ ਕੁਮਾਰੀ ਰਾਜਵੰਤ ਸਭ ਨਾਲੋਂ ਵਧੇਰੇ ਗਹੁ ਨਾਲ ਸੁਣ ਰਹੀ ਸੀ, ਉਹਦਾ ਮਨ ਸਿੱਖੀ ਵਲ ਖਿੱਚੀ ਜਾ ਰਿਹਾ ਸੀ।

ਜੰਗਲ ਤੋਂ ਬਾਹਰ ਆ ਕੇ ਰਾਜਾ ਭੂਪ ਪ੍ਰਕਾਸ਼ ਨੇ ਕਰਤਾਰ ਸਿੰਘ ਵਲ ਵੇਖਦੇ ਹੋਏ ਕਿਹਾ ?'ਤੁਸੀਂ ਵਾਪਸ ਜਾਓ, ਬਾਬਾ ਜੀ ਉਡੀਕਦੇ ਹੋਣਗੇ, ਖ਼ਬਰੇ ਕਿਸੇ ਕੰਮ ਭੇਜਣਾ ਹੋਵੇ।'

'ਰਾਜ ਕੁਮਾਰੀ ਜੀ ਨੂੰ ਬੇਸ਼ੱਕ ਤੁਸੀਂ ਨਾਲ ਹੀ ਰਾਜਧਾਨੀ ਲੈ ਜਾਓ।' ਕਰਤਾਰ ਸਿੰਘ ਨੇ ਆਖਿਆ।

'ਜੀ ਨਹੀਂ, ਮੈਂ ਤਾਂ ਜੰਗਲ ਵਿਚ ਇਹ ਮੰਗਲ ਵੇਖਣ ਲਈ ਰਾਤ ਏਥੇ ਹੀ ਰਹਾਂਗੀ। ਮੈਂ ਦੇਸ਼ ਦੀ ਆਜ਼ਾਦੀ ਲਈ ਮਰ ਮਿਟਣ ਵਾਲਿਆਂ ਦੀ ਜੀਵਨੀ ਨੂੰ ਹੋਰ ਨੇੜਿਓਂ ਹੋ ਕੇ ਵੇਖਣਾ ਚਾਹੁੰਦੀ ਹਾਂ।' ਰਾਜ ਕੁਮਾਰੀ ਨੇ ਗਲ ਕਹੀ। ਉਹ ਇਸ ਸਮੇਂ ਰਾਜ ਮਹੱਲਾਂ ਵਿਚ ਵਾਪਸ ਜਾਣ ਲਈ ਹੀ ਤਿਆਰ ਨਹੀਂ ਸੀ।

ਕਰਤਾਰ ਸਿੰਘ ਤੇ ਰਾਜਕੁਮਾਰੀ ਰਾਜਵੰਤ ਡੇਰੇ ਵਲ ਵਾਪਸ ਮੁੜੇ। ਤਾਰਾ ਨੇ ਉਨਾਂ ਵਲ ਭਉਂ ਕੇ ਵੇਖਿਆ, ਰਾਜਕੁਮਾਰੀ ਨੇੜੇ ਹੋ ਕੇ ਕਰਤਾਰ ਸਿੰਘ ਨਾਲ ਗੱਲਾਂ ਕਰਦੀ ਜਾ ਰਹੀ ਸੀ।

ਤਾਰਾ ਦਾ ਦਿਲ ਤੜਪ ਉੱਠਿਆ, ਉਸਨੂੰ ਇਸ ਤੌਖਲੇ ਨੇ ਆਨ ਘੇਰਿਆ ਕਿ ਕਿਤੇ ਇਹ ਮਨਮੋਹਣੀ ਰਾਜਕੁਮਾਰੀ ਉਸ ਤੋਂ ਉਸਦੇ ਪ੍ਰੀਤਮ ਨੂੰ ਖੋਹ ਹੀ ਨਾ ਲਵੇ, ਉਹ ਭੱਜਕੇ ਉਨਾਂ ਨਾਲ ਜਾ ਮਿਲਣਾ ਚਾਹੁੰਦੀ ਸੀ, ਪਰੰਤੂ ਪਿਤਾ ਦੀ ਮੌਜੂਦਗੀ ਵਿਚ ਅਜੇਹਾ ਕਰ ਨਹੀਂ ਸਕੀ। ਪਰ ਉਹ ਪੈਦਲ ਹੀ ਆ ਰਹੇ ਸਨ, ਹੁਣ ਉਹ ਘੋੜਿਆਂ ਤੇ ਚੜ ਪਏ।

ਸਰਦਾਰ ਜੀ ਸਿੰਘ ਬੜੇ ਬਹਾਦਰ ਹਨ। ਮੇਰਾ ਤਾਂ ਜੀ ਕਰਦਾ ਹੈ ਕਿ ਜ਼ਿੰਦਗੀ ਭਰ ਇਹਨਾਂ ਦੀ ਸੇਵਾ ਕਰਦੀ ਰਹਾਂ–'ਕਦੇ ਭੀ ਅੱਕਾਂ ਨਾ ਕਦੇ ਭੀ ਥੱਕਾਂ ਨਾ'। ਰਾਜਕੁਮਾਰੀ ਰਾਜਵੰਤ ਨੇ ਬੜੇ ਹੀ ਉਤਸ਼ਾਹ ਲਹਿਜ਼ੇ ਵਿਚ ਆਖਿਆ।

ਕਰਤਾਰ ਸਿੰਘ ਹੱਸ ਪਿਆ। ਉਸਨੇ ਕਿਹਾ– 'ਮਹੱਲਾਂ ਵਿਚ ਰਹਿਣ ਵਾਲੀ ਕੋਮਲ ਕਲੀ ਜੰਗਲਾਂ ਤੇ ਪਹਾੜਾਂ ਵਿਚ ਰੁਲਣਾ ਕੋਈ ਸੌਖੀ ਗੱਲ ਨਹੀਂ ਹੈ।'

'ਨਹੀਂ, ਮੈਂ ਤਾਂ ਬਿਲਕੁਲ ਤਿਆਰ ਹਾਂ, ਬੱਸ ਕਿਸੇ ਸਹਾਰੇ ਦੀ ਲੋੜ ਹੈ। ਤੁਹਾਡੇ ਜਿਹੇ ਮਜ਼ਬੂਤ ਸਹਾਰੇ ਦੀ।' ਕਹਿੰਦੇ ਹੋਏ ਰਾਜ ਕੁਮਾਰੀ ਨੇ ਕਰਤਾਰ ਸਿੰਘ ਦਾ ਹੱਥ ਆਪਣੇ ਹੱਥਾਂ ਵਿਚ ਲੈ ਲਿਆ। ਦੋਵੇਂ ਛਿਣ ਭਰ ਲਈ ਰੁਕ ਗਏ। ਦੋਹਾਂ ਨੇ ਇਕ ਦੂਜੇ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਵੇਖਿਆ।

(ਚਲਦਾ...)

# ਪੰਜਾਬੀ ਕਲੱਬ ਮੈਰੀਲੈਂਡ ਦੀ ਦੀਵਾਲੀ ਵੱਖਰਾ ਰੰਗ ਪੇਸ਼ ਕਰ ਗਈ

**ਵਰਜੀਨੀਆ/ਸੁਰਿੰਦਰ ਗਿੱਲ:** ਪੰਜਾਬੀ ਕਲੱਬ ਮੈਰੀਲੈਂਡ ਪਿਛਲੇ ਪੰਜ ਕੁ ਸਾਲਾਂ ਤੋਂ ਹੋਂਦ ਵਿੱਚ ਆਈ ਸੀ। ਜਿਸ ਦਾ ਮੁੱਖ ਕੰਮ ਪਰਿਵਾਰਾਂ ਨੂੰ ਜੋੜਨਾ ਹੈ। ਜਿੱਥੇ ਇਹ ਪਰਿਵਾਰਾਂ ਨੂੰ ਜੋੜਦੇ ਹਨ, ਉੱਥੇ ਉਨਾਂ ਦਾ ਮਨੋਰੰਜਨ ਵੀ ਕਰਦੇ ਹਨ। ਜਿਸ ਦੇ ਇਵਜਾਨੇ ਉਹ ਲੋਹੜੀ, ਦੀਵਾਲੀ, ਵਿਸਾਖੀ, ਨਵਾਂ ਸਾਲ ਅਤੇ ਸਟਾਰ ਨਾਈਟਾਂ ਦਾ ਆਯੋਜਨ ਆਮ ਹੀ ਕਰਦੇ ਹਨ। ਭਾਵੇਂ ਕਰੋਨਾ ਕਰਕੇ ਕੁਝ ਗਤੀਵਿਧੀਆਂ ਮੱਧਮ ਰਹੀਆਂ ਹਨ, ਪਰ ਸਾਰਿਆਂ ਦੇ ਸਹਿਯੋਗ ਨਾਲ ਇਸ ਸਾਲ ਦੇ ਅਗਲੇ ਸਾਲ ਦੇ ਪ੍ਰੋਗਰਾਮਾਂ ਨੂੰ ਕੇ. ਕੇ. ਸਿੱਧੂ ਨੇ ਮੀਟਿੰਗ ਵਿੱਚ ਐਲਾਨੇ ਸਨ। ਜਿਸ ਦੇ ਇਵਜਾਨੇ ਨਵੀਂ ਚੁਣੀ ਕਮੇਟੀ ਨੇ ਇੱਕ ਸਾਲ ਦਾ ਪਲੇਠਾ ਸਮਾਗਮ ਦੀਵਾਲੀ ਦਾ ਕਰਵਾਇਆ ਹੈ। ਜਿਸ ਦੇ ਮੁੱਖ ਪ੍ਰਬੰਧਕ ਜਿੰਦਰ ਬਰਾੜ ਪ੍ਰਧਾਨ, ਕੇਵਲ ਸਿੰਘ ਸਕੱਤਰ ਅਤੇ ਕੈਸ਼ੀਅਰ ਮੇਜਰ ਮੱਲੀ ਨੇ ਉਲੀਕੇ ਸਨ। ਜਿਸ ਦਾ ਸਾਰਾ ਪ੍ਰਬੰਧ ਮਹਿਤਾਬ ਸਿੰਘ ਵੱਲੋਂ ਕੀਤਾ ਗਿਆ। ਜਿਸ ਨੂੰ 'ਮਨਾਸਿਸ ਦੀਵਾਲੀ ਪੰਜਾਬੀ ਕਲੱਬ' ਦਾ ਨਾਮ ਦਿੱਤਾ ਗਿਆ।

ਪੰਜ ਤਾਰਾ ਕੋਜੀਨ ਰੈਸਟੋਰੈਂਟ ਵਰਜੀਨੀਆ ਵੱਲੋਂ ਖਾਣਾ ਦਿੱਤਾ ਗਿਆ। ਬੀਬੀ ਸਾਦੀਆ ਮਲਿਕ ਵੱਲੋਂ ਰੰਗਾ ਰੰਗ ਪ੍ਰੋਗਰਾਮ ਨਾਲ ਖ਼ੂਬ ਰੰਗ ਬੰਨਿਆਂ। ਦਵਿੰਦਰ ਸਿੰਘ ਬਦੇਸ਼ਾ, ਕੰਵਲਜੀਤ ਸਿੰਘ ਬਾਜਵਾ ਦਾ ਖ਼ਾਸ ਯੋਗਦਾਨ ਰਿਹਾ। ਸਪਾਸਰਾਂ ਦਾ ਪ੍ਰਬੰਧਕਾ ਵੱਲੋਂ ਧੰਨਵਾਦ ਕੀਤਾ ਗਿਆ। ਰਤਨ ਸਿੰਘ ਨੇ ਕਿਹਾ ਕਿ ਅਜਿਹੇ ਪ੍ਰੋਗਰਾਮ ਹਮੇਸ਼ਾ ਹੀ ਉਲੀਕਣੇ ਚਾਹੀਦੇ ਹਨ। ਜੋ ਨੌਜਵਾਨ ਪੀੜੀ ਲਈ ਮੀਲ ਪੱਥਰ ਸਾਬਤ ਹੁੰਦੇ ਹਨ।






ਜਿੱਥੇ ਦੀਵਾਲੀ ਦੀ ਮਹੱਤਤਾ ਅਤੇ ਇਸਨੂੰ ਮਨਾਉਣ ਦੇ ਪਹਿਲੂਆਂ ਤੇ ਆਗਿਆਪਾਲ ਸਿੰਘ ਨੇ ਖ਼ੂਬ ਚਾਨਣਾ ਪਾਇਆ ਅਤੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਰੰਗਾਂ ਰੰਗ ਪ੍ਰੋਗਰਾਮ ਨੇ ਖ਼ੂਬ ਰੰਗ ਬੰਨਿਆ ਜੋ ਕਿ ਦੀਵਾਲੀ ਨੂੰ ਮਨਾਉਣ ਦੇ ਜੋਸ਼-ਖਰੋਸ਼ ਨੂੰ ਪੂਰਾ ਉਭਾਰ ਗਈ। ਭਾਵੇਂ ਮੈਰੀਲੈਂਡ ਦੇ ਮਹਿਮਾਨਾਂ ਦੀ ਸ਼ਮੂਲੀਅਤ ਬਹੁਤਾਤ ਵਿੱਚ ਸੀ, ਪਰ ਵਰਜੀਨੀਆ ਵਾਲੇ ਕਰੋਨਾ ਦੇ ਡਰ ਤੋਂ ਘੱਟ ਗਿਣਤੀ ਵਿੱਚ ਹੀ ਰਹੇ। ਮਹਿਤਾਬ ਸਿੰਘ ਨੇ ਕਿਹਾ ਕਿ ਸਾਡਾ ਮੁੱਖ ਮਕਸਦ ਦੀਵਾਲੀ ਦੀ ਅਹਿਮੀਅਤ ਤੋਂ ਨੌਜਵਾਨ ਪੀੜੀ ਨੂੰ ਤਿਉਹਾਰਾਂ ਪ੍ਰਤੀ ਉਜਾਗਰ ਕਰਨਾ ਸੀ। ਕੇ. ਕੇ. ਸਿੱਧੂ ਨੇ ਕਿਹਾ ਕਿ ਅਸੀਂ ਪਰਿਵਾਰਾਂ ਦੇ ਮਨੋਰੰਜਨ ਲਈ ਅਜਿਹਾ ਕੁਝ ਕਰਦੇ ਆ ਰਹੇ ਹਾਂ, ਜਿਸ ਵਿੱਚ ਸਾਰਿਆਂ ਦਾ ਸਹਿਯੋਗ ਹੈ।

ਜਿੰਦਰ ਸਿੰਘ ਬਰਾੜ ਨੇ ਕਿਹਾ ਕਿ ਜਿਵੇਂ ਬਦੀ ਤੇ ਨੇਕੀ ਦੀ ਜਿੱਤ ਨੂੰ ਸਬੰਧਤ ਦੁਸਹਿਰਾ ਮਨਾਇਆ ਜਾਂਦਾ ਹੈ। 'ਬੰਦੀ ਛੋੜ' ਸਾਡੇ ਗੁਰੂਆਂ ਦਾ ਸੰਕਲਪ ਹੈ। ਉਸ ਪ੍ਰਤੀ ਨੌਜਵਾਨਾਂ ਨੂੰ ਜਾਣਨਾ ਜ਼ਰੂਰੀ ਹੈ। ਸੋ ਇਹੀ ਸਾਡਾ ਮਕਸਦ ਸੀ ਜਿਸ ਨੂੰ ਅਸੀਂ ਪੂਰਿਆਂ ਕਰਨ ਵਿੱਚ ਸਫਲ ਹੋਏ ਹਾਂ। ਗੁਰਦੇਬ ਸਿੰਘ ਗੋਤੜਾ ਨੇ ਕਿਹਾ ਕਿ ਸਾਡਾ ਇਕੱਠਿਆਂ ਹੋਣ ਦਾ ਸਬੱਬ ਹੀ ਤਿਉਹਾਰ ਹੈ। ਜੋ ਸਾਨੂੰ ਜੋੜਦੇ ਹਨ। ਕੇਵਲ ਸਿੰਘ ਨੇ ਕਿਹਾ ਕਿ ਅਸੀਂ ਆਪਣੇ ਤਿਉਹਾਰਾਂ ਦੇ ਮੁਰੀਦ ਹਾਂ। ਇਹਨਾਂ ਨੂੰ ਮਨਾਉਣਾ ਸਾਡਾ ਸਾਰਿਆਂ ਦਾ ਫ਼ਰਜ਼ ਹੈ।

ਜਿੱਥੇ ਦੀਵਾਲੀ ਸਮਾਗਮ ਸਾਂਝੀਵਾਲਤਾ ਦਾ ਪ੍ਰਤੀਕ ਬਣੀ, ਉੱਥੇ ਸਾਨੂੰ ਭਾਈਚਾਰਕ ਸਾਂਝ ਅਤੇ ਰੌਸ਼ਨੀ ਦੀ ਚਮਕ ਤਿਉਹਾਰ ਨੇ ਦੀਵਾਲੀ ਦੇ ਸਮਾਗਮ ਨੂੰ ਆਪਸੀ ਪਿਆਰ, ਸਹਿਯੋਗ ਤੇ ਅਪਣੱਤ ਦਾ ਪ੍ਰਤੀਕ ਬਣਾ ਦਿੱਤਾ।

ਮਹਿਤਾਬ ਸਿੰਘ ਨੇ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਨਵੇਂ ਸਾਲ ਦੇ ਪ੍ਰੋਗਰਾਮ ਤੇ ਮੁੜ ਮੈਰੀਲੈਂਡ ਇਕੱਠੇ ਹੋਵਾਂਗੇ ਤੇ ਖ਼ੂਬਸੂਰਤ ਪ੍ਰੋਗਰਾਮ ਦਾ ਅਨੰਦ ਮਾਣਾਂਗੇ। ਸਾਂਝੇ ਤੌਰ ਤੇ ਰਾਤਰੀ ਭੋਜ ਅਤੇ ਆਪਸੀ ਤਾਲਮੇਲ ਨਾਲ ਸਮਾਗਮ ਦੀ ਸਮਾਪਤੀ ਕੀਤੀ ਗਈ।

# ਆਲਣਿਆਂ ਦਾ ਕਾਰੀਗਰ: ਬਿਜੜਾ

**- ਮਾਸਟਰ ਸੰਜੀਵ ਧਰਮਾਣੀ**
**(ਸ੍ਰੀ ਅਨੰਦਪੁਰ ਸਾਹਿਬ)**
**9478561356**

ਪਿਆਰੇ ਬੱਚਿਓ! ਤੁਸੀਂ ਆਪਣੇ ਆਲੇ-ਦੁਆਲੇ, ਰੁੱਖਾਂ 'ਤੇ, ਸਕੂਲ ਵਿੱਚ, ਪਿੰਡ ਵਿੱਚ, ਖੇਤਾਂ ਵਿੱਚ ਅਤੇ ਆਪਣੇ ਨਾਨਕੇ- ਘਰ ਅਨੇਕਾਂ ਖ਼ੂਬਸੂਰਤ ਤੇ ਰੰਗ-ਬਿਰੰਗੇ ਪੰਛੀ ਜ਼ਰੂਰ ਦੇਖੇ ਹੋਣਗੇ। ਬੱਚਿਓ ! ਪੰਛੀ ਹਰ ਇੱਕ ਦੇ ਮਨ ਨੂੰ ਭਾਉਂਦੇ ਹਨ ਅਤੇ ਪੰਛੀਆਂ ਦੀਆਂ ਪਿਆਰੀਆਂ, ਸੁਰੀਲੀਆਂ ਤੇ ਮਨਮੋਹਕ ਆਵਾਜ਼ਾਂ ਸਾਨੂੰ ਬਹੁਤ ਚੰਗੀਆਂ ਲਗਦੀਆਂ ਹਨ। ਸੱਚਮੁੱਚ ਸਾਡੇ ਵਾਤਾਵਰਨ ਵਿੱਚ ਪੰਛੀਆਂ ਦੀ ਹੋਂਦ, ਕੁਦਰਤ ਦੀ ਵਿਚਿੱਤਰਤਾ ਤੇ ਅਖੰਡਤਾ ਦੀ ਅਨਮੋਲ ਕ੍ਰਿਤੀ ਹੈ। ਬੱਚਿਓ ! ਅੱਜ ਅਸੀਂ ਤੁਹਾਨੂੰ ਆਲਣਿਆਂ ਦੇ ਕਾਰੀਗਰ ਪੰਛੀ ਬਿਜੜਾ ਬਾਰੇ ਜਾਣਕਾਰੀ ਦੇਵਾਂਗੇ। ਬਿਜੜੇ ਪੰਛੀ ਨੂੰ ਸੋਨ-ਚਿੜੀ , ਬਿਆ , ਵੀਵਰ ਬਰਡ ਆਦਿ ਕਈ ਨਾਵਾਂ ਦੇ ਨਾਲ ਜਾਣਿਆ ਜਾਂਦਾ ਹੈ। ਬਿਜੜੇ ਪੰਛੀ ਦਾ ਕੱਦ - ਕਾਠ ਘਰੇਲੂ ਚਿੜੀ ਜਿੰਨਾ ਹੁੰਦਾ ਹੈ। ਇਹ ਇੱਕ ਸਿਆਣਾ ਤੇ ਆਲਣੇ ਬਣਾਉਣ ਦਾ ਮਾਹਿਰ ਪੰਛੀ ਹੈ। ਬਿਜੜੇ ਦੀ ਲੰਬਾਈ ਲਗਪਗ ਪੰਦਰਾਂ ਸੈਂਟੀਮੀਟਰ ਤੇ ਭਾਰ ਘੱਟ ਹੁੰਦਾ ਹੈ। ਇਹ ਪੰਛੀ ਅਕਸਰ 'ਚਿੱਟ-ਚਿੱਟ , ਚਿੱਟ-ਚਿੱਟ' ਦੀਆਂ ਆਵਾਜ਼ਾਂ ਕੱਢਦਾ ਹੈ। ਇਸ ਦੀ ਚੁੰਝ ਤਿਕੋਣੀ ਤੇ ਪੂਛ ਛੋਟੀ ਚੌੜੀ ਹੁੰਦੀ ਹੈ। ਰੰਗ - ਰੂਪ ਚਿੜੀ ਵਰਗਾ ਤੇ ਕਈ ਵਾਰ ਪੀਲਾ - ਚਾਕਲੇਟੀ ਵੀ ਹੁੰਦਾ ਹੈ। ਬੱਚਿਓ ! ਬਿਜੜਾ ਪੰਛੀ ਕੀਟ - ਪਤੰਗੇ, ਕੀੜੇ ਤੇ ਫ਼ਸਲਾਂ ਦੇ ਦਾਣੇ ਆਦਿ ਖਾਂਦਾ ਹੈ। ਇਹ ਪੰਛੀ ਆਪਣਾ ਆਲਣਾ ਕਿੱਕਰਾਂ, ਬੇਰੀਆਂ, ਨਾਰੀਅਲਾਂ, ਖਜੂਰਾਂ ਦੇ ਰੁੱਖਾਂ, ਕਾਨਿਆਂ ਅਤੇ ਪਾਣੀ ਕਿਨਾਰੇ ਲਮਕਦੇ ਰੁੱਖਾਂ 'ਤੇ ਬਣਾਉਂਦਾ ਹੈ। ਇਸ ਦਾ ਆਲਣਾ ਅਜਿਹੀ ਥਾਂ 'ਤੇ ਹੁੰਦਾ ਹੈ, ਜਿੱਥੇ ਦਾਣਾ-ਪਾਣੀ ਮਿਲਣ ਵਿੱਚ ਸੌਖ ਹੋਵੇ। ਬਿਜੜਾ ਆਪਣਾ ਆਲਣਾ ਲੰਬੇ ਘਾਹ, ਨਾਰੀਅਲ ਦੇ ਪੱਤਿਆਂ, ਝੋਨੇ ਦੇ ਪੱਤਿਆਂ ਦੀਆਂ ਸਿਲਤਾਂ ਆਦਿ ਤੋਂ ਬਣਾਉਂਦਾ ਹੈ। ਇਸਦੇ ਆਲਣੇ ਸਪੇਰੇ ਦੀ ਬੀਨ ਵਰਗੇ ਹੁੰਦੇ ਹਨ। ਆਲਣੇ ਬਣਾਉਣ ਦਾ ਕੰਮ ਨਰ ਬਿਜੜਾ ਪੰਛੀ ਹੀ ਕਰਦਾ ਹੈ। ਉਹ ਪਹਿਲਾਂ ਹੈਲਮਟ ਦੇ ਆਕਾਰ ਜਿਹੇ ਚਾਰ-ਪੰਜ ਅੱਧੇ-ਅਧੂਰੇ ਆਲਣੇ ਬਣਾ ਕੇ ਛੱਡ ਦਿੰਦਾ ਹੈ। ਫਿਰ ਬਾਅਦ ਵਿੱਚ ਮਾਦਾ-ਬਿਜੜਾ ਪੰਛੀ ਨੂੰ ਜਿਹੜਾ ਆਲਣਾ ਪਸੰਦ ਆ ਜਾਵੇ, ਨਰ-ਬਿਜੜਾ ਉਸੇ ਆਲਣੇ ਨੂੰ ਪੂਰਾ ਕਰਦਾ ਹੈ। ਇਸ ਨੇ ਆਪਣੇ ਆਲਣੇ ਵਿੱਚ ਗਿੱਲੀ ਮਿੱਟੀ ਦੀ ਢੇਲੀ (ਡਲੀ) ਰੱਖੀ ਹੋਈ ਹੁੰਦੀ ਹੈ ਤਾਂ ਜੋ ਤੇਜ਼ ਹਨੇਰੀ ਆਉਣ 'ਤੇ ਆਲਣਾ ਸਥਿਰ ਅਵਸਥਾ ਵਿੱਚ ਰਹਿ ਸਕੇ। ਇਸ ਦਾ ਆਲਣਾ ਬਹੁਤ ਮਜ਼ਬੂਤ ਹੁੰਦਾ ਹੈ । ਵਰਖਾ ਦੀ ਇੱਕ ਬੂੰਦ ਵੀ ਬਿਜੜੇ ਦੇ ਆਲਣੇ ਵਿੱਚ ਦਾਖ਼ਲ ਨਹੀਂ ਹੋ ਸਕਦੀ। ਇਸ ਦੇ ਆਲਣੇ ਵਿੱਚ ਘਾਹ ਆਦਿ ਦੀਆਂ ਲਗਪਗ ਤਿੰਨ ਹਜ਼ਾਰ ਤਿੜਾਂ ਲੱਗੀਆਂ ਹੁੰਦੀਆਂ ਹਨ। ਮਾਦਾ ਬਿਜੜਾ ਲਗਪਗ ਤਿੰਨ - ਚਾਰ ਅੰਡੇ ਦਿੰਦੀ ਹੈ। ਬੱਚਿਓ ! ਬਿਜੜਾ ਪੰਛੀ ਜ਼ਿਆਦਾਤਰ ਨਹਿਰਾਂ - ਨਦੀਆਂ ਦੇ ਕਿਨਾਰੇ , ਘਾਹ ਦੇ ਮੈਦਾਨਾਂ , ਖੇਤਾਂ , ਚਰੀ ਦੀ ਫ਼ਸਲ ਨਜ਼ਦੀਕ , ਸਰਕੜਿਆਂ , ਚਰਾਂਦਾਂ , ਕੰਡੇਦਾਰ ਤੇ ਉੱਚੇ ਦਰੱਖਤਾਂ ਆਦਿ ਦੇ ਕੋਲ ਦੇਖਿਆ ਜਾ ਸਕਦਾ ਹੈ। ਇਹ ਪੰਛੀ ਸਮੂਹ ਵਿੱਚ ਰਹਿਣਾ ਪਸੰਦ ਕਰਦਾ ਹੈ। ਇਸ ਪੰਛੀ ਦਾ ਆਲਣੇ ਬੁਣਨ ਦਾ ਢੰਗ ਤੇ ਸਲੀਕਾ ਦੂਜੇ ਪੰਛੀਆਂ ਨਾਲੋਂ ਬਹੁਤ ਹੀ ਵਧੀਆ ਤੇ ਉੱਤਮ ਦਰਜੇ ਦਾ ਹੁੰਦਾ ਹੈ। ਸਾਡੇ ਸੱਭਿਆਚਾਰ ਤੇ ਸਾਹਿਤ ਵਿੱਚ ਵੀ ਬਿਜੜੇ ਪੰਛੀ ਦਾ ਜ਼ਿਕਰ ਮਿਲ਼ਦਾ ਹੈ । ਕਹਿੰਦੇ ਹਨ ਕਿ ਮੁ਼ਗਲ ਬਾਦਸ਼ਾਹ ਅਕਬਰ ਦੇ ਸਮੇਂ ਮਦਾਰੀ ਲੋਕ ਬਿਜੜੇ ਪੰਛੀ ਨੂੰ ਮੁਹਾਰਤ ਦੇ ਕੇ ਕਈ





ਤਰਾਂ ਦੇ ਰੰਗ-ਤਮਾਸ਼ੇ ਕਰਕੇ ਆਮ-ਜਨ ਦਾ ਮਨੋਰੰਜਨ ਕਰਦੇ ਹੁੰਦੇ ਸੀ। ਪਿਆਰੇ ਬੱਚਿਓ !ਪੰਛੀ ਆਪਣੇ ਮਨਮੋਹਕ ਰੰਗ - ਰੂਪ ਤੇ ਸੁਰੀਲੀਆਂ ਆਵਾਜ਼ਾਂ ਸਦਕਾ ਸਾਡਾ ਮਨ ਪਰਚਾਵਾ ਤਾਂ ਕਰਦੇ ਹੀ ਹਨ, ਸਗੋਂ ਇਹ ਸਾਡੀਆਂ ਫ਼ਸਲਾਂ ਅਤੇ ਸਾਨੂੰ ਵੀ ਕਈ ਤਰਾਂ ਦੇ ਨੁਕਸਾਨ ਪਹੁੰਚਾਉਣ ਵਾਲੇ ਕੀੜੇ - ਮਕੌੜਿਆਂ ਤੋਂ ਬਚਾਉਂਦੇ ਹਨ ਅਤੇ ਕੁਦਰਤ ਦਾ ਸਮਤੋਲ ਬਣਾਈ ਰੱਖਦੇ ਹਨ। ਇਸ ਲਈ ਸਾਨੂੰ ਪੰਛੀਆਂ ਨੂੰ ਸਮੇਂ - ਸਮੇਂ 'ਤੇ ਦਾਣਾ - ਪਾਣੀ ਚੋ਼ਗਾ ਆਦਿ ਪਾਉਂਦੇ ਰਹਿਣਾ ਚਾਹੀਦਾ ਹੈ। ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਤਾਂ ਜੋ ਪੰਛੀ ਆਲਣੇ ਪਾ ਸਕਣ ਅਤੇ ਪੰਛੀਆਂ ਨੂੰ ਨੁਕਸਾਨ ਪਹੁੰਚਾਉਣ ਤੋਂ ਹਮੇਸ਼ਾ ਬਚਣਾ ਚਾਹੀਦਾ ਹੈ। ਬੱਚਿਓ !ਪੰਛੀਆਂ ਦਾ ਸ਼ਿਕਾਰ ਆਦਿ ਵੀ ਕਦੇ ਨਹੀਂ ਕਰਨਾ ਚਾਹੀਦਾ। ਸਾਨੂੰ ਚਾਈਨਾ -ਡੋਰ ਆਦਿ ਨਾਲ ਪਤੰਗ ਵੀ ਨਹੀਂ ਉਡਾਉਣੇ ਚਾਹੀਦੇ ਕਿਉਂਕਿ ਇਹ ਡੋਰ ਸਾਡਾ ਅਤੇ ਪੰਛੀਆਂ ਦਾ ਵੀ ਨੁਕਸਾਨ ਕਰਦੀ ਹੈ। ਸਾਨੂੰ ਆਪਣੇ ਖੇਤਾਂ ਵਿੱਚ ਵੱਧ ਅਤੇ ਬੇਲੋੜੀਆਂ ਰਸਾਇਣਿਕ ਖਾਦਾਂ ਤੇ ਕੀਟਨਾਸ਼ਕਾਂ ਦੀ ਵਰਤੋਂ ਕਰਨ ਤੇ ਫ਼ਸਲਾਂ ਅਤੇ ਪਰਾਲੀ ਦੀ ਨਾੜ ਨੂੰ ਅੱਗ ਲਗਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਕਾ਼ਗਜ਼ ਦੀ ਵਰਤੋਂ ਸੰਜਮ ਨਾਲ ਕਰਨੀ ਚਾਹੀਦੀ ਹੈ, ਤਾਂ ਜੋ ਰੁੱਖਾਂ ਦੀ ਕਟਾਈ ਘਟ ਸਕੇ। ਬੱਚਿਓ! ਸਾਨੂੰ ਕੁਦਰਤੀ ਮਾਹੌਲ ਭਰਿਆ ਤੇ ਸਾਦਗੀ ਭਰਪੂਰ ਜੀਵਨ ਜੀਅ ਕੇ ਅਤੇ ਕੁਦਰਤ-ਪ੍ਰੇਮੀ ਬਣ ਕੇ ਆਪਣੇ ਵਾਤਾਵਰਨ ਤੇ ਪੰਛੀ-ਪਰਿੰਦਿਆਂ ਦੇ ਹਿਤੈਸ਼ੀ ਬਣਨਾ ਚਾਹੀਦਾ ਹੈ। ਉਮੀਦ ਹੈ, ਤੁਹਾਨੂੰ ਅੱਜ ਦੀ ਜਾਣਕਾਰੀ ਜ਼ਰੂਰ ਪਸੰਦ ਆਈ ਹੋਵੇਗੀ ।

# ਅਸਫਲਤਾ 'ਤੇ ਨਿਰਾਸ਼ ਨਾ ਹੋਵੋ

**- ਹਰਕੀਰਤ ਕੌਰ ਸਭਰਾ**
**9779118066**

ਇਸ ਦੁਨੀਆ ਵਿੱਚ ਹਰ ਸਿੱਕੇ ਦੇ ਦੋ ਪਹਿਲੂ ਹਨ। ਜੇ ਸਾਹ ਚੱਲ ਰਹੇ ਨੇ ਤਾਂ ਮੌਤ ਨੇ ਵੀ ਦਹਿਲੀਜ਼ ਤੇ ਦਸਤਕ ਦੇਣੀ ਹੈ।

ਜੇ ਚਾਨਣ ਹੈ ਤਾਂ ਹਨੇਰਾ ਵੀ ਹੈ, ਜੇਕਰ ਦੁੱਖ ਹੈ ਤਾਂ ਸੁੱਖ ਵੀ ਹੈ। ਜੇਕਰ ਕਿਤੇ ਰੁੱਖ ਦੀ ਸੰਘਣੀ ਛਾਂ ਹੈ ਤਾਂ ਅੱਗ ਵਾਂਗ ਭੱਖਦਾ ਦਿਨ ਵੀ ਹੈ। ਇਸੇ ਲੜੀ ਵਿੱਚ ਜੇਕਰ ਜਿੱਤ ਹੈ ਤਾਂ ਹਾਰ ਵੀ ਹੈ। ਇਸ ਜੀਵਨ ਦਾ ਮੂਲ ਹੀ ਦੋ ਪਾਸੜ ਹੈ। ਜੇਕਰ ਅੱਜ ਦੇ ਵਿਸ਼ੇ ਵਿੱਚ ਇਕੱਲਾ ਜਿੱਤ ਅਤੇ ਹਾਰ ਨੂੰ ਵਿਚਾਰਿਆ ਜਾਵੇ ਤਾਂ ਜਿੱਥੇ ਜਿੱਤ ਚੰਗੀ ਕਾਬਲੀਅਤ ਦਾ ਸਬੂਤ ਦਿੰਦੀ ਹੈ, ਉੱਥੇ ਹਾਰ ਹੋਰ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕਰਦੀ ਹੈ। ਪਰ ਅਸਲ ਵਿੱਚ ਹੁੰਦਾ ਇਹ ਹੈ ਕਿ ਜਦੋਂ ਕੋਈ ਕੰਮ ਕਰਨਾ ਚਾਹੋ ਪਰ ਕਾਰਜ ਦੇ ਵਿੱਚ ਸਫਲ ਨਾ ਹੋਵੋ ਤਾਂ ਆਸ਼ਾ ਵਿੱਚ ਨਿਰਾਸ਼ਾ ਪਸਰ ਜਾਂਦੀ ਹੈ। ਜਦੋਂ ਅਸਫਲਤਾ ਸਾਡੇ ਰਾਹ ਵਿਚ ਖਲੋਵੇ ਤਾਂ, ਇਹ ਸੋਚਣਾ ਪਵੇਗਾ ਕਿ ਫਿਰ ਕੀ ਕੀਤਾ ਜਾਵੇ ? ਬੰਦਾ ਅਸਫਲਤਾ ਦੀ ਘੁੰਮਣਘੇਰੀ ਵਿਚੋਂ ਕਿਵੇਂ ਨਿਕਲੇ ? ਚਿੰਤਾਵਾਂ ਤੋਂ ਕਿਵੇਂ ਮੁਕਤ ਹੋਵੇ ? ਜਿੱਥੋਂ ਤੱਕ ਮੈਨੂੰ ਲੱਗਦਾ ਹੈ ਕਿ ਅਜਿਹੀ ਸਥਿਤੀ ਵਿੱਚ ਸਮਝਦਾਰ ਵਿਅਕਤੀ ਨਿੰਮੋਝੂਣਾ ਨਹੀਂ ਹੁੰਦਾ । ਉਹ ਫਿਰ ਯਤਨ ਕਰਨ ਲਈ ਤਤਪਰ ਰਹਿੰਦਾ ਹੈ। ਇਸ ਬਿਪਤਾ ਵਿੱਚ ਵੀ ਉਹ ਕਦਮਵਕਦਮ ਸੋਚ ਕੇ ਰੱਖਦਾ ਹੈ। ਉਸਦੀ ਚਾਹ ਹੁੰਦੀ ਹੈ ਕਿ ਉਹ ਆਪਣੀ ਮੰਜ਼ਿਲ ਤੇ ਮਿਹਨਤ ਕਰਕੇ ਜਾ ਖਲੋਵੇ। ਇੱਕ ਗੱਲ ਨੂੰ ਬਹੁਤ ਹੀ ਧਿਆਨ ਨਾਲ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਕਦੇ ਵੀ ਸਫਲਤਾ ਦੇ ਨਸ਼ੇ ਵਿੱਚ ਝੂਰ ਨਹੀਂ ਹੋਣਾ। ਜਿਹੜੀ ਵੀ ਕਿਰਿਆ ਅਸੀਂ ਕਰਦੇ ਹਾਂ ਉਸਦੀ ਪ੍ਰਤੀਕਿਰਿਆ ਜ਼ਰੂਰ ਹੁੰਦੀ ਹੈ। ਸਫਲਤਾ ਵਿੱਚ ਜ਼ਿਆਦਾ ਖ਼ੁਸ਼ ਹੋਣਾ ਤੇ ਅਸਫਲਤਾ ਵਿੱਚ ਨਿਰਾਸ਼ ਹੋਣਾ ਕਮਜ਼ੋਰ ਲੋਕਾਂ ਦੀ ਪਹਿਚਾਣ ਹੁੰਦੀ ਹੈ। ਜੋ ਇੱਕ ਵਧੀਆ ਖਿਡਾਰੀ ਜਾਂ ਜਾਨਬਾਜ਼ ਹੋਵੇਗਾ ਉਹ ਆਪਣੀ ਤੇ ਸਫਲਤਾ ਤੇ ਹੱਦੋਂ ਵੱਧ ਕੇ ਖ਼ੁਸ਼ ਹੋਣ ਦੀ ਬਜਾਇ ਉਸ ਤੋਂ ਅਗਲਾ ਟੀਚਾ ਮਿਥਣ ਵੱਲ ਆਪਣਾ ਧਿਆਨ ਕੇਂਦਰਿਤ ਕਰ ਲਵੇਗਾ ਅਤੇ ਇਸ ਦੇ ਉਲਟ ਜੇਕਰ ਕਿਸੇ ਨੇ ਹਾਰ ਦਾ ਮੂੰਹ ਦੇਖਿਆ ਹੈ ਤਾਂ ਉਹ ਨਿਰਾਸ਼ ਹੋਣ ਦੀ ਬਜਾਏ ਆਪਣੇ ਆਪ ਵਿੱਚ ਹੋਰ ਸੁਧਾਰ ਕਰਨ, ਤਰੀਕੇ ਲੱਭਣ ਲੱਗ ਜਾਂਦਾ ਹੈ। ਮੈਨੂੰ ਲੱਗਦਾ ਹੈ ਅਸਲ ਜੇਤੂ ਉਹ ਹੁੰਦਾ ਜੋ ਇੱਕ ਵਾਰ ਹਾਰਨ ਤੋਂ ਬਾਅਦ ਫਿਰ ਉਸੇ ਮੈਦਾਨ ਵਿੱਚ ਮੁੜ ਵਾਪਸ ਆਵੇ । ਜਿਵੇਂ; ਰਾਤ-ਦਿਨ ਦਾ ਚੱਕਰ ਚੱਲਦਾ ਹੈ ਇੰਝ ਹੀ ਸਫਲਤਾ ਲਈ ਬੰਦਾ ਹਰ ਪਿੜ ਮੱਲਦਾ ਹੈ। ਸਫਲਤਾ ਅਤੇ ਅਸਫਲਤਾ ਦੀ ਪੱਬ ਪਹੁੰਚੇ ਵਾਲਾ ਰਿਸ਼ਤਾ ਹੈ। ਸਰੀਰ ਅਤੇ ਰੂਹ ਦਾ ਰਿਸ਼ਤਾ ਹੈ। ਬੁੱਧੀਮਾਨ ਵਿਅਕਤੀ ਸਫਲਤਾ ਦੇ ਨਾਲ ਨਾਲ ਅਸ.ਫਲਤਾ ਦੀ ਵੀ ਆਸ ਰੱਖਦੇ ਹਨ। ਜਿਹੜੇ ਵਿਅਕਤੀ ਸੂਝ ਦੇ ਰਸਤੇ ਤੇ ਚੱਲਦੇ ਹਨ, ਉਹ ਸਫਲਤਾ ਤੇ ਹੀ ਛਾਲਾਂ ਨਹੀਂ ਮਾਰਦੇ ਬਲਕਿ ਅਸਫਲਤਾ ਨੂੰ ਵੀ ਖਿੜੇ ਮੱਥੇ ਝੱਲਦੇ ਹਨ। ਉਹ ਅਸਫਲਤਾ ਦਾ ਵੀ ਸਵਾਗਤ ਕਰਦੇ ਹਨ। ਉਹ ਅਸਫਲਤਾ ਨੂੰ ਇੱਕ ਦਵਾਈ ਸਮਝਦੇ ਹਨ, ਜਿਸ ਨਾਲ ਜੀਵਨ ਵਿੱਚ ਨਿਖਾਰ ਆਉਂਦਾ ਰਹਿੰਦਾ ਹੈ। ਇਸ ਨਾਲ ਜੀਵਨ ਦੀ ਪ੍ਰਤੀਤੀ ਵੀ ਸੁਧਰ ਜਾਂਦੀ ਹੈ ਜਿਸ ਨੂੰ ਸਹਾਰਨ ਨਾਲ ਧੀਰਜ ਮਿਲਦੀ ਹੈ। ਪਰ ਇਸ ਦੇ ਉਲਟ ਸਫਲਤਾ ਦਾ ਨਸ਼ਾ ਬੰਦੇ ਨੂੰ ਹੋਸ਼ ਨਹੀਂ ਆਉਣ ਦਿੰਦਾ। ਅਸਲ ਵਿੱਚ ਜ਼ਿੰਦਗੀ ਦਾ ਮੂਲ ਇਹ ਹੈ ਕਿ ਸਫਲਤਾ ਦੀ ਇੱਛਾ ਕਰੋ ਅਤੇ ਅਸਫਲਤਾ ਨੂੰ ਸਹਾਰਨ ਲਈ ਸਦਾ ਤਿਆਰ ਰਹੋ। ਸੋ ਸਾਨੂੰ ਅਸਫਲਤਾ ਤੇ ਕਦੇ ਵੀ ਨਿਰਾਸ਼ ਨਹੀਂ ਹੋਣਾ ਚਾਹੀਦਾ ਬਲਕਿ ਆਪਣੇ ਆਪ ਨੂੰ ਬਹਿਤਰ ਬਣਾਉਣ ਦਾ ਯਤਨ ਕਰਦੇ ਰਹਿਣਾ ਚਾਹੀਦਾ ਹੈ।




# ਪਾਠਕਾਂ ਦਾ ਨਜ਼ਰੀਆ

## ਆਜ਼ਾਦੀ ਤੋਂ ਸਿੱਖਾਂ ਨੂੰ ਕੀ ਮਿਲਿਆ

1947 ਤੋਂ ਪਹਿਲਾ ਇੱਕ ਬ੍ਰਿਟਿਸ਼ ਆਈ. ਏ.ਐਸ ਅਫ਼ਸਰ 'ਸਰ ਪੈਂਡਲਮੋਨ' ਨੇ ਸਿੱਖਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਅਤੇ ਸਿੱਖ ਲੀਡਰਾਂ ਨੂੰ ਸੰਬੋਧਿਤ ਹੁੰਦਿਆਂ ਕਿਹਾ ਸੀ, 'ਓਏ ਭੋਲਿਓ! ਤੁਸੀਂ ਨੀ ਜਾਣਦੇ ਤੁਹਾਡਾ ਵਾਹ ਕੀਹਦੇ ਨਾਲ ਪੈਣ ਜਾ ਰਿਹਾ, ਜਦੋਂ ਅੰਗਰੇਜ਼ ਇੱਥੋਂ ਚਲੇ ਜਾਣਗੇ ਤਾਂ ਇਹ ਲੋਕ ਤੁਹਾਡਾ ਉਹ ਹਸ਼ਰ ਕਰਨਗੇ ਕਿ ਮਨੁੱਖਤਾ ਸ਼ਰਮਸਾਰ ਹੋ ਜਾਏਗੀ, ਇਸ ਕਰਕੇ ਕਹਿਣਾ ਹਾਲੇ ਵੀ ਸੰਭਲ਼ ਜੋ।' ਇਹ ਗੱਲ ਭੋਲੇ ਭਾਲੇ ਸਿੱਖਾਂ ਦੇ ਮਨ ਵਿੱਚ ਵਸੀ ਨੀ 'ਤੇ ਉਨਾਂ ਇਹ ਕਹਿ ਕੇ ਜਵਾਬ ਦਿੱਤਾ ਸੀ ਕਿ ਜੇ ਤੁਹਾਡੀ ਗੱਲ ਸੱਚ ਸਾਬਤ ਹੋਈ ਤਾਂ ਕੋਈ ਨੀ ਅਸੀਂ ਆਪਣੇ ਹੱਕ ਖੋਹ ਲਵਾਂਗੇ , ਸਾਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਕਿਰਪਾਨ ਬਖ਼ਸ਼ੀਸ਼ ਕੀਤੀ ਹੈ ਅਸੀਂ ਕਿਰਪਾਨ ਪਹਿਨਦੇ ਹਾਂ, 'ਤੇ ਕਿਰਪਾਨ ਹੀ ਸਾਡੀ ਸਹਾਈ ਹੋਏਗੀ। ਅੱਗੋਂ ਸਰ ਪੈਂਡਲਮੋਨ ਨੇ ਕਿਹਾ; 'ਜਦੋਂ ਤੱਕ ਤੁਸੀਂ ਕਿਰਪਾਨ ਦੇ ਮੁੱਠੇ ਤੇ ਹੱਥ ਰੱਖਿਆ ਕਰੋਗੇ ਓਦੋਂ ਨੂੰ ਗੰਨ ਦੀ ਗੋਲੀ ਸਿੱਧੀ ਆਕੇ ਥੋਡੀ ਵਖੀ 'ਚ ਵੱਜਿਆ ਕਰੇਗੀ'। ਅਫ਼ਸੋਸ ਸਿੱਖ ਇਸ ਗੱਲ ਨੂੰ ਸਮਝ ਨੀ ਪਾਏ ਤੇ ਸਰ ਪੈਂਡਲਮੋਨ ਦੀ ਗੱਲ ਬਿਲਕੁਲ ਸੱਚ ਹੋਈ ਜਦੋਂ ਅਜ਼ਾਦੀ ਮਿਲਣ ਸਾਰ 'ਈ ਸਰਕਾਰੀ ਚੰਡਾਲ ਚੌਂਕੜੀ ਨੇ ਸਿੱਖਾਂ ਉੱਪਰ ਜ਼ੁਲਮ ਕਮਾਉਣ ਨੂੰ ਲੱਕ ਬੰਨ ਲਏ 'ਤੇ ਓਦੋਂ ਤੋਂ ਅੱਜ ਤੱਕ, ਬੇਕਸੂਰ, ਬੇਦੋਸ਼ੇ ਸਿੱਖਾਂ ਦੀਆਂ ਹਿੱਕਾਂ ਚੀਰਦੀ ਗੋਲੀ ਅੱਜ ਤੱਕ ਨਹੀਂ ਰੁਕੀ।

**-ਪਰਗਟ ਸਿੰਘ ਜੰਬਰ**

## ਕਿਸਾਨੀ ਸੰਘਰਸ਼ ਸਿਰਜ ਸਕਦਾ ਹੈ; ਨਵਾਂ ਪੰਜਾਬ

ਪੰਜਾਬ ਦੇ ਤਿੰਨ ਲੱਖ ਕਰੋੜ ਰੁਪਏ ਤੱਕ ਪੁੱਜ ਰਹੇ ਕਰਜ਼ੇ ਨੂੰ ਪਹਿਲਿਆਂ ਐਲਾਨਾਂ ਅਨੁਸਾਰ ਠੋਸ ਵਿਉਂਤਬੰਦੀ 'ਚ ਬਦਲਿਆ ਜਾਵੇ। 50 ਵਰਿਆਂ 'ਚ ਮੁਫ਼ਤ ਬਾਹਰ ਗਏ ਪਾਣੀਆਂ ਦੀ ਰਾਇਲਟੀ ਦੇ ਦਾਅਵੇ ਨਾਲ ਇਸ ਪਾਸੇ ਕੰਮ ਕਰਕੇ ਇਸ ਤੋਂ ਰਾਹਤ ਹਾਸਲ ਕੀਤੀ ਜਾਵੇ। ਇਸ ਵਾਸਤੇ ਭਾਰਤ ਸਰਕਾਰ, ਰਿਜ਼ਰਵ ਬੈਂਕ ਅਤੇ ਪਾਣੀਆਂ ਤੋਂ ਲਾਭ ਲੈ ਰਹੇ ਰਾਜਾਂ ਦੇ ਸਹਿਯੋਗ ਨੂੰ ਹਾਸਲ ਕਰਨਾ ਪਵੇਗਾ, ਨਹੀਂ ਤਾਂ ਸੁਪਰੀਮ ਕੋਰਟ ਦਾ ਰਸਤਾ ਅਖ਼ਤਿਆਰ ਕੀਤਾ ਜਾਵੇ।

ਗ ਪੰਜਾਬ ਰਾਜ ਦੀ ਟੈਕਸਾਂ ਤੋਂ ਆਮਦਨ ਵਧਾਉਣ ਅਤੇ ਸੁਰੱਖਿਅਤ ਕਰਨ ਵਾਸਤੇ ਸਮੂਹ ਗ਼ੈਰ-ਕਾਨੂੰਨੀ ਮਾਫ਼ੀਆ ਗਰੋਹਾਂ ਨੂੰ ਅਮਲੀ ਰੂਪ ਵਿਚ ਰੈਗੂਲਰ ਆਰਥਿਕਤਾ ਵਿਚ ਲਿਆਂਦਾ ਜਾਵੇ। ਸਭ ਰੇਤ, ਬਜਰੀ, ਹੋਰ ਮਾਈਨਿੰਗ, ਸ਼ਰਾਬ, ਭੂਮੀ ਖ਼ਰੀਦ ਤੇ ਵਿਕਰੇਤਾ ਆਦਿ ਦੀਆਂ ਜਾਇਦਾਦਾਂ ਅਤੇ ਆਮਦਨ ਨੂੰ ਟੈਕਸਾਂ ਦੇ ਘੇਰੇ ਵਿਚ ਲਿਆਉਣ ਵਾਸਤੇ ਲੋਕ ਲਹਿਰ ਰਾਹੀਂ ਮੋਰਚਾਬੰਦੀ ਕਰਨੀ ਬਣਦੀ ਹੈ। ਸਿਆਸੀ, ਪ੍ਰਸ਼ਾਸਨਿਕ ਅਤੇ ਕਾਨੂੰਨ ਪ੍ਰਣਾਲੀ ਨੂੰ ਇਮਾਨਦਾਰੀ ਨਾਲ ਫੁਰਤੀਲੀ ਬਣਾਉਣਾ ਪਵੇਗਾ। ਇਸ ਨਾਲ ਪੁਰਾਣੇ ਟੈਕਸਾਂ ਦੀ ਉਗਰਾਹੀ ਅਤੇ ਨਵੀਂ ਆਮਦਨ ਦੇ ਸਾਧਨ ਬਣਨਗੇ। ਹਰ ਆਮ ਪੰਜਾਬੀ ਅਤੇ ਬਾਹਰੋਂ ਆ ਕੇ ਵਸੇ ਸ਼ਹਿਰੀ ਨੂੰ ਖ਼ਰੀਦੋ-ਫ਼ਰੋਖ਼ਤ ਟੈਕਸ ਰਸੀਦ ਰਾਹੀਂ ਕਰਨ ਦਾ ਸੁਭਾਅ ਮਜ਼ਬੂਤ ਕਰਨਾ ਪਵੇਗਾ। ਇਹ ਸਭ ਕੁਝ ਰਲਾ-ਮਿਲਾ ਕੇ 50 ਹਜ਼ਾਰ ਕਰੋੜ ਰੁਪਏ ਸਾਲਾਨਾ ਟੈਕਸਾਂ ਦਾ ਸਾਧਨ ਹੈ।

ਗ ਪੰਜਾਬ ਵਿਚ ਨਵੇਂ ਜ਼ਰਾਇਤੀ ਇਨਕਲਾਬ ਵਾਸਤੇ ਕਿਰਸਾਨਾ ਅਤੇ ਕਾਸ਼ਤਕਾਰਾਂ ਨੂੰ ਪੰਜਾਬੀਅਤ ਆਧਾਰਿਤ, ਵੱਡੇ ਕੋਆਪ੍ਰੇਟਿਵ ਅਤੇ ਕਾਰਪੋਰੇਟ ਅਦਾਰੇ ਸਥਾਪਤ ਕਰਕੇ ਖੇਤੀਬਾੜੀ ਦੀ ਸਕੇਲ ਬਦਲਣੀ ਪਵੇਗੀ। ਵੱਡੀ ਖੇਤੀ, ਘੱਟ ਖ਼ਰਚ ਅਤੇ ਸੁਰੱਖਿਅਤ ਆਮਦਨ-ਜਾਇਦਾਦ ਦੇ ਅਸੂਲਾਂ ਨੂੰ ਕਾਨੂੰਨੀ ਪ੍ਰਸੰਗ ਵਿਚ ਢਾਲਿਆ ਜਾ ਸਕਦਾ ਹੈ। ਛੋਟੀ ਖੇਤੀ, ਘੱਟ ਖ਼ਰਚਿਆਂ ਅਤੇ ਸਹਾਇਕ ਕਾਰੋਬਾਰਾਂ ਨਾਲ ਅੱਗੇ ਵਧਿਆ ਜਾ ਸਕਦਾ ਹੈ। ਝੋਨੇ ਦਾ ਬਦਲ ਅਤੇ ਵੱਧ ਕੀਮਤਾਂ ਵਾਲੀਆਂ ਹੋਰਨਾਂ ਫ਼ਸਲਾਂ ਦੀ ਪੈਦਾਵਾਰ ਪਾਣੀ, ਵਾਤਾਵਰਨ ਅਤੇ ਜ਼ਮੀਨ ਬਚਾਅ ਸਕਦੇ ਹਨ। ਜਿਨਸਾਂ ਨਾਲੋਂ ਪੰਜਾਬੀ ਪ੍ਰੋਸੈਸਡ ਅਤੇ ਪੈਕ ਕੀਤਾ ਹੋਇਆ ਖਾਣ-ਪੀਣ ਦਾ ਸਾਮਾਨ ਵੱਡੀ ਪੱਧਰ 'ਤੇ ਬਰਾਮਦ ਕਰਨ।

ਗ ਪੰਜਾਬ ਦੁਆਲੇ ਦੇ ਰਾਜਾਂ ਦੀ ਸਾਂਝ ਪੱਤੀ ਨਾਲ, ਹਾਈਡਰੋ-ਇਲੈਕਟ੍ਰਿਕ ਡੈਮਾਂ, ਹਵਾ ਵਿੰਡ ਮਿੱਲਾਂ ਅਤੇ ਸੋਲਰ ਭਾਵ ਧੁੱਪ ਨਾਲ ਬਿਜਲੀ ਪੈਦਾ ਕਰਨ ਦੇ ਸਾਧਨ ਤੇਜ਼ੀ ਨਾਲ ਵਧਾਏ ਜਾਣ। ਵੇਸਟ-ਢੇਰ ਨਾਲ ਗੈਸ ਦਾ ਉਤਪਾਦਨ, ਫ਼ਸਲਾਂ ਦੀ ਰਹਿੰਦ-ਖੂੰਹਦ ਨਾਲ ਬਾਇਓ-ਐਥਨਿਲ ਤੇਲ ਬਣਾਉਣ ਆਦਿ ਨਵੀਆਂ ਸਨਅਤਾਂ ਦੇ ਮੌਕੇ ਪੈਦਾ ਕਰਦੇ ਹਨ। ਕਿੱਤਾ ਅਤੇ ਮੁਹਾਰਤ ਪ੍ਰਧਾਨ ਵਿੱਦਿਆ ਅਤੇ ਸਿਖਲਾਈ ਅਦਾਰਿਆਂ ਰਾਹੀਂ ਉਸਾਰੂ-ਇਮਾਰਤੀ ਵਿਕਾਸ ਤੋਂ ਲੈ ਕੇ ਕੰਪਿਊਟਰ ਸਾਫ਼ਟਵੇਅਰ ਅਤੇ ਫਾਰਮੇਸੀ ਵਾਲੇ ਕੰਮਾਂ-ਕਾਰਾਂ ਦੀ ਕੁਸ਼ਲਤਾ ਵਿਚ ਭਵਿੱਖ ਹੈ।

ਗ ਪੰਜਾਬ ਵਿਚ ਵਿਰਾਸਤੀ, ਧਾਰਮਿਕ ਅਤੇ ਕੁਦਰਤੀ ਖਿੱਚ ਆਧਾਰਿਤ ਟੂਰਿਜ਼ਮ ਗੁਆਂਢੀਆਂ ਨਾਲ ਮਿਲ ਕੇ ਵੱਡੀ ਪੱਧਰ 'ਤੇ ਵਿਕਸਿਤ ਹੋ ਸਕਦਾ ਹੈ।

ਜੇ ਰਾਜਸੀ, ਕਾਰਪੋਰੇਟ ਅਤੇ ਕੋਆਪ੍ਰੇਟਿਵ ਪੰਜਾਬੀ ਆਗੂ ਸਮੇਤ ਸਮੂਹ ਸੰਸਥਾਤਮਕ ਅਗਵਾਈ ਇਮਾਨਦਾਰੀ, ਹਿੰਮਤ ਅਤੇ ਜਜ਼ਬੇ ਨਾਲ ਚਾਹੁਣ ਤਾਂ ਕਿਰਸਾਨ ਮੋਰਚੇ ਅਤੇ ਕੋਵਿਡ ਸੰਕਟ ਤੋਂ ਅਗਲਾ ਪੰਜਾਬ ਆਤਮ ਨਿਰਭਰ ਬਣਾ ਸਕਦੇ ਹਨ।

**-ਡਾਕਟਰ ਸੁਜਿੰਦਰ ਸਿੰਘ ਸੰਘਾ**

## ਸੰਘੀ ਨਸਲਵਾਦ ਦਾ ਉੱਤਰ ਪ੍ਰਦੇਸ਼ ਮਾਡਲ

1925 ਵਿੱਚ ਆਪਣੀ ਸਥਾਪਨਾ ਤੋਂ ਹੀ ਰਾਸ਼ਟਰੀ ਸਵੈ ਸੇਵਕ ਸੰਘ ਭਾਰਤ ਨੂੰ 'ਹਿੰਦੂ ਰਾਸ਼ਟਰ' ਬਣਾਉਣ ਦਾ ਸੁਫ਼ਨਾ ਵੇਖਦਾ ਆਇਆ ਹੈ। ਇਸਦਾ 'ਹਿੰਦੂ ਰਾਸ਼ਟਰ' ਕਿਸ ਤਰਾਂ ਦਾ ਹੋਵੇਗਾ ਇਸਦੇ ਦਰਸ਼ਨ ਇਸ ਦੀਆਂ ਲਿਖਤਾਂ, ਇਸ ਦੀਆਂ ਸਰਗਰਮੀਆਂ ਵਿੱਚ ਬਾਖ਼ੂਬੀ ਹੁੰਦੇ ਰਹੇ ਹਨ। ਰਾਸ਼ਟਰੀ ਸਵੈ ਸੇਵਕ ਸੰਘ ਅਤੇ ਇਸ ਦੀਆਂ ਭਾਜਪਾ, ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ, ਏ.ਬੀ.ਵੀ.ਪੀ., ਵਰਗੀਆਂ ਜਾਣੀਆਂ-ਅਣਜਾਣੀਆਂ ਦਰਜਨਾਂ ਉਪ-ਜਥੇਬੰਦੀਆਂ ਗੈਰ-ਹਿੰਦੂਆਂ ਖ਼ਿਲਾਫ਼ ਅਣਥੱਕ ਤੌਰ 'ਤੇ ਨਫ਼ਰਤ ਫੈਲਾਉਣ ਦਾ ਕੰਮ ਕਰਦੀਆਂ ਰਹੀਆਂ ਹਨ: ਮਜ਼ਦੂਰਾਂ, ਕਿਰਤੀਆਂ, ਘੱਟ ਗਿਣਤੀਆਂ, ਔਰਤਾਂ, ਦਲਿਤਾਂ ਦੇ ਜਮਹੂਰੀ ਹੱਕਾਂ ਦੇ ਵਿਰੁੱਧ ਖੜਦੇ ਰਹੇ ਹਨ। ਇਸ ਸੰਘ ਪਰਿਵਾਰ ਨੇ ਮੁਸਲਮਾਨਾਂ, ਈਸਾਈਆਂ, ਸਿੱਖਾਂ, ਦਲਿਤਾਂ, ਔਰਤਾਂ ਖ਼ਿਲਾਫ਼ ਅਣਗਿਣਤ ਹਿੰਸਕ ਕਾਰਵਾਈਆਂ ਨੂੰ ਅੰਜਾਮ ਦਿੱਤਾ ਹੈ। ਸੰਨ ਚੁਰਾਸੀ ਵਿੱਚ ਦਿੱਲੀ ਵਿੱਚ ਬੇਗੁਨਾਹ ਸਿੱਖਾਂ ਦੇ ਹੋਏ ਕਤਲੇਆਮ ਵਿੱਚ ਇਸ ਦੀ ਕਾਂਗਰਸੀ ਗੁੰਡਿਆਂ ਨਾਲ਼ ਮਿਲ਼ ਕੇ ਨਿਭਾਈ ਭੂਮਿਕਾ ਕੌਣ ਭੁਲਾ ਸਕਦਾ ਹੈ? ਸੰਨ 2002 ਵਿੱਚ ਗੁਜਰਾਤ ਵਿੱਚ, 2013 ਵਿੱਚ ਮੁਜ਼ੱਫ਼ਰਨਗਰ ਵਿੱਚ ਮੁਸਲਮਾਨਾਂ ਦਾ ਕਤਲੇਆਮ, 2008 ਵਿੱਚ ਉੜੀਸਾ 'ਚ ਈਸਾਈਆਂ ਦਾ ਕਤਲੇਆਮ, ਸੰਘ ਪਰਿਵਾਰ ਦੀਆਂ ਅਣਮਨੁੱਖੀ ਕਰਤੂਤਾਂ ਦੀ ਸੂਚੀ ਬਹੁਤ ਲੰਮੀ ਹੈ।

ਪਹਿਲਾਂ ਗੁਜਰਾਤ ਸੰਘੀ ਫਾਸੀਵਾਦ ਦਾ ਮਾਡਲ ਰਿਹਾ ਹੈ। ਅੱਜ-ਕੱਲ ਇਹ ਭੂਮਿਕਾ ਯੋਗੀ ਅਦਿਤਯਨਾਥ ਦੀ ਅਗਵਾਈ ਵਿੱਚ ਉੱਤਰ ਪ੍ਰਦੇਸ਼ ਨਿਭਾਅ ਰਿਹਾ ਹੈ। ਤਾਜ਼ਾ ਹਾਥਰਾਸ ਘਟਨਾਕ੍ਰਮ ਦੌਰਾਨ ਸੰਘੀ ਫਾਸੀਵਾਦ ਬੇਹੱਦ ਘ੍ਰਿਣਿਤ ਤੇ ਖ਼ਤਰਨਾਕ ਰੂਪ ਵਿੱਚ ਸਾਹਮਣੇ ਆਇਆ ਹੈ।

ਉੱਤਰ ਪ੍ਰਦੇਸ਼ ਦੇ ਹਾਥਰਾਸ ਜ਼ਿਲੇ ਦੇ ਭੁਲਗੜੀ ਪਿੰਡ ਵਿੱਚ ਪਿਛਲੀ 14 ਸਤੰਬਰ ਨੂੰ 19 ਸਾਲਾ ਮਨੀਸ਼ਾ ਵਾਲਮਕਿ ਨਾਲ਼ ਪਿੰਡ ਦੇ ਉੱਚ ਜਾਤ ਨਾਲ਼ ਸਬੰਧਤ ਮੁੰਡਿਆਂ ਨੇ ਸਮੂਹਿਕ ਬਲਾਤਕਾਰ ਕੀਤਾ। ਮਨੁੱਖਾਂ ਦੇ ਭੇਖ ਵਿੱਚ ਇਹਨਾਂ ਬਘਿਆੜਾਂ ਨੇ ਪੀੜਤ ਕੁੜੀ ਦੀ ਰੀੜ ਦੀ ਹੱਡੀ ਤੱਕ ਤੋੜ ਸੁੱਟੀ ਅਤੇ ਜੀਭ ਵੀ ਕੱਟ ਦਿੱਤੀ। ਯੋਗੀ ਸਰਕਾਰ ਨੇ ਇਸ ਮਾਮਲੇ ਵਿੱਚ ਜੋ ਭੂਮਿਕਾ ਨਿਭਾਈ ਹੈ ਉਹ ਕੋਈ ਆਮ ਜਾਬਰ ਸਰਕਾਰ ਵੀ ਨਹੀਂ ਨਿਭਾ ਸਕਦੀ। ਭਾਜਪਾ ਨਾਲ਼ ਸਬੰਧਤ ਦੋਸ਼ੀਆਂ ਨੂੰ ਬਚਾਉਣ ਲਈ ਯੋਗੀ ਸਰਕਾਰ ਨੇ ਅੱਡੀ-ਚੋਟੀ ਦਾ ਜ਼ੋਰ ਲਾ ਦਿੱਤਾ ਹੈ। ਪੀੜਤ ਪਰਿਵਾਰ ਨੂੰ ਐਫ.ਆਈ. ਆਰ. ਦਰਜ ਕਰਾਉਣ ਲਈ ਹਫ਼ਤਾ ਭਰ ਦਰ-ਦਰ ਦੀਆਂ ਠੋਕਰਾਂ ਖਾਣੀਆਂ ਪਈਆਂ। ਪੋਸਟ ਮਾਰਟਮ ਦੀ ਰਿਪੋਰਟ ਵਿੱਚ ਗੜਬੜ ਕਰਵਾਈ ਗਈ। ਲਾਸ਼ ਮਾਂ-ਬਾਪ ਨੂੰ ਨਾ ਸੌਂਪੀ ਗਈ। ਮਾਤਾ-ਪਿਤਾ ਤੇ ਹੋਰ ਪਰਿਵਾਰਕ ਮੈਂਬਰਾਂ ਨੂੰ ਘਰ ਵਿੱਚ ਕੈਦ ਕਰ ਦਿੱਤਾ ਗਿਆ। ਪਰਿਵਾਰ ਦੀ ਮਰਜ਼ੀ ਮੁਤਾਬਿਕ ਬੱਚੀ ਦਾ ਆਦਰ ਸਹਿਤ ਤੇ ਧਾਰਮਿਕ ਰਸਮਾਂ-ਰਿਵਾਜਾਂ ਮੁਤਾਬਿਕ ਅੰਤਿਮ ਸਸਕਾਰ ਤੱਕ ਨਹੀਂ ਕਰਨ ਦਿੱਤਾ ਗਿਆ। ਰਾਤ ਦੇ ਢਾਈ ਵਜੇ ਲਾਸ਼ ਨੂੰ ਪੁਲਿਸ ਨੇ ਸਾੜ ਦਿੱਤਾ ਤਾਂ ਕਿ ਅਪਰਾਧ ਦੇ ਸਬੂਤ ਮਿਟ ਜਾਣ। ਅਫ਼ਸਰਾਂ ਨੇ ਪਰਿਵਾਰ ਨੂੰ ਬਿਆਨ ਬਦਲਣ ਲਈ ਦਬਾਅ ਪਾਇਆ।

ਹਾਥਰਾਸ ਕਾਂਡ ਵਿੱਚ ਭਾਜਪਾ ਦੀ ਯੋਗੀ ਸਰਕਾਰ ਨੇ ਜੋ ਔਰਤ ਵਿਰੋਧੀ, ਦਲਿਤ ਵਿਰੋਧੀ ਅਪਰਾਧਿਕ ਭੂਮਿਕਾ ਨੰਗੇ-ਚਿੱਟੇ ਰੂਪ ਵਿੱਚ ਨਿਭਾਈ ਹੈ ਉਹ ਸੰਘ ਪਰਿਵਾਰ ਦੀ ਇਸੇ ਫਾਸੀਵਾਦੀ ਸੋਚ ਦੇ ਅਨੁਸਾਰੀ ਹੈ। ਭਾਜਪਾ ਦੇ ਵੱਡੇ ਲੀਡਰ ਅਤੇ ਸਾਬਕਾ ਸੰਸਦ ਮੈਂਬਰ ਚਿਨਮਯਾਨੰਦ ਉੱਤੇ ਪੱਕੇ ਵੀਡੀਓ ਸਬੂਤਾਂ ਸਮੇਤ ਬਲਾਤਕਾਰ ਦਾ ਦੋਸ਼ ਲਾਉਣ ਵਾਲ਼ੀ ਵਿਦਿਆਰਥਣ ਉੱਤੇ ਬਲੈਕਮੇਲ ਕਰਨ ਦਾ ਝੂਠਾ ਮਾਮਲਾ ਦਰਜ ਕਰਕੇ ਜੇਲ ਵਿੱਚ ਡੱਕਣ ਦੇ ਮਾਮਲੇ ਵਿੱਚ ਅਸੀਂ ਦੇਖਿਆ ਹੈ ਕਿ ਕਿੰਨੇ ਬਰਾਬਰ ਰੂਪ ਵਿੱਚ ਉੱਤਰ ਪ੍ਰਦੇਸ਼ ਵਿੱਚ ਔਰਤ ਵਿਰੋਧੀ ਸੰਘੀ ਫਾਸੀਵਾਦ ਕੰਮ ਕਰ ਰਿਹਾ ਹੈ। ਪੀੜਤ ਨੂੰ ਹੀ ਜੇਲ ਵਿੱਚ ਡੱਕ ਦਿੱਤਾ ਗਿਆ। ਉਸਨੂੰ ਘਰੋਂ ਗ੍ਰਿਫ਼ਤਾਰ ਕਰਨ ਸਮੇਂ ਪੈਰ 'ਚ ਚੱਪਲ ਤੱਕ ਨਹੀਂ ਪਾਉਣ ਦਿੱਤੀ ਗਈ। ਉਸਨੂੰ ਪੁਲਿਸ ਨੰਗੇ ਪੈਰੀਂ ਘਸੀਟਦੀ ਹੋਈ ਲੈ ਗਈ। ਕਰੋਨਾ ਬਹਾਨੇ ਯੋਗੀ ਸਰਕਾਰ ਨੇ ਸਖ਼ਤ ਪਾਬੰਦੀਆਂ ਮੜ ਕੇ ਲੋਕ ਘੋਲ਼ਾਂ ਨੂੰ ਕੁਚਲਿਆ।

ਸਤੰਬਰ ਵਿੱਚ ਯੋਗੀ ਸਰਕਾਰ ਨੇ ਇੱਕ ਨਵੇਂ ਕਾਲ਼ੇ ਕਨੂੰਨ ਰਾਹੀਂ 'ਉੱਤਰ ਪ੍ਰਦੇਸ਼ ਵਿਸ਼ੇਸ਼ ਸੁਰੱਖਿਆ ਬਲ' ਨਾਂ ਦੀ ਇੱਕ ਨਵੀਂ ਹਥਿਆਰਬੰਦ ਤਾਕਤ ਦਾ ਗਠਨ ਕੀਤਾ ਹੈ। ਇਹ ਨਵੇਂ ਤਰਾਂ ਦੀ ਪੁਲਿਸ ਹੋਵੇਗੀ ਜੋ ਬਿਨਾਂ ਕਿਸੇ ਇਜਾਜ਼ਤ ਤੋਂ ਤਲਾਸ਼ੀ ਲੈ ਸਕਦੀ ਹੈ। ਕਦੇ ਵੀ ਕਿਸੇ ਦੀ ਗ੍ਰਿਫ਼ਤਾਰੀ ਕਰ ਸਕਦੀ ਹੈ। ਇਸ ਨਵੀਂ ਪੁਲਿਸ ਦੇ ਕਿਸੇ ਅਫ਼ਸਰ ਜਾਂ ਮੈਂਬਰ ਉੱਤੇ ਕੋਈ ਮੁਕੱਦਮਾ ਨਹੀਂ ਦਰਜ ਕੀਤਾ ਜਾ ਸਕਦਾ ਅਤੇ ਅਦਾਲਤ ਵੀ ਆਪਣੇ ਆਪ ਸਰਕਾਰ ਦੀ ਆਗਿਆ ਤੋਂ ਬਿਨਾਂ ਮੁਕੱਦਮਾ ਨਹੀਂ ਚਲਾ ਸਕੇਗੀ। ਹਿਟਲਰ ਨੇ ਵੀ ਅਜਿਹੀ ਹੀ 'ਗੇਸਟੇਪੋ' ਨਾਂ ਦੀ ਇੱਕ ਹਥਿਆਰਬੰਦ ਤਾਕਤ ਖੜੀ ਕੀਤੀ ਸੀ।

ਨਾਗਰਿਕਤਾ ਸੋਧ ਕਨੂੰਨ, ਨਾਗਰਿਕ ਰਜਿਸਟਰ ਅਤੇ ਅਬਾਦੀ ਰਜਿਸਟਰ ਖ਼ਿਲਾਫ਼ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਜ਼ੋਰਦਾਰ ਵਿਰੋਧ ਹੋਇਆ। ਯੋਗੀ ਸਰਕਾਰ ਨੇ ਉੱਤਰ ਪ੍ਰਦੇਸ਼ ਵਿੱਚ ਇਸ ਵਿਰੋਧ ਨੂੰ ਸਖ਼ਤੀ ਨਾਲ਼ ਕੁਚਲਿਆ। ਵਿਰੋਧ ਮੁਜ਼ਾਹਰਿਆਂ ਦੇ ਆਯੋਜਕਾਂ ਅਤੇ ਇਹਨਾਂ ਵਿੱਚ ਸ਼ਾਮਲ ਹੋਣ ਵਾਲ਼ੇ ਹੋਰ ਉੱਘੇ ਵਿਅਕਤੀਆਂ ਉੱਤੇ ਭਾਰੀ ਜੁਰਮਾਨੇ ਲਾਏ ਗਏ ਅਤੇ ਵਸੂਲੀ ਲਈ ਇਹਨਾਂ ਦੀ ਜਾਇਦਾਦ ਜ਼ਬਤੀ ਦੇ ਹੁਕਮ ਤੱਕ ਸੁਣਾ ਦਿੱਤੇ ਗਏ। ਸੰਘੀ ਫਾਸੀਵਾਦ ਦੇ ਉੱਤਰ ਪ੍ਰਦੇਸ਼ ਮਾਡਲ ਦੀ ਇਹ ਇੱਕ ਹੋਰ ਉੱਘੜਵੀਂ ਉਦਾਹਰਨ ਹੈ।

ਯੋਗੀ ਅਦਿਤਯਨਾਥ ਨੇ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਹੀ ਗੋਰਖਪੁਰ ਵਿੱਚ ਵੱਖ-ਵੱਖ ਥਾਵਾਂ-ਇਲਾਕਿਆਂ ਦੇ ਨਾਂ ਬਦਲਵਾ ਦਿੱਤੇ ਸਨ। ਸ਼ਹਿਰ ਦੇ ਉਰਦੂ ਬਜ਼ਾਰ ਦਾ ਨਾਂ ਹਿੰਦੀ ਬਜ਼ਾਰ, ਅਲੀ ਨਗਰ ਦਾ ਆਰਿਆ ਨਗਰ, ਮੀਆਂ ਨਗਰ ਦਾ ਨਾਂ ਮਾਇਆ ਨਗਰ ਕਰ ਦਿੱਤਾ ਗਿਆ। ਉਸਦਾ ਕਹਿਣਾ ਹੈ ਦੇਸ਼ ਦੀ ਪਹਿਚਾਣ ਹਿੰਦੀ ਤੇ ਹਿੰਦੂ ਤੋਂ ਹੈ ਨਾ ਕਿ ਉਰਦੂ ਅਤੇ ਮੁਸਲਮਾਨਾਂ ਤੋਂ। ਮੁੱਖ ਮੰਤਰੀ ਬਣਨ ਤੋਂ ਬਾਅਦ ਨਾਂਅ ਬਦਲੀ ਦਾ ਇਹ ਸਿਲਸਿਲਾ ਜਾਰੀ ਰਿਹਾ ਹੈ।

**-ਰਣਬੀਰ**

## ਸਾਡੇ ਵੇਲਿਆਂ ਦਾ ਰੰਗਲਾ ਬਚਪਨ

ਮੇਰਾ ਬਚਪਨ 90 ਦੇ ਦਸ਼ਕ ਵਿੱਚ ਬੀਤਿਆ। 1990 ਤਕ ਸਾਡੇ ਘਰ ਫ਼ਰਿਜ ਨਹੀਂ ਸੀ ਹੁੰਦਾ ਅਤੇ ਨਾ ਹੀ ਸਾਡੇ ਮੁਹੱਲੇ ਵਿੱਚ ਕਿਸੇ ਘਰ ਫ਼ਰਿਜ ਸੀ। ਉਦੋਂ ਮੈਂ 8 ਕੁ ਸਾਲਾਂ ਦੀ ਸੀ। ਲੋਕ ਉਦੋਂ ਜ਼ਿਆਦਾ ਦਿਖਾਵੇ ਵਿੱਚ ਵਿਸ਼ਵਾਸ ਨਹੀਂ ਸੀ ਕਰਦੇ।

ਸਾਡੇ ਨਾਲ ਦੇ ਘਰ ਵਿਆਹ ਹੋਇਆ ਅਤੇ ਨਵੀਂ ਵਹੁਟੀ ਦਾਜ ਵਿੱਚ ਫ਼ਰਿਜ ਲੈ ਕੇ ਆਈ। ਸਾਨੂੰ ਤਾਂ ਚਾਅ ਹੀ ਬਹੁਤ ਚੜ੍ਹਿਆ।

ਨਵੀਂ ਵਹੁਟੀ ਬੱਚਿਆਂ ਨਾਲ ਬਹੁਤ ਖ਼ੁਸ਼ ਰਹਿੰਦੀ ਅਤੇ ਸਾਨੂੰ ਆਪਣੇ ਘਰ ਬੁਲਾ ਲੈਂਦੀ। ਉਸਦੇ ਪੇਕੇ ਸਾਡੇ ਨਾਨਕਿਆਂ ਵੱਲ ਹੋਣ ਕਰਕੇ ਅਸੀਂ ਉਸ ਨੂੰ ਮਾਸੀ ਕਹਿੰਦੇ ਅਤੇ ਅਸੀਂ ਰੋਜ਼ ਹੀ ਮਾਸੀ ਕੋਲੋਂ ਬਰਫ਼ ਲੈ ਕੇ ਆਉਂਦੇ। ਟਰੇਅ ਵਿੱਚ ਚੌਰਸ ਟੁਕੜਿਆਂ ਵਿੱਚ ਜੰਮੀ ਬਰਫ਼ ਸਾਨੂੰ ਕਿਸੇ ਸੁਆਦੀ ਚੀਜ਼ ਨਾਲੋਂ ਵੀ ਜ਼ਿਆਦਾ ਸੁਆਦ ਲਗਦੀ।

ਫਿਰ ਇੱਕ ਦਿਨ ਮੰਮੀ ਨੇ ਆਇਸਕਰੀਮ ਜਮਾਉਣ ਲਈ ਦੁੱਧ ਸਾਨੂੰ ਫੜਾ ਦਿੱਤਾ ਕਿ ਫ਼ਰਿਜ ਵਿੱਚ ਰੱਖ ਆਓ। ਪਹਿਲੀ ਵਾਰ ਅਸੀਂ ਘਰ ਦੀ ਬਣਾਈ ਆਇਸਕਰੀਮ ਖਾਣੀ ਸੀ। ਸਾਨੂੰ ਚਾਅ ਚੜ੍ਹਿਆ ਪਿਆ ਸੀ। ਜਦੋਂ ਸ਼ਾਮੀ ਅਸੀਂ ਜੰਮੀ ਹੋਈ ਆਇਸਕਰੀਮ ਲੈ ਕੇ ਵਾਪਸ ਆ ਰਹੇ ਸੀ ਤਾਂ ਅਸੀਂ ਭੈਣ-ਭਰਾ ਗੱਲਾਂ ਕਰੀਏ - ਜਦੋਂ ਆਪਾਂ ਨੇ ਫ਼ਰਿਜ ਲਿਆਂਦਾ ਤਾਂ ਆਪਾਂ ਤਾਂ ਦੁੱਧ ਦੀ ਪੂਰੀ ਬਾਲਟੀ ਹੀ ਫ਼ਰਿਜ ਵਿੱਚ ਲਾ ਕੇ ਆਈਸਕਰੀਮ ਜਮਾ ਕੇ ਰੱਜ ਰੱਜ ਖ਼ਾਇਆ ਕਰਾਂਗੇ। ਉਦੋਂ ਭੋਲੇ ਮਨਾਂ ਨੂੰ ਪਤਾ ਹੀ ਨਹੀਂ ਸੀ ਕਿ ਪੂਰੇ ਫ਼ਰਿਜ ਵਿੱਚ ਬਰਫ਼ ਜਮਾਉਣ ਵਾਲਾ ਖਾਨਾ (ਫਰੀਜ਼ਰ) ਤਾਂ ਛੋਟਾ ਜਿਹਾ ਹੀ ਹੁੰਦਾ ਹੈ। ਜਦੋਂ ਅਗਲੇ ਸਾਲ ਸਾਡੇ ਸਭ ਦੇ ਜ਼ੋਰ ਪਾਉਣ 'ਤੇ ਸਾਡੇ ਘਰ ਵੀ ਫ਼ਰਿਜ ਲਿਆਂਦਾ ਅਤੇ ਅਸੀਂ ਚੰਗੀ ਤਰਾਂ ਉਸ ਦਾ ਮੁਆਇਨਾ ਕੀਤਾ ਤਾਂ ਬਾਲਟੀ ਵਿੱਚ ਆਇਸਕ੍ਰੀਮ ਜਮਾਉਣ ਵਾਲੀ ਗੱਲ 'ਤੇ ਬੜਾ ਹੱਸੇ। ਜਦੋਂ ਅਸੀਂ ਪਹਿਲੀ ਮਿਕਸੀ ਲਿਆਂਦੀ ਤਾਂ ਸਾਰਾ ਮੁਹੱਲਾ ਦੇਖਣ ਆਇਆ ਅਤੇ ਜਦੋਂ ਮੰਮੀ ਨੇ ਸਭ ਨੂੰ ਪਿਆਜ਼ਾਂ ਨੂੰ ਮਿੰਟ ਵਿੱਚ ਪੀਹ ਕੇ ਮਸਾਲਾ ਤਿਆਰ ਕਰਕੇ ਦਿਖਾਇਆ ਤਾਂ ਕਈਆਂ ਦੇ ਮੂੰਹ ਖੁੱਲੇ ਰਹਿ ਗਏ।

ਸੋ ਇਹ ਉਨਾਂ ਵੇਲਿਆਂ ਦੀਆਂ ਯਾਦਾਂ ਨੇ ਜਦੋਂ ਟੈਕਨੌਲੋਜੀ ਨੇ ਅਜੇ ਦਸਤਕ ਨਹੀਂ ਸੀ ਦਿੱਤੀ। ਸਾਡੀ ਪੀੜੀ ਨੇ ਜ਼ਮਾਨੇ ਨੂੰ ਬਦਲਦੇ ਦੇਖਿਆ ਹੈ। ਅਸੀਂ ਫੱਟੀਆਂ ਵੀ ਲਿਖੀਆਂ, ਇਸੇ ਲਈ ਹੁਣ ਤਕ ਲਿਖਾਈ ਨਹੀਂ ਵਿਗੜੀ। ਚਿੱਠੀਆਂ ਵੀ ਬਹੁਤ ਲਿਖੀਆਂ। ਸ਼ਾਇਦ ਤਾਹੀਂ ਅੱਜ ਦਿਲ ਦੀ ਗੱਲ ਕਲਮ ਸਹਿਜੇ ਹੀ ਲਿਖ ਲੈਂਦੀ ਹਾਂ। ਅਸੀਂ ਟੈਲੀਫੋਨ ਤੋਂ ਬਿਨਾਂ ਵਾਲੀ ਜ਼ਿੰਦਗੀ ਵੀ ਜੀਵੀ ਹੈ ਅਤੇ ਬਿਜਲੀ ਜਾਣ ਤੋਂ ਬਾਅਦ ਸਿਖਰ ਦੁਪਹਿਰੇ ਪਿੱਪਲਾਂ ਦੀ ਛਾਵੇਂ ਹੀ ਕੱਟੇ ਨੇ। ਸਾਡੇ ਬਚਪਨ ਅੱਜ ਦੇ ਬੱਚਿਆਂ ਵਾਂਗ ਚਾਹੇ ਅਮੀਰ ਨਹੀਂ ਸੀ ਪਰ ਅਸੀਂ ਆਪਣੇ ਬਚਪਨ ਨੂੰ ਬਿਨਾਂ ਕਿਸੇ ਬੋਝ ਦੇ ਭਰਪੂਰ ਜੀਵਿਆ। ਅਸੀਂ ਤਾਂ ਅੰਗਰੇਜ਼ੀ ਦੀ ਏਬੀਸੀ ਵੀ ਛੇਵੀਂ ਜਮਾਤ ਵਿੱਚ ਜਾ ਕੇ ਸਿੱਖੀ ਸੀ। ਸਾਡੇ ਬਚਪਨ ਚਾਹੇ ਥੁੜਾਂ ਵਿੱਚ ਹੀ ਗੁਜ਼ਰੇ ਪਰ ਸਬਰ, ਸੰਤੋਖ ਅੱਜ ਦੇ ਬੱਚਿਆਂ ਨਾਲੋਂ ਸਾਡੇ ਵਿੱਚ ਜ਼ਿਆਦਾ ਸੀ। ਜਵਾਨ ਹੁੰਦੇ ਹੀ ਸਾਡੀ ਪੀੜੀ ਦੀਆਂ ਬਰੂਹਾਂ 'ਤੇ ਟੈਕਨੌਲੋਜੀ ਬਾਂਹਾਂ ਫੈਲਾਈ ਖੜੀ ਸੀ, ਜਿਸ ਨੂੰ ਸਮਝਣ ਅਤੇ ਵਰਤਣ ਵਾਲੇ ਵੀ ਅਸੀਂ ਪਹਿਲੇ ਸੀ। ਜਦੋਂ ਹੋਸਟਲ ਵਿੱਚ ਪੜਦੇ ਗਿਆਰਵੀਂ ਕਲਾਸ ਵਿੱਚ ਪਹਿਲੀ ਵਾਰ ਘਰੇ ਨਵੇਂ ਲੱਗੇ ਟੈਲੀਫ਼ੋਨ 'ਤੇ ਗੱਲ ਕੀਤੀ ਸੀ ਤਾਂ ਚਾਅ ਜਿਹਾ ਚੜ ਗਿਆ ਸੀ ਅਤੇ ਕੰਪਿਊਟਰ ਸਾਇੰਸ ਵਿਸ਼ੇ ਵਿੱਚ ਗਰੈਜੂਏਸ਼ਨ ਕਰਦਿਆਂ, ਜਦੋਂ 2002 ਵਿੱਚ ਇੰਟਰਨੈੱਟ ਪਹਿਲੀ ਵਾਰ ਵਰਤਿਆ ਸੀ ਤਾਂ ਲੱਗਿਆ ਸੀ ਕਿ ਇਹ ਤਾਂ ਜਾਦੂ ਹੋ ਗਿਆ ਹੈ। ਪਰ ਹੁਣ ਜਦੋਂ ਪਿੱਛੇ ਮੁੜ ਕੇ ਦੇਖਦੀ ਹਾਂ ਤਾਂ ਲਗਦਾ ਹੈ ਕਿ ਉਹ ਪੁਰਾਣੇ ਜ਼ਮਾਨੇ ਜ਼ਿਆਦਾ ਵਧੀਆ ਸਨ।

ਸੁਖ ਸਹੂਲਤਾਂ ਚਾਹੇ ਅੱਜ ਅਸੀਂ ਜ਼ਿਆਦਾ ਮਾਣ ਰਹੇ ਹਾਂ ਪਰ ਜ਼ਿੰਦਗੀ ਦੀ ਦੌੜ ਵਿੱਚ ਅਸੀਂ ਪਹਿਲੀਆਂ ਪੀੜੀਆਂ ਨਾਲੋਂ ਫਾਡੀ ਰਹਿ ਗਏ ਹਾਂ। ਚਾਹੇ ਉਹਨਾਂ ਕੋਲ ਸਾਡੇ ਜਿੰਨੀਆਂ ਸੁਖ-ਸੁਵਿਧਾਵਾਂ ਨਹੀਂ ਸਨ ਪਰ ਫਿਰ ਵੀ ਉਹ ਸਖ਼ਤ ਮਿਹਨਤਾਂ ਕਰਦੇ, ਪ੍ਰਮਾਤਮਾ ਦਾ ਸ਼ੁਕਰਾਨਾ ਕਰਦੇ ਸੰਤੁਸ਼ਟ ਅਤੇ ਖ਼ੁਸ਼ਹਾਲ ਜ਼ਿੰਦਗੀ ਜਿਉਂਦੇ ਸਨ। ਸਾਂਝੇ ਘਰਾਂ ਵਿੱਚ ਰਹਿੰਦਿਆਂ ਇੱਕ ਦੂਜੇ ਦਾ ਸੁਖ-ਦੁੱਖ ਵੰਡਾਉਂਦੇ ਉਹ ਲੋਕ ਸੰਜਮੀ, ਸਾਫ਼ ਦਿਲ ਅਤੇ ਹਸਮੁਖ ਹੁੰਦੇ ਸਨ ਪਰ ਅੱਜ ਉਹਨਾਂ ਦੇ ਵਾਰਿਸ ਅਖਵਾਉਣ ਵਾਲੇ ਅਸੀਂ ਚਾਰ ਜੀਅ ਹੀ ਘਰ ਵਿੱਚ ਕਲੇਸ਼ ਪਾ ਕੇ ਰੱਖਦੇ ਹਾਂ ਅਤੇ ਗ਼ੁੱਸੇ ਵਿੱਚ ਆ ਕੇ ਮਰਨ-ਮਾਰਨ ਨੂੰ ਝੱਟ ਤਿਆਰ ਹੋ ਜਾਂਦੇ ਹਾਂ। ਰਿਸ਼ਤਿਆਂ ਵਿੱਚੋਂ ਆਪਸੀ ਪਿਆਰ, ਨਿੱਘ ਅਤੇ ਵਿਸ਼ਵਾਸ ਖ਼ਤਮ ਹੋ ਰਿਹਾ ਹੈ।

**-ਮਨਪ੍ਰੀਤ ਕੌਰ ਮਿਨਹਾਸ**

# ਪੰਜਾਬ ਦਾ ਨਾਮ ਵਿਦੇਸ਼ਾਂ ਵਿਚ ਚਮਕਾਉਣ ਵਾਲੀਆਂ ਮਹਾਨ ਪਰਵਾਸੀ ਪੰਜਾਬੀ ਸ਼ਖ਼ਸੀਅਤਾਂ



- ਗੁਰਮੀਤ ਸਿੰਘ ਪਲਾਹੀ
9815802070

ਪੰਜਾਬੀ ਸਭਿਆਚਾਰ, ਪੰਜਾਬੀ ਬੋਲੀ ਅਤੇ ਪੰਜਾਬੀ ਸਾਹਿਤ ਦੇ ਪ੍ਰਸਾਰ ਅਤੇ ਪ੍ਰਚਾਰ ਲਈ ਪ੍ਰਵਾਸ ਹੰਢਾ ਰਹੇ ਚਿੰਤਕਾਂ ਨੇ ਆਪਣੇ ਵੱਲੋਂ ਭਰਪੂਰ ਯੋਗਦਾਨ ਦਿੱਤਾ। ਬਰਤਾਨੀਆ, ਕੈਨੇਡਾ ਵਿੱਚ ਤਾਂ ਪੰਜਾਬੀ ਨੂੰ ਯੋਗ ਸਥਾਨ ਮਿਲਿਆ ਹੀ। ਇਸੇ ਤਰਾਂ ਵੱਡੀ ਗਿਣਤੀ 'ਚ ਪੰਜਾਬੀ ਇਨਾਂ ਮੁਲਕਾਂ ਵਿੱਚ ਵੱਸਦੇ ਹਨ, ਜਿਨਾਂ ਖੇਤੀ, ਕਾਰੋਬਾਰ 'ਚ ਤਾਂ ਮੀਲ ਪੱਥਰ ਗੱਡੇ। ਸਿੱਟੇ ਵਜੋਂ ਸਿਆਸਤ, ਸਿੱਖਿਆ ਖੇਤਰ 'ਚ ਉਨਾਂ ਵੱਡੀਆਂ ਮੱਲਾਂ ਮਾਰੀਆਂ ਅਤੇ ਟੈਕਨਾਲੋਜੀ ਦੇ ਪਸਾਰ 'ਚ ਵੀ ਵੱਡਾ ਹਿੱਸਾ ਪਾਇਆ। ਆਓ! ਕੁਝ ਇਹੋ ਜਿਹੇ ਪੰਜਾਬੀਆਂ ਨਾਲ ਜਾਣ-ਪਛਾਣ ਕਰਵਾਉਂਦੇ ਹਾਂ:-

**ਇੱਕ ਵਿਦਵਾਨ -ਇੱਕ ਵਕਤਾ ਗੁਰਮੁਖ ਸਿੰਘ ਬਰਤਾਨੀਆ**

ਭਾਰਤ ਦੇ ਸ਼ਹਿਰ ਭੁਜ (ਕੁਛ) ਵਿੱਚ 11 ਸਤੰਬਰ, 1938 ਨੂੰ ਜਨਮਿਆ ਗੁਰਮੁਖ ਸਿੰਘ ਕਿੱਤੇ ਵਜੋਂ ਇੱਕ ਚਾਰਟਿਡ ਅਕਾਊਂਟੈਂਟ ਹੈ ਅਤੇ ਚਾਰਟਿਡ ਮੈਨੇਜਮੈਂਟ ਇੰਸਟੀਚੀਊਟ ਅਤੇ ਚਾਰਟਿਡ ਸੈਕਰੇਟਰੀਜ਼ ਅਤੇ ਐਡਮਿਨਸਟ੍ਰੇਟਰਜ਼ ਲੰਡਨ ਦਾ ਮੈਂਬਰ ਹੈ। ਪੰਜਾਬੀ ਦਾ ਉੱਘਾ ਵਿਦਵਾਨ ਹੈ, ਜਿਸਨੇ ਸਿੱਖੀ ਸਿਧਾਂਤ ਨੂੰ ਦੁਨੀਆ ਸਾਹਮਣੇ ਪੂਰੀ ਪਰਪੱਕਤਾ ਨਾਲ ਪੇਸ਼ ਕੀਤਾ। ਇਸ ਖੇਤਰ 'ਚ 'ਤੇ ਆਪਣੀ ਧਾਕ ਜਮਾਉਣ ਅਤੇ ਕੀਤੀਆਂ ਪ੍ਰਾਪਤੀਆਂ ਵਜੋਂ ਕੈਨੇਡੀਅਨ ਸਿੱਖ ਸੰਗਤ ਨੇ ਉਸਨੂੰ ਸਰਦਾਰ ਕਪੂਰ ਸਿੰਘ ਐਵਾਰਡ ਨਾਲ ਸਨਮਾਨਿਆ। ਸਾਲ 2016 'ਚ ਉਸਨੂੰ ਨੂੰ ਓ.ਬੀ.ਈ. ਐਵਾਰਡ ਪ੍ਰਾਪਤ ਹੋਇਆ। ਗੁਰਮੁਖ ਸਿੰਘ, ਪਿਤਾ ਸਿੱਖ ਸਕਾਲਰ ਅਤੇ ਮਿਸ਼ਨਰੀ ਗਿਆਨੀ ਹਰਚੰਦ ਸਿੰਘ ਬੱਸੀਆਂ ਦੇ ਘਰ ਪੈਦਾ ਹੋਏ। ਮੁੱਢਲੀ ਸਿੱਖਿਆ ਮਲੇਸ਼ੀਆ 'ਚ ਪ੍ਰਾਪਤ ਕੀਤੀ। ਉਹ 1960 ਵਿੱਚ ਬਰਤਾਨੀਆ ਪੁੱਜੇ ਅਤੇ ਦਸੰਬਰ 1962 ਵਿੱਚ ਉਹਨਾਂ ਨੇ ਬਰਤਾਨੀਆ ਦੇ ਟਰੇਡ ਅਤੇ ਇੰਡਸਟਰੀ ਵਿਭਾਗ 'ਚ ਨੌਕਰੀ ਸ਼ੁਰੂ ਕੀਤੀ ਅਤੇ ਵਿਭਾਗ ਵਿੱਚ ਵੱਡੀਆਂ ਪਦਵੀਆਂ ਤੇ ਰਹੇ।

1996 'ਚ ਸਿਵਲ ਸਰਵਿਸ ਨੌਕਰੀ ਤੋਂ ਰਿਟਾਇਰਮੈਂਟ ਉਪਰੰਤ ਉਹਨਾਂ ਸਿੱਖ ਧਰਮ ਦੇ ਪ੍ਰਚਾਰ, ਪ੍ਰਸਾਰ ਲਈ ਕੰਮ ਕਰਨ ਵਾਲੀਆਂ ਸਿੱਖ ਸੰਸਥਾਵਾਂ ਲਈ ਕੰਮ ਕਰਨਾ ਆਰੰਭਿਆ। ਉਹਨਾਂ ਨੇ ਬ੍ਰਿਟਿਸ਼ ਸਿੱਖ ਕਨਸੈਲਟੇਟਿਵ ਫੋਰਮ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ। ਉਹ ਇੱਕ ਚੰਗੇ ਵਕਤਾ ਅਤੇ ਕਾਲਮਨਵੀਸ ਵਜੋਂ ਜਾਣੇ ਜਾਂਦੇ ਹਨ। ਗੁਰਮੁਖ ਸਿੰਘ ਨੇ ਸਿਰਫ਼ ਸਿੱਖ ਫ਼ਲਸਫ਼ੇ ਦੇ ਪ੍ਰਚਾਰ, ਪ੍ਰਸਾਰ 'ਚ ਹੀ ਵੱਡਾ ਯੋਗਦਾਨ ਨਹੀਂ ਦਿੱਤਾ ਸਗੋਂ ਵਾਤਾਵਰਨ, ਸਾਇੰਸ ਵਿਸ਼ਿਆਂ ਸਬੰਧੀ ਅੰਗਰੇਜ਼ੀ ਅਤੇ ਪੰਜਾਬੀ ਵੱਡੀ ਗਿਣਤੀ ਵਿਚ ਆਰਟੀਕਲ ਲਿਖ ਕੇ ਵਡੇਰਾ ਨਾਮਣਾ ਖੱਟਿਆ। ਗੁਰਮੁਖ ਸਿੰਘ ਵਿਸ਼ਵ ਵਿੱਚ ਜਾਣਿਆ ਜਾਂਦਾ ਇੱਕ ਸਿੱਖ ਵਿਦਵਾਨ ਹੈ, ਜਿਸ ਨੇ ਆਪਣੀ ਵਿਦਵਤਾ ਦਾ ਲੋਹਾ ਪੰਜਾਬੀਆਂ ਵਿਚ ਹੀ ਨਹੀਂ ਸਗੋਂ ਦੂਜੇ ਸਭਿਆਚਾਰਾਂ ਅਤੇ ਧਰਮਾਂ ਨੂੰ ਮੰਨ ਰਹੇ ਲੋਕਾਂ ਵਿੱਚ ਵੀ ਜਮਾਇਆ। ਗੁਰਮੁਖ ਸਿੰਘ ਆਪਣੀ ਪਤਨੀ ਹਰਪਾਲ ਕੌਰ, ਦੋ ਲੜਕਿਆਂ ਅਤੇ ਚਾਰ ਪੋਤੇ-ਪੋਤੀਆਂ ਨਾਲ ਸਾਊਥਾਲ ਵਿਖੇ ਨਿਵਾਸ ਰੱਖਦੇ ਹਨ।

**ਪੰਜਾਬ ਦੀ ਆਵਾਜ਼ ਆਸ਼ਾ ਸ਼ਰਮਾ (ਅਮਰੀਕਾ)**

ਬਰਨਾਲਾ ਸ਼ਹਿਰ ਦੇ ਮਾਸਟਰ ਸਰੂਪ ਸਿੰਘ ਦੇ ਘਰ ਜਨਮੀ, ਆਸ਼ਾ ਸ਼ਰਮਾ ਪੰਜਾਬ ਦੇ ਖ਼ਿੱਤੇ ਮਾਲਵਾ ਦੀ ਜੰਮਪਲ ਹੈ ।

ਕੈਲੇਫੋਰਨੀਆ ਦੇ ਸ਼ਹਿਰ ਮੌਰਗਿਨ ਹਿੱਲ 'ਚ ਵਸਦੀ ਆਸ਼ਾ ਸ਼ਰਮਾ ਪੰਜਾਬੀ ਦੀ ਵੱਡੀ ਵਕਤਾ ਹੈ। ਪੰਜਾਬੀ ਗਾਇਕਾਂ ਦੇ ਅਖਾੜਿਆਂ ਨਾਲ ਐਂਕਰਿੰਗ ਕਰਦੀ ਆਸ਼ਾ ਸ਼ਰਮਾ ਕਿਸੇ ਵੀ ਅਖਾੜੇ ਵਿਚ ਕਿਸੇ ਵੀ ਸਟੇਜ ਉੱਤੇ ਇਹੋ ਜਿਹਾ ਸਮਾਂ ਬੰਨਦੀ ਹੈ ਕਿ ਬੱਚੇ ਤੋਂ ਲੈ ਕੇ ਬਜ਼ੁਰਗ, ਔਰਤਾਂ ਤੱਕ, ਉਹਦੇ ਬੋਲਾਂ ਨਾਲ ਕੀਲੇ ਜਾਂਦੇ ਹਨ। ਪੰਜਾਬੀ ਸਾਹਿਤ ਦੇ ਅਥਾਹ ਸਮੁੰਦਰ ਵਿੱਚੋਂ ਪੁਰਾਣੇ ਕਵੀਆਂ, ਕਵੀਸ਼ਰਾਂ ਦੇ ਟੋਟਕੇ ਸੁਣਾਉਂਦਿਆਂ ਅਤੇ ਗੁਰਬਾਣੀ ਦਾ ਹਵਾਲਾ ਦੇ ਕੇ ਉਹ ਸਟੇਜ ਉੱਤੇ ਸਮਾਂ ਬੰਨਣ ਦੀ ਜਾਚ ਰੱਖਦੀ ਹੈ।

ਅੰਗਰੇਜ਼ੀ ਦੀ ਐਮ.ਏ. ਅਤੇ ਫਿਰ ਬੀ.ਐਡ. ਕਰਕੇ ਪਹਿਲਾਂ ਉਸਨੇ ਅਧਿਆਪਨ ਦਾ ਕਿੱਤਾ ਅਪਣਾਇਆ। ਫਿਰ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪ੍ਰਬੰਧਨ ਵਿਚ ਅਫ਼ਸਰੀ ਕੀਤੀ। ਸਿਆਸਤ ਦੀਆਂ ਸਟੇਜਾਂ ਉੱਤੇ ਐਕਰਿੰਗ ਕਰਦਿਆਂ ਨਾਮ ਕਮਾਇਆ। ਉਪਰੰਤ ਅਮਰੀਕਾ ਪੁੱਜ ਕੇ ਕਈ ਵਰੇ ਰੇਡੀਓ ਸਟੇਸ਼ਨ ਚਲਾਇਆ ਅਤੇ ਅੱਜ ਕੱਲ ਫਰੀਲਾਂਸ ਐਂਕਰ ਵਜੋਂ ਸਟੇਜਾਂ ਉੱਤੇ ਕੰਮ ਕਰਦੀ ਹੈ। ਉਸਨੂੰ ਮਾਣ ਹੈ ਕਿ ਉਸਨੇ ਪੰਜਾਬੀ ਗਾਇਕ ਗੁਰਦਾਸ ਮਾਨ, ਹੰਸ ਰਾਜ ਹੰਸ ਵਰਗੇ ਉੱਚ ਕੋਟੀ ਦੇ ਗਾਇਕਾਂ ਨੂੰ ਵਿਦੇਸ਼ਾਂ 'ਚ ਪੰਜਾਬੀਆਂ ਸਾਹਮਣੇ ਪੇਸ਼ ਹੀ ਨਹੀਂ ਕੀਤਾ ਸਗੋਂ ਸ਼ਾਰੁਖਾਨ ਜਿਹੇ ਹਿੰਦੀ ਐਕਟਰਾਂ ਨੂੰ ਵੀ ਪੰਜਾਬੀਆਂ ਦੀਆਂ ਸਟੇਜਾਂ ਉੱਤੇ ਲਿਆਂਦਾ। ਉਹ ਅਮਰੀਕਾ, ਕੈਨੇਡਾ 'ਚ ਲੱਗਦੇ ਮੇਲਿਆਂ, ਟੂਰਨਾਮੈਂਟਾਂ, ਤੀਆਂ ਆਦਿ ਵਿੱਚ ਸਮਾਗਮ ਦਾ ਮਾਣ ਬਣਦੀ ਹੈ।

**ਇੱਕ ਸਫਲ ਕਾਰੋਬਾਰੀ-ਇੱਕ ਸਮਾਜ ਸੇਵਕ -ਨਵਨੀਤ ਸਿੰਘ ਨਰੂਲਾ (ਅਮਰੀਕਾ)**



ਏਸ਼ੀਅਨ ਅਮਰੀਕਨ ਬਿਜ਼ਨਿਸ ਡਿਵੈਲਪਮੈਂਟ ਸੈਂਟਰ ਵਲੋਂ ਏਸ਼ੀਆ ਦੇ ਸਿਰ ਕੱਢਵੇਂ 50 ਏਸ਼ੀਅਨ ਅਮਰੀਕਨਾਂ ਨੂੰ ਚੁਣਿਆ ਗਿਆ ਤਾਂ ਨਵਨੀਤ ਸਿੰਘ ਨੂੰ ਉਹਨਾਂ ਵਿਚੋਂ ਇੱਕ ਹੋਣ ਦਾ ਮਾਣ ਪ੍ਰਾਪਤ ਹੋਇਆ। ਨਵਨੀਤ ਸਿੰਘ ਇਹ ਸਨਮਾਨ ਪ੍ਰਾਪਤ ਕਰਨ ਵਾਲਾ ਪਹਿਲਾ ਸਿੱਖ ਨੌਜਵਾਨ ਸੀ, ਜਿਸ ਨੂੰ ਨਿਊਯਾਰਕ ਵਿੱਚ ਚੁਣਵੇਂ 800 ਕਾਰੋਬਾਰੀਆਂ, ਸਰਕਾਰ ਤੇ ਸਿਵਲ ਕਮਿਊਨਿਟੀ ਦੇ ਨੇਤਾਵਾਂ ਵਿਚਕਾਰ ਇਸ ਸਨਮਾਨ ਨਾਲ ਉਹਨਾਂ ਦੀ ਕਾਰੋਬਾਰੀ ਸਿਆਣਪ, ਅਗਵਾਈ ਅਤੇ ਕਾਰੋਬਾਰ ਵਿਚ ਪ੍ਰਾਪਤੀਆਂ ਕਾਰਨ ਦਿੱਤਾ ਗਿਆ।

ਨਵਨੀਤ ਸਿੰਘ ਇੱਕ ਸਫਲ ਕਾਰੋਬਾਰੀ ਹੀ ਨਹੀਂ ਹੈ, ਸਗੋਂ ਇੱਕ ਵੱਡਾ ਸਮਾਜ ਸੇਵਕ ਵੀ ਹੈ, ਜਿਹੜਾ ਸਾਊਥ ਏਸ਼ੀਆ 'ਚ ਸੁਨਾਮੀ ਅਤੇ ਦੁਨੀਆ ਵਿਚ ਵੱਡੀ ਆਫ਼ਤਾਂ ਸਮੇਂ ਘਰ ਬਣਾਉਣ, ਭੋਜਨ ਮੁਹੱਈਆ ਕਰਾਉਣ ਅਤੇ ਹੋਰ ਸਹੂਲਤਾਂ ਦੇਣ 'ਚ ਵੱਡੀ ਮਦਦ ਕਰਦਾ ਰਹਿੰਦਾ ਹੈ। ਉਸਨੂੰ ਰਾਸ਼ਟਰਪਤੀ ਉਬਾਮਾ ਵੱਲੋਂ ਪ੍ਰੈਜੀਡੈਂਸ਼ੀਅਲ ਵਲੰਟੀਅਰ ਸਰਵਿਸ ਐਵਾਰਡ ਨਾਲ ਸਨਮਾਨਿਆ ਗਿਆ। ਇਹ ਉਸ ਸ਼ਖ਼ਸੀਅਤ ਦੀ ਵਿਲੱਖਣਤਾ ਹੀ ਹੈ ਕਿ ਉਸ ਕੋਲ ਲੋਕਾਂ ਦੇ ਭਲੇ ਲਈ ਖ਼ਰਚ ਵਾਸਤੇ 500 ਮਿਲੀਅਨ ਡਾਲਰ ਹਨ। ਉਸਨੂੰ ਹਿਊਮੈਂਟੇਰੀਅਨ ਆਫ਼ ਦੀ ਈਅਰ ਦਾ ਖ਼ਿਤਾਬ ਵੀ ਮਿਲਿਆ ਹੋਇਆ ਹੈ। ਉਸਨੇ ਇਮਪਾਵਰ ਪੰਜਾਬ ਬਣਾਕੇ ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਦੀ ਭਲਾਈ ਲਈ ਕੰਮ ਆਰੰਭੇ ਹੋਏ ਹਨ। ਨਰੂਲਾ ਨੇ ਮਿਸ਼ੀਗਨ ਸਟੇਟ ਯੂਨੀਵਰਸਿਟੀ ਤੋਂ 1977 'ਚ ਗਰੇਜੂਏਸ਼ਨ ਕੀਤੀ ਅਤੇ ਵੱਖੋ-ਵੱਖਰੇ ਕਾਰੋਬਾਰ ਸ਼ੁਰੂ ਕਰ, ਕਰਵਾ ਕੇ ਨਾਮਣਾ ਖੱਟਿਆ। ਉਹ ਯੂਨਾਈਟਿਡ ਸਿਖਜ਼ ਅਮਰੀਕਾ ਦਾ ਡਾਇਰੈਕਟਰ ਵੀ ਹੈ। ਉਸਨੂੰ ਇੱਕ ਪੰਜਾਬੀ, ਇੱਕ ਸਿੱਖ ਅਤੇ ਇੱਕ ਅਮਰੀਕਨ ਹੋਣ ਉੱਤੇ ਮਾਣ ਹੈ।

**ਕੈਨੇਡਾ ਦਾ ਪਹਿਲਾ ਸਿੱਖ ਐਮ.ਪੀ. -ਗੁਰਬਖ਼ਸ਼ ਸਿੰਘ ਮੱਲੀ**

ਲਿਵਰਲ ਪਾਰਟੀ ਦੀ ਟਿਕਟ ਉੱਤੇ ਗੁਰਬਖਸ਼ ਸਿੰਘ ਮੱਲੀ 1993 ਵਿੱਚ ਕੈਨੇਡਾ ਦੀ ਪਾਰਲੀਮੈਂਟ ਦਾ ਮੈਂਬਰ ਚੁਣਿਆ ਗਿਆ। ਕੈਨੇਡਾ ਪਾਰਲੀਮੈਂਟ ਲਈ ਚੁਣਿਆ ਜਾਣ ਵਾਲਾ ਮੱਲੀ ਪਹਿਲਾ ਸਿੱਖ ਸੀ। ਮੱਲੀ ਲਗਾਤਾਰ 18 ਸਾਲ 2011 ਤੱਕ, ਕੈਨੇਡਾ ਪਾਰਲੀਮੈਂਟ ਦਾ ਮੈਂਬਰ ਚੁਣਿਆ ਜਾਂਦਾ ਰਿਹਾ। ਮੱਲੀ ਨੂੰ ਇਸ ਗੱਲ ਦਾ ਮਾਣ ਵੀ ਹਾਸਲ ਹੋਇਆ ਕਿ ਉਹ ਸਮੇਂ ਸਮੇਂ ਨੈਸ਼ਨਲ ਰੈਵੀਨੀਊ, ਮਨੁੱਖੀ ਵਸੀਲਿਆਂ, ਇੰਡਸਟਰੀ ਲੇਬਰ ਮੰਤਰਾਲਿਆਂ ਵਿੱਚ ਪਾਰਲੀਮੈਂਟ ਸਕੱਤਰ ਵਜੋਂ ਸਮੇਂ ਦੇ ਪ੍ਰਧਾਨ ਮੰਤਰੀਆਂ ਵੱਲੋਂ ਨਿਯੁਕਤ ਕੀਤਾ ਜਾਂਦਾ ਰਿਹਾ।

ਪੰਜਾਬ ਯੂਨੀਵਰਸਿਟੀ ਦਾ ਸਾਲ 1960 ਦਾ ਗਰੇਜੂਏਟ ਮੱਲੀ, 1975 ਵਿੱਚ ਆਪਣੀ ਪਤਨੀ ਦੇਵਿੰਦਰ ਕੌਰ ਨਾਲ ਕੈਨੇਡਾ ਪੁੱਜਾ ਸੀ। ਕੈਨੇਡਾ ਦੀ ਸਿਆਸਤ ਵਿੱਚ ਕੁੱਦਣ ਤੋਂ ਪਹਿਲਾ ਮੱਲੀ ਨੇ ਕੈਨੇਡਾ ਦੇ ਕਾਰਖਾਨਿਆਂ 'ਚ ਕੰਮ ਕੀਤਾ। ਰੀਅਲ ਅਸਟੇਟ ਦਾ ਆਪਣਾ ਕੰਮ ਚਲਾਇਆ।

ਗੁਰਬਖਸ਼ ਸਿੰਘ ਮੱਲੀ ਦਾ ਜਨਮ 12 ਅਕਤੂਬਰ, 1949 ਨੂੰ ਪੰਜਾਬ ਦੇ ਮੋਗਾ ਜ਼ਿਲੇ ਦੇ ਪਿੰਡ ਚੁੱਘ ਕਲਾਂ ਵਿਖੇ ਇੱਕ ਕਿਸਾਨ ਪਰਿਵਾਰ ਦੇ ਘਰ ਹੋਇਆ। ਆਪਣੀ ਗਰੇਜੂਏਸ਼ਨ ਦੀ ਪੜਾਈ ਦੌਰਾਨ ਹੀ ਉਸਨੇ ਸਿਆਸੀ ਕੰਮਾਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ ਅਤੇ ਨਾਲ-ਨਾਲ ਹੀ ਸਮਾਜ ਸੇਵਾ ਦੇ ਕੰਮਾਂ 'ਚ ਵੀ ਉਹ ਰੁੱਝਿਆ ਰਹਿੰਦਾ ਸੀ। ਕੈਨੇਡਾ 'ਚ ਆਪਣੇ ਕਾਰੋਬਾਰ ਵਿਚ ਸਫਲਤਾ ਉਪਰੰਤ ਉਸਨੇ ਕੈਨੇਡੀਅਨ ਸਿਆਸਤ ਵਿੱਚ ਹਿੱਸਾ ਲੈਣਾ ਸ਼ੁਰੂ ਕੀਤਾ ਅਤੇ ਕੈਨੇਡਾ ਦੀ ਰਾਸ਼ਟਰੀ ਸਿਆਸਤ 'ਚ ਦਾਖ਼ਲ ਹੋਕੇ ਨਾਮਣਾ ਖੱਟਿਆ ਅਤੇ ਭਾਈਚਾਰੇ ਦੀ ਸੇਵਾ ਕੀਤੀ।

ਉਹ ਇਹੋ ਜਿਹਾ ਪਹਿਲਾ ਸਿੱਖ ਸਿਆਸਤਦਾਨ ਹੈ, ਜਿਸ ਨੇ ਉਹਨਾਂ ਸਮਿਆਂ ਵਿਚ ਘੱਟ ਗਿਣਤੀਆਂ ਲੋਕਾਂ, ਸਾਊਥ ਏਸ਼ੀਅਨ ਲੋਕਾਂ ਅਤੇ ਸਿੱਖਾਂ ਦੇ ਹੱਕ 'ਚ ਕੈਨੇਡਾ 'ਚ ਅਵਾਜ਼ ਉਠਾਈ, ਕਿਉਂਕਿ ਇਹਨਾਂ ਲੋਕਾਂ ਦੀ ਕੈਨੇਡੀਅਨ ਸਿਆਸਤ ਤੱਕ ਉਦੋਂ ਤੱਕ ਕੋਈ ਪਹੁੰਚ ਹੀ ਨਹੀਂ ਸੀ ਬਣੀ।

ਗੁਰਬਖਸ਼ ਸਿੰਘ ਉਹਨਾਂ ਬੇ-ਅਵਾਜ਼ੇ ਲੋਕਾਂ ਦੀ ਕੈਨੇਡਾ ਵਿੱਚ ਅਵਾਜ਼ ਬਣਿਆ, ਜਿਹਨਾਂ ਦੀ ਕੈਨੇਡਾ 'ਚ ਕੋਈ ਸੁਣਵਾਈ ਨਹੀਂ ਸੀ ਹੋਈ। ਲਗਾਤਾਰ ਸੱਤ ਚੋਣਾਂ, 18 ਸਾਲਾਂ ਵਿੱਚ ਉਸਨੇ ਜਿੱਤੀਆਂ ਅਤੇ ਲਗਭਗ 6500 ਦਿਨ ਉਹ ਕੈਨੇਡਾ ਦੀ ਪਾਰਲੀਮੈਂਟ ਦਾ ਮੈਂਬਰ ਬਣਿਆ ਰਿਹਾ। ਸਿੱਖਾਂ ਦੀ ਸ਼ਾਨ ਉਸਦੀ ਪੱਗੜੀ ਨੂੰ ਉਹਦੀ 13 ਸਾਲਾਂ ਦੀ ਘਾਲਣਾ ਉਪਰੰਤ ਮਾਣ ਸਤਿਕਾਰ ਅਤੇ ਪਹਿਚਾਣ ਮਿਲੀ। ਉਸਦੀਆਂ ਕੋਸ਼ਿਸ਼ਾਂ ਸਦਕਾ ਹੀ ਯੂਨਾਈਟਿਡ ਨੈਸ਼ਨਜ਼ ਵਿੱਚ ਫਰਾਂਸ ਸਰਕਾਰ ਵੱਲੋਂ ਪਗੜੀ ਦੇ ਮੁੱਦੇ ਸਬੰਧੀ ਮਾਮਲਾ ਵਿਚਾਰਿਆ ਗਿਆ।

ਕੈਨੇਡਾ ਪਾਰਲੀਮੈਂਟ ਵੱਿਚ 2019 ਦੀਆਂ ਚੋਣਾਂ 'ਚ 20 ਕੈਨੇਡੀਅਨ-ਭਾਰਤੀ ਪੁੱਜੇ । ਉਨਾਂ ਵਿੱਚ 19 ਕੈਨੇਡੀਅਨ-ਪੰਜਾਬੀ ਹਨ। ਸਾਲ 2015 ਵਿੱਚ ਵੀ 19 ਕੈਨੇਡੀਅਨ ਭਾਰਤੀ ਕੈਨੇਡੀਅਨ ਪਾਰਲੀਮੈਂਟ ਲਈ ਚੁਣੇ ਗਏ ਸਨ, ਜਿਨਾਂ ਵਿੱਚ 18 ਪੰਜਾਬੀ-ਕੈਨੇਡੀਅਨ ਸਨ। ਕਮਲ ਖੈਰਾ ਨੂੰ ਇਨਾਂ ਦੋਹਾਂ ਚੋਣਾਂ ਵਿੱਚ ਕੈਨੇਡਾ ਪਾਰਲੀਮੈਂਟ ਵਿੱਚ ਚੁਣੇ ਜਾਣ ਦਾ ਮੌਕਾ ਹਾਸਲ ਹੋਇਆ।



ਆਪਣੀ ਲਿਆਕਤ ਅਤੇ ਮਿਹਨਤ ਦੇ ਬਲਬੂਤੇ 'ਤੇ ਕਮਲ ਖੈਰਾ ਉਰਫ਼ ਕਮਲਪ੍ਰੀਤ ਖੈਰਾ ਪਹਿਲੀ ਵਾਰ 26 ਵਰਿਆਂ ਦੀ ਉਮਰੇ ਹੀ ਕੈਨੇਡਾ ਪਾਰਲੀਮੈਂਟ ਵਿੱਚ ਬਰੈਂਪਟਨ ਵੈਸਟ ਤੋਂ 2015 'ਚ ਐਮ.ਪੀ. ਚੁਣੀ ਗਈ। ਇਸੇ ਵਰੇ ਹੀ ਉਸਨੂੰ ਪਾਰਲੀਮੈਂਟ ਸਕੱਤਰ ਬਣਨ ਦਾ ਮਾਣ ਪ੍ਰਾਪਤ ਹੋਇਆ। ਦੂਜੇ ਵਾਰ 2019 ਵਿਚ ਉਹ ਫਿਰ ਐਮ.ਪੀ. ਚੁਣੀ ਗਈ ਅਤੇ ਪਾਰਲੀਮੈਂਟ ਸਕੱਤਰ ਦੇ ਅਹੁਦੇ ਉੱਤੇ ਨਿਯੁਕਤ ਕੀਤੀ ਗਈ।

ਦਿੱਲੀ ਦੀ ਜੰਮਪਲ, ਪੰਜਾਬੀ ਮਾਪਿਆਂ ਦੀ ਛੋਟੀ ਧੀ ਕਮਲਪ੍ਰੀਤ ਨੇ ਪਹਿਲਾਂ ਯਾਰਕ ਯੂਨੀਵਰਸਿਟੀ ਤੋਂ ਸਾਈਕੋਲੋਜੀ ਦੀ ਡਿਗਰੀ ਅਤੇ ਫਿਰ ਨਰਸਿੰਗ ਦੀ ਗਰੇਜੂਏਸ਼ਨ ਪ੍ਰਾਪਤ ਕੀਤੀ।

ਉਸਨੇ ਇੱਕ ਰਜਿਸਟਰਡ ਨਰਸ ਵਜੋਂ ਕਮਿਊਨਿਟੀ ਵਰਕਰ ਦੇ ਤੌਰ 'ਤੇ ਕੰਮ ਕਰਨਾ ਆਰੰਭਿਆ ਅਤੇ ਕਮਿਊਨਿਟੀ ਵਿੱਚ ਕੰਮ ਕਰਦਿਆਂ ਲੋਕਾਂ ਦੇ ਸਹਿਯੋਗ ਅਤੇ ਮਿਲਵਰਤਨ ਨਾਲ ਵੱਖੋ-ਵੱਖਰੇ ਸਭਿਆਚਾਰ ਦੇ ਲੋਕਾਂ ਨਾਲ ਸਾਂਝ ਵਧਾਈ ਅਤੇ ਸਿਆਸੀ ਕਾਰਜਕਰਤਾ ਦੇ ਤੌਰ 'ਤੇ ਆਪਣਾ ਨਾਮ ਬਣਾਉਣ 'ਚ ਕਾਮਯਾਬ ਹੋਈ।

ਕੈਨੇਡਾ ਲਈ ਐਮ.ਪੀ. ਬਣਨ ਤੋਂ ਪਹਿਲਾਂ ਖੈਰਾ ਨੇ ਸਾਊਥ ਏਸ਼ੀਅਨ ਕੈਨੇਡੀਅਨ ਹੈਰੀਟੇਜ ਫਾਊਂਡੇਸ਼ਨ ਦੀ ਚੇਅਰਪਰਸਨ ਦੇ ਤੌਰ 'ਤੇ ਕੰਮ ਕੀਤਾ। ਹੋਰ ਕਈ ਸੰਸਥਾਵਾਂ ਜਿਹਨਾਂ ਵਿੱਚ ਵਿੱਗ ਬ੍ਰਦਰਜ਼, ਵਿੱਗ ਸਿਸਟਰਜ਼ ਆਫ਼ ਪੀਲ ਸ਼ਾਮਲ ਹੈ, ਨਾਲ ਕੋਆਰਡੀਨੇਟਰ ਦੇ ਤੌਰ 'ਤੇ ਕੰਮ ਕੀਤਾ। ਉਸਨੇ ਯੂਥ ਵਿਜ਼ਨ ਪ੍ਰੋਗਰਾਮ ਇੱਕ ਲੋਕਲ ਟੀ.ਵੀ. ਉੱਤੇ ਹੋਸਟ ਕੀਤਾ ਅਤੇ ਚੰਗਾ ਨਾਮ ਕਮਾਇਆ।

ਕਮਲ ਖੈਰਾ ਦਾ ਆਪਣਾ ਕੋਈ ਸਿਆਸੀ ਅਧਾਰ ਨਾ ਹੋਣ ਦੇ ਬਾਵਜੂਦ ਵੀ, ਉਹ ਕੈਨੇਡਾ ਦੀ ਸਿਆਸਤ ਵਿੱਚ ਆਈ। ਉਹ ਇਸ ਗੱਲ ਦੀ ਧਾਰਨੀ ਹੈ ਕਿ ਕੈਨੇਡਾ ਵਿੱਚ ਗ਼ਰੀਬ-ਅਮੀਰ ਦਾ ਪਾੜਾ ਵਧਣਾ ਨਹੀਂ ਚਾਹੀਦਾ ਅਤੇ ਹਰ ਵਰਗ, ਹਰ ਕੌਮ, ਹਰ ਸਭਿਆਚਾਰ ਦੇ ਲੋਕਾਂ ਨੂੰ ਇੱਥੇ ਵਧਣ-ਫੁੱਲਣ ਦਾ ਮੌਕਾ ਮਿਲਣਾ ਚਾਹੀਦਾ ਹੈ।

ਲਿਬਰਲ ਪਾਰਟੀ ਕੈਨੇਡਾ ਦੀ ਐਮ.ਪੀ. ਕਮਲ ਖੈਰਾ ਕੈਨੇਡਾ ਦੇ ਪੰਜਾਬੀ ਭਾਈਚਾਰੇ 'ਚ ਨੌਜਵਾਨਾਂ ਦੀ ਪੱਥ ਪ੍ਰਦਰਸ਼ਕ ਹੈ, ਜਿਸ ਨੇ ਮਿਹਨਤ ਨਾਲ ਕੈਨੇਡੀਅਨ ਸਮਾਜ ਵਿੱਚ ਆਪਣੀ ਥਾਂ ਬਣਾਈ ਅਤੇ ਲੋਕ ਸੇਵਾ ਦਾ ਮੌਕਾ ਹਾਸਲ ਕੀਤਾ।



## ਜਨਮ ਦਿਨ ਤੇ ਵਿਸ਼ੇਸ਼

# ਲੋਕ-ਤੰਤਰ ਦਾ ਮੋਢੀ ਸੀ ਮਹਾਰਾਜਾ ਰਣਜੀਤ ਸਿੰਘ

- ਸ.ਦਲਵਿੰਦਰ ਸਿੰਘ ਘੁੰਮਣ
0033630073111
dalvindersinghghuman’gmail.com

ਮਹਾਰਾਜਾ ਰਣਜੀਤ ਦੇ ਰਾਜ ਦੀਆਂ ਖ਼ਾਸ ਗੱਲਾਂ ਵਿੱਚੋਂ ਉਸ ਨੂੰ ਪੰਜਾਬੀਆਂ ਨੇ ਬਹੁਰੰਗੀ, ਬਹੁਢੰਗੀ ਨਾਵਾਂ, ਰੁਤਬਿਆਂ ਨਾਲ ਪਿਆਰ ਸਤਿਕਾਰ ਦਿੱਤਾ । ਕੁਝ ਨਾਮ ਹਨ “ ਮਹਾਰਾਜਾ ਪੰਜਾਬ, ਮਹਾਰਾਜਾ ਲਾਹੌਰ, ਸ਼ੇਰੇ-ਏ-ਪੰਜਾਬ, ਸ਼ੇਰੇ-ਏ-ਹਿੰਦ, ਸਰਕਾਰੇ ਖਾਲਸਾ, ਬਾਦਸ਼ਾਹੇ ਪੰਜ-ਆਬ, ਸਾਹਿਬੇ-ਇਲਮ, ਸਿੰਘ ਸਾਹਿਬ ਆਦਿ ਮੋਹ ਭਿਜੇ ਨਾਵਾਂ ਦੀ ਸੂਚੀ ਲੰਮੀ ਹੋ ਸਕਦੀ ਹੈ।

ਅੰਗਰੇਜ਼ਾਂ ਨੇ ਦੁਨੀਆ ਦੀ ਬਿਹਤਰੀਨ ਰਾਜਧਾਨੀ ਲਾਹੌਰ ਉਪਰ 1849 ਨੂੰ ਕਬਜ਼ਾ ਹੋਣ ਉਪਰੰਤ ਆਪਣੇ ਸੈਨਾਪਤੀਆਂ ਤੋਂ ਸਭ ਤੋਂ ਪਹਿਲਾਂ ਇਹ ਪਤਾ ਕਰਵਾਉਣ ਦੀ ਤਾਗੀਦ ਕੀਤੀ ਕਿ ਪੰਜਾਬ ਵਿੱਚ ਸਿੱਖਿਆ ਮਿਆਰ ਕਿੰਨਾ ਕੁ ਹੈ। ਤਾਂ ਕਿ ਪਤਾ ਲਿਆ ਜਾ ਸਕੇ ਕਿ ਜਿੰਨਾਂ ਲੋਕਾਂ ਉਪਰ ਅਸੀਂ ਲੰਮੀ ਹਕੂਮਤ ਕਰਨੀ ਹੈ ਉਨਹਾਂ ਦੇ ਵਿਦਿਆਂ ਮਿਆਰ ਮੁਤਿਬਕ ਰਾਜਸੀ ਪ੍ਰਬੰਧ ਕੀਤੇ ਜਾਣ। ਰਿਪੋਰਟ ਆਉਣ ਤੇ ਅੰਗਰੇਜ਼ਾਂ ਦੇ ਦਿਮਾਗ ਸੁੰਨ ਰਿਹ ਗਏ। ਇੰਨੀ ਵੱਡੀ ਫੀਸਦੀ ਲੋਕਾਂ ਦਾ ਪੜੇ ਲਿਖੇ ਹੋਣਾ ਤਾਂ ਫਰੰਗੀਆਂ ਦੇ ਆਪਣੇ ਮੂਲ ਦੇਸ਼ ਵਿੱਚ ਵੀ ਸੰਭਵ ਨਹੀਂ ਸੀ। ਇਹ ਸਤਾਸੀ ਫੀਸਦੀ “ ਲਾਹੌਰ ” ਦੇ ਲੋਕ ਫ਼ਾਰਸੀ ਨੂੰ ਚੰਗੀ ਤਰਾਂ ਨਾਲ ਪੜ ਲਿਖ ਸਕਦੇ ਸਨ ਅਤੇ ਪੱਤਰ ਵਿਹਾਰ ਕਰ ਸਕਦੇ ਸਨ। ਅੰਗਰੇਜ਼ਾਂ ਨੇ ਇਸ ਦਾ ਰਾਜ ਜਾਨਣਾ ਚਾਹਿਆ। ।

ਮਹਾਰਾਜੇ ਆਪ ਭਾਵੇਂ ਘੱਟ ਪੜਿਆ ਲਿਖਿਆਂ ਸੀ ਪਰ ਦਿਮਾਗੀ ਤੌਰ ਤੇ ਬਹੁਤ ਜ਼ਹੀਨ ਸੋਚ ਦਾ ਮਾਲਕ ਸੀ। ਸਭ ਤੋਂ ਪਹਿਲਾਂ ਕੰਮ ਵਿੱਦਿਆ ਪਸਾਰ ਦੇ ਯਤਨ ਅਰੰਭੇ। ਉਹ ਚਾਹੁੰਦਾ ਸੀ ਰਿਆਸਤ ਦਾ ਹਰ ਬਾਸ਼ਿੰਦਾ ਮੈਨੂੰ ਖ਼ੁਦ ਖਤ ਲਿਖੇ। ਲਾਹੌਰ ਦੇ ਸਾਰੇ ਅਹਿਲਕਾਰਾਂ ਨੂੰ ਪੜਾਈ ਲਿਖਾਈ ਦੇ ਫ਼ਾਰਸੀ ਵਿੱਚ ਕਾਇਦੇ ਤਿਆਰ ਕਰਨ ਦੇ ਹੁਕਮ ਕੀਤੇ।ਇੱਕ ਕਾਇਦਾ ਗੁਰਮੁਖੀ ਅਤੇਇੱਕ ਕਾਇਦਾ ਸ਼ਾਹਮੁਖੀ ਦਾ ਤਿਆਰ ਕੀਤਾ।ਇਸ ਕਾਇਦੇ ਦਾ ਨਾਂ “ਕਾਇਦੇ-ਨੂਰ” ਸੀ। ਜਿਸ ਵਿੱਚ ਸਰਲ ਅਸਾਨ ਪੜ੍ਹਨ ਲਿਖਣ ਦਾ ਗਿਆਨ ਤੋਂ ਇਲਾਵਾ ਅਖੀਰ ਵਿੱਚ ਗਿਣਤੀ ਵੀ ਦਰਜ ਕੀਤੀ ਤਾਂ ਕਿ ਗਿਣਤੀ ਮਿਣਤੀ ਦਾ ਹਿਸਾਬ ਵੀ ਹੋ ਸਕੇ।ਇਸ ਦੀਆਂ ਪੰਜ ਹਜ਼ਾਰ ਕਾਪੀਆਂ ਆਪਣੇ ਅਹਿਲਕਾਰਾਂ ਰਾਹੀਂ ਪੰਜਾਬ ਭਰ ਦੇ ਨੰਬਰਦਾਰਾਂ ਨੂੰ ਪੁੰਹਚਾਈਆ ਗਈਆਂ। ਇਹ ਤਾਗੀਦ ਕੀਤੀ ਗਈ ਕਿ ਹਰ ਵਿਅਕਤੀ ਤਿੰਨ ਮਹੀਨੇ ਵਿੱਚ ਪੜ ਕੇ ਅੱਗੋਂ ਪੰਜ ਕਾਇਦੇ ਤਿਆਰ ਕਰਕੇ ਲੋਕਾਂ ਵਿੱਚ ਵੰਡੇ। ਮਹਾਰਾਜੇ ਨੂੰ ਜਾਂ ਰਿਆਸਤ ਨੂੰ ਆਪਣੇ ਹੱਥੀ ਖਤ ਲਿਖ ਕੇ ਇਤਲਾਹ ਕਰੇ ਕਿ ਕਿੰਨ੍ਹੇ ਕਾਇਦੇ ਲਿਖੇ ਅਤੇ ਵੰਡੇ ਗਏ।ਇਸ ਤੋਂ ਇਲਾਵਾ ਸਿੱਖਿਆ ਦੇ ਮੁਢਲੇ ਕੇਂਦਰ ਗੁਰੂਦਵਾਰਾ ਸਾਹਿਬ ਅਤੇ ਮੱਦਰੱਸੇ ਸਨ ਜਿੰਨਾਂ ਦੀ ਆਮਦਨ ਲਈ ਰਿਆਸਤ ਵਲੋਂ ਵੱਡੀਆ ਜਗੀਰਾਂ ਅਲਾਟ ਕੀਤੀਆ ਜਾਦੀਆਂ ਸਨ। ਮਹਾਰਾਜੇ ਨੇ ਸਭ ਧਰਮਾਂ ਨੂੰ ਬਹੁਤ ਸਤਿਕਾਰ ਦਿੱਤਾ। ਪਹਿਲੀ ਵਾਰ ਕੁਰਾਨ ਸ਼ਰੀਫ ਦਾ ਗੁਰਮੁੱਖੀ ਅਤੇ ਸ਼ਾਹਮੁੱਖੀ ਵਿੱਚ ਤਰਜਮਾ ਕਰਵਾਇਆ ਗਿਆ। ਅਮਨ ਸ਼ਾਂਤੀ ਵਾਲਾ ਅਤੇ ਵਕਤੀ ਹਕੁਮਤਾ ਦੇ ਬਰਾਬਰੀ ਦੀ ਸਿੱਖ ਖਾਲਸਾ ਸੈਨਾ ਨਾਲ ਲੈਸ ਮਹਾਰਾਜਾ ਦਾ ਰਾਜ ਉਸ ਦੀ ਸਿਆਣਪ ਅਤੇ ਤੇਜ਼ ਬੁੱਧੀ ਤੋਂ ਗੋਰੇ ਵੀ ਮੁਨੱਕਰ ਨਹੀਂ ਹੋ ਸਕੇ। ਉਹਨਾਂ ਨੂੰ ਅਹਿਸਾਸ ਹੋ ਗਿਆ ਕਿ ਮਹਾਰਾਜੇ ਦਾ ਰਾਜ ਕਿੰਨਾਂ ਸੰਪਨ ਰਾਜ ਸੀ ! ਜਿਸ ਕਰਕੇ ਗੋਰੇਆ ਨੂੰ ਰਾਜ ਕਰਨ ਲਈ ਮਹਾਰਾਜੇ ਦੀ ਮੌਤ ਤੱਕ ਇੰਤਜਾਰ ਕਰਨੀ ਪਈ।

1899 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਜਦੋਂ ਲਾਹੌਰ ਨੂੰ ਆਪਣੇ ਰਾਜ ਵਿੱਚ ਮਿਲਾਇਆ ਤਾਂਇਸ ਸ਼ਹਿਰ ਨੂੰ ਦਿਲੋਂ ਵਸਾਉਣ ਦੀ ਭਰਪੂਰ ਇੱਛਾ ਜਾਗੀ। ਰਾਜੇ ਦਾ ਮਹਾਰਾਜਾ ਬਨਣਾ, ਆਪਣੇ ਰਾਜ ਤੋਂ ਬਾਹਰੇ ਮਿਸਲਾਂ, ਰਿਆਸਤਾਂ, ਕਬੀਲਿਆਂ ਨਾਲ ਦੋਸਤਾਨਾਂ ਸੰਧੀਆਂ ਨੂੰ ਲਾਗੂ ਕਰਕੇਇੱਕ ਵੱਡੀ ਬਾਦਸ਼ਾਹਤ ਕਾਇਮ ਕਰਨਾ ਸੀ। ਲਾਹੌਰ ਨਾਲ ਮਹਾਰਾਜੇ ਦਾ ਮੁਹੱਬਤੀ ਪਿਆਰ ਸੀ। ਸਿੱਖ ਇਤਿਹਾਸ ਦੀ ਚਰਨ ਛੋਹ ਧਰਤੀ ਸੀ। ਸ੍ਰੀ ਅੰਮ੍ਰਿਤਸਰ ਸਾਹਿਬ ਦੇ ਬਹੁਤ ਨੇੜੇ ਸੀ। ਭੰਗੀ ਮਿਸਲ ਜੋ ਲਾਹੌਰ ਤੇ ਕਾਬਿਜ ਸੀ ਨੇ ਲੋਕਾਂ ਤੇ ਅਲੱਗ ਅਲੱਗ ਟੈਕਸ ਲਾ ਕੇ ਰਾਜਸੀ ਖ਼ਲਲ ਪੈਦਾ ਕੀਤਾ ਪਿਆ ਸੀ। ਲਾਹੌਰ ਦੇ ਅਹਿਮ ਮੁਖੀ ਮੁਸਲਮਾਨਾਂ ਨੇ ਸ਼ੇਰੇ-ਪੰਜਾਬ ਨੂੰ ਖਤ ਲਿਖ ਕੇ ਮਦੱਦ ਦੀ ਗੁਹਾਰ ਲਾਈ। ਮਹਾਰਾਜੇ ਨੇ ਸਾਰੀ ਉਮਰ ਲਈ ਲਾਹੌਰ ਨੂੰ ਆਪਣੀ ਰਾਜ ਦੀ ਰਾਜਧਾਨੀ ਅਤੇ ਬਾਦਸ਼ਾਹਤ ਦਾ ਕੇਂਦਰ ਬਿੰਦੂ ਲਾਹੌਰ ਨੂੰ ਬਣਾਇਆ।

ਮਹਾਰਾਜਾ ਰਣਜੀਤ ਸਿੰਘ ਨੇ ਹਮੇਸ਼ਾ ਹਲਿਮੀ ਰਾਜ ਦੀ ਤਰਜ਼ ਤੇ ਰਾਜ ਕਰਨ ਦੀ ਵਿਧੀ ਨੂੰ ਲੋਕ-ਤੰਤਰੀ ਢੰਗ ਅਪਣਾਇਆ ਅਤੇ ਪਰਫੁਲਤ ਕੀਤਾ। ਸਿੱਖ ਬਾਦਸ਼ਾਹ ਨੇ ਆਪਣੇ ਰਾਜ ਨੂੰ ਗੁਰੂ ਦਾ ਫ਼ਲਸਫ਼ਾ ਦਿੱਤਾ। ਜਿੱਥੇ ਨਿਆ, ਇੰਨਸਾਫ, ਬਰਾਬਰਤਾ, ਸਦਭਾਵਨਾਂ, ਧਰਮ ਨਿਰਪੱਖਤਾ,



ਸਾਂਝੀਵਾਲਤਾ, ਭਾਈਚਾਰਕ ਏਕਤਾ ਨੂੰ ਪ੍ਰਮੁੱਖਤਾ ਦਿੰਤੀ। ਨਿਰੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਸ਼ੇ ਮੁਤਾਬਿਕ ਰਾਜ ਦੀ ਨੀਂਹ ਰੱਖੀ। ਖਾਲਸਾ ਦਰਬਾਰ ਦੀਆਂ ਨੀਤੀਆ ਇੰਨੀਆ ਨਵੀਨਤਮ ਸਨ ਕਿ ਉਸ ਵੇਲੇ ਦੇ ਦੁਨੀਆਂ ਦੇ ਵਿਰਲੇ ਬਾਦਸ਼ਾਹ ਕੋਲ ਮਜੂਦ ਸਨ। ਉਸ ਵੇਲੇ ਦੁਨੀਆ ਨੂੰ ਫ਼ਤਿਹ ਕਰਨ ਵਾਲੀਆਂ ਵੱਡੀਆਂ ਤਾਕਤਾਂ ਵਿੱਚ ਅੰਗਰੇਜ਼, ਫਰੈਂਚ, ਸਪੈਨਿਸ਼, ਪੁਰਤਗਾਲ, ਤੁਰਕੀ ਆਦਿ ਸਨ। ਇੰਨਾਂ ਸਾਰੀਆਂ ਤਾਕਤਾਂ ਵਿੱਚੋਂ ਵੱਡੀ, ਨਿਪੁੰਨ, ਰਣਨੀਤੀ ਵਿੱਚ ਮਾਹਰ ਇੰਗਲੈਂਡ ਹੀ ਸੀ। ਮਹਾਰਾਜਾ ਰਣਜੀਤ ਸਿੰਘ ਦੀ ਰਾਜ ਕਰਨ ਦੀ ਨਿਪੁੰਨਤਾਂ ਤੋਂ ਅੰਗਰੇਜ਼ ਭਲੀ ਭਾਂਤ ਵਾਕਿਫ ਸਨ।ਇਸ ਲਈ ਮਹਾਰਾਜਾ ਨਾਲ ਮਿਤੱਰਤਾ ਦੀਆਂ ਸੰਧੀਆ ਕੀਤੀਆਂ ਗਈਆਂ। ਪਰ ਫਿਰ ਵੀ ਮਹਾਰਾਜਾ ਜਿਉਦੇ ਜੀਅ ਅੰਗਰੇਜ਼ਾਂ ਦੀ ਵਧਦੀ ਤਾਕਤ ਤੋ ਹਮੇਸ਼ਾ ਚੁਕੰਨਾਂ ਰਿਹਾ।

ਮਹਾਰਾਜੇ ਨੇ ਆਪਣੇ ਰਾਜ ਦੀ ਹਿਫਾਜਤੀ ਅਤੇ ਵਾਧੇ ਲਈ 59 ਲੜਾਈਆਂ ਲੜੀਆਂ। ਸ ਲਹਿਣਾ ਸਿੰਘ ਵੱਲੋਂ ਤਿਆਰ 740 ਤੋਪਾਂ ਦਾ੍ਹੱਡਾ ਹਿਫਾਜਤੀ ਸਾਜੋ ਸਮਾਨ ਫੌਜ ਕੋਲ ਮੌਜੂਦ ਸੀ। ਖਾਲਸਾ ਸੈਨਾਂ ਕੋਲ ਬਹੁਤ ਵੱਡੇ ਜਰਨੈਲ ਸਨ। ਜਿਸ ਦੀ ਸ਼ਾਹਦੀ ਅੱਜ ਵੀ ਦੁਨੀਆ ਭਰਦੀ ਹੈ।

ਇਹ ਗੱਲ ਬੜੀ ਪ੍ਰਮੁਖਤਾ ਨਾਲ ਪੜ੍ਹੀ ਅਤੇ ਲਿਖੀ ਜਾਣੀ ਚਾਹਿਦੀ ਹੈ ਕਿ ਮਹਾਰਾਜਾਂ ਰਣਜੀਤ ਸਿੰਘ ਨੇ ਸਭ ਤੋਂ ਪਹਿਲਾ ਦੁਨੀਆਂ ਦਾ ਲੋਕ-ਤੰਤਰ ਰਾਜ ਲਾਗੂ ਕੀਤਾ।

ਉਸ ਦੇ ਰਾਜ ਵਿੱਚ ਹਮੇਸ਼ਾ ਬਰਾਬਾਰਤਾ ਦੇ ਨਿਆਈ ਹਰ ਵਰਗ , ਧਰਮ, ਕਬੀਲਿਆ ਨੂੰ ਸ਼ਮੂਲੀਅਤ ਮਿਲੀ। ਮਹਾਰਾਜਾ ਸਿੱਖ ਹੋ ਕੇ ਆਪਣੇ ਰਾਜ ਦਰਬਾਰ ਨੂੰ ਹਿੰਦੂ, ਮੁਸਲਮਾਨਾਂ ਨੂੰ ਵਜੀਰੀਆਂ ਨਾਲ ਨਿਵਾਜਿਆ ਗਿਆਂ। ਸੈਨਾਂ ਦੇ ਮੁਖੀ ਇਸਾਈ ਮਤ ਵਿੱਚੋਂ ਭਰਤੀ ਕੀਤੇ। ਅਨੇਕਾਂ ਨੂੰ ਜਗੀਰਾਂ ਦੇ ਕੇ ਰਾਜ ਪ੍ਰਬੰਧ ਦੇ ਭਾਗੀਦਾਰ ਬਣਾਇਆਂ। ਉਸ ਵੇਲੇ ਅਜਿਹੀ ਮਿਸਾਲ ਦੁਨੀਆਂ ਵਿੱਚ ਕਿਧਰੇ ਵੀ ਉਜਾਗਰ ਨਹੀਂ ਹੋਈ। ਸਿੱਖ ਰਾਜ ਵਿੱਚ ਅਮੀਰੀ ਦੀਆਂ ਝਲਕਾਂ ਪੈਦੀਆ ਹਨ। ਵਿਦੇਸ਼ੀ ਲੋਕਾਂ ਦਾ ਪੰਜਾਬ ਵੱਲ ਪਲਾਨ ਹੋਇਆ। ਚੰਗੀਆ ਤਨਖਾਹਾਂ ਅਮੀਰ ਰਾਜ ਦੀ ਨਿਸ਼ਾਨੀ ਸੀ। ਕੋਈ ਭੁੱਖਾ ਨਹੀਂ ਸੀ ਸੌਂਦਾ। ਜਿਨਾਂ ਰਿਆਸਤਾ ਨੂੰ ਆਪਣੇ ਨਾਲ ਮਿਲਾਇਆ ਜਾਂਦਾ ਉਸ ਨੂੰ ਉਸੇ ਨਿਜ਼ਾਮ ਹੇਠ ਹੀ ਚੱਲਦਾ ਰੱਖਿਆ ਜਾਂਦਾ ਸਿਰਫ ਖਾਲਸਾ ਸਰਕਾਰ ਦੀਆ ਸ਼ਰਤਾਂ ਲਾਗੂ ਹੁੰਦੀਆ।

ਅੰਗਰੇਜੀ ਰਾਜ ਵਿੱਚ ਸਿਰਫ ਜ਼ੁਲਮ ਹੀ ਰਾਜ ਭਾਗ ਦੀ ਸਲਾਮਤੀ ਲਈ ਸਹੀ ਤਰੀਕਾ ਮੰਨਿਆ ਜਾਂਦਾ ਸੀ। ਮੁਗਲਾਂ ਅਤੇ ਦੁਨੀਆ ਤੇ ਰਾਜ ਕਰਨ ਵਾਲੀਆਂ ਵਿਦੇਸ਼ੀ ਤਾਕਤਾਂ ਆਪਣੇ ਪੁਰਖਿਆਂ ਨੂੰ ਮਾਰ ਕੇ ਰਾਜ ਗੱਦੀਆ ਤੇ ਬੈਠੇ। ਇਹੀ ਹੀ ਤਾਰੀਕੇ ਨੂੰ ਅੰਜਾਮ ਦੇ ਕੇ ਮਹਾਰਾਜਾ ਰਣਜੀਤ ਸਿੰਘ ਨਾਲ ਹੋਈਆਂ ਮਿੱਤਰਤਾ ਸੰਧੀਆਂ ਨੂੰ ਦਰ ਕਿਨਾਰ ਕਰਕੇ ਮੌਤ ਤੋਂ ਮਹਿਜ਼ ਅੱਗਲੇ ਦਸ ਸਾਲਾਂ ਵਿੱਚ ਸਿੱਖ ਰਾਜ ਵਿੱਚ ਅਗਲੀ ਗੱਦੀ ਦੇ ਵਾਰਸਾਂ ਵਿੱਚ ਖਾਨਾਜੰਗੀ ਰਾਹੀਂ ਵਾਰੋ ਵਾਰੋ 1849 ਤੱਕ ਖਾਲਸਾ ਰਾਜ ਖਤਮ ਕਰਕੇ ਧੋਖੇ ਦੀ ਵੱਡੀ ਰਣਨੀਤੀ ਨੂੰ ਅੰਜਾਮ ਦਿੱਤਾ। ਦੋ ਦਿਨਾਂ ਵਿੱਚ ਹੀ ਦੋ ਸਿੱਖ ਬਾਦਸ਼ਾਹਾਂ ਦੇ ਕਤਲ ਹੋਏ। ਮਹਾਰਾਜਾ ਰਣਜੀਤ ਸਿੰਘ ਦੇ ਆਪਣੇ ਰਾਜ ਵਿੱਚ ਕਦੇ ਕੋਈ ਜ਼ੁਲਮ ਸਿਤਮ ਦੀ ਹਵਾ ਨਹੀਂ ਚੱਲੀ। ਦੁਨੀਆ ਨੂੰ ਅਸਲ ਰੂਪ ਵਿੱਚ ਲੋਕ-ਤੰਤਰ ਦੀ ਪਰੀਭਾਸ਼ਾ ਦੇਣ ਵਾਲਾ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਹੀ ਹੋਇਆ ਹੈ।



## ਪੰਜਾਬ ਦਾ ਕਿਸਾਨੀ ਸੰਘਰਸ਼..

ਬੇਰੁਜ਼ਗਾਰਾਂ ਨੂੰ ਬੇਰੁਜ਼ਗਾਰੀ ਭੱਤਾ ਨਾ ਦੇਣਾ। ਪੈਦਾਵਾਰ ਦੀ ਕੀਮਤ, ਪੱਕੇ ਮਾਲ ਦੀ ਕੀਮਤ ਤੇ ਤਨਖ਼ਾਹਾਂ ਦਾ ਇਨਸਾਫ਼ ਦੇ ਆਧਾਰ ਉੱਤੇ ਸੁਮੇਲ ਨਾ ਕਰਨਾ। ਇੰਪਲਾਈਜ਼ ਇੰਸ਼ੋਰੈਂਸ ਸਕੀਮ ਤਹਿਤ ਜੋ ਮੈਡੀਕਲ ਸਹੂਲਤਾਂ ਫ਼ੈਕਟਰੀ ਕਾਮਿਆਂ ਨੂੰ ਦਿੱਤੀਆਂ ਜਾਂਦੀਆਂ ਹਨ, ਉਹ ਕਿਰਤੀਆਂ ਅਤੇ ਕਿਸਾਨਾਂ ਨੂੰ ਨਾ ਦੇਣਾ। ਕਿਸਾਨ ਦੀ ਸ਼ਹਿਰੀ ਜ਼ਮੀਨ ਨੂੰ ਕੌਡੀਆਂ ਦੇ ਭਾਅ ਜਬਰੀ ਖ਼ਰੀਦਣਾ ਤੇ ਅੱਗੋਂ ਸੋਨੇ ਦੇ ਭਾਅ ਵੇਚਣਾ। ਕਾਰਪੋਰੇਸ਼ਨ ਦੀ ਹੱਦ ਤੋਂ ਪੰਜ ਕਿੱਲੋਮੀਟਰ ਦੇ ਘੇਰੇ ਅੰਦਰ ਆਉਂਦੇ ਪਿੰਡਾਂ ਤਕ ਜ਼ਮੀਨ ਵੇਚਣ ਉੱਤੇ ਪਾਬੰਦੀ ਲਾਉਣੀ।

ਪੰਥ ਦੀ ਚੜਦੀ ਕਲਾ ਤੇ ਸਰਬੱਤ ਦੇ ਭਲੇ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਸ ਕੀਤੇ ਗਏ ਅਨੰਦਪੁਰ ਸਾਹਿਬ ਦੇ ਮਤੇ ਵਿਚਲੀਆਂ ਮੰਗਾਂ ਨੂੰ ਪ੍ਰਵਾਨ ਨਾ ਕਰਨਾ ਸਗੋਂ 'ਪਾੜੋ ਤੇ ਰਾਜ ਕਰੋ' ਦੀ ਨੀਤੀ ਉੱਤੇ ਅਮਲ ਕਰਦਿਆਂ, ਹਿੰਦੂ ਸਿੱਖਾਂ ਵਿਚ ਫੁੱਟ ਪਾਉਣ ਦੀਆਂ ਤੇ ਫ਼ਿਰਕੂ ਦੰਗੇ ਕਰਵਾਉਣ ਦੀਆਂ ਕੋਝੀਆਂ ਸਾਜ਼ਿਸ਼ਾਂ ਕਰਨੀਆਂ। ਸਪਸ਼ਟ ਹੈ ਕਿ ਸਿੱਖ ਕੌਮ ਨਾਲ ਸਦਾ ਮਤਰੇਈ ਮਾਂ ਵਾਲਾ ਸਲੂਕ ਕੀਤਾ ਗਿਆ ਹੈ। ਜੇ ਸਿੱਖ ਕੌਮ ਨਾਲ ਦੂਜੇ ਦਰਜੇ ਦੇ ਸ਼ਹਿਰੀਆਂ ਵਾਲਾ ਸਲੂਕ ਬੰਦ ਕਰਕੇ ਉਪਰੋਕਤ ਵਧੀਕੀਆਂ ਨੂੰ ਠੀਕ ਨਾ ਕੀਤਾ ਗਿਆ ਤੇ ਜਗਤ ਦੇ ਫੈਡਰਲ ਵਿਧਾਨਾਂ ਵਾਂਗ ਦੋਹਰੀ ਨਾਗਰਿਕਤਾ, ਦੋਹਰੀ ਵਿਧਾਨ-ਪ੍ਰਣਾਲੀ ਤੇ ਪ੍ਰਦੇਸਾਂ ਨੂੰ ਅੰਦਰੂਨੀ ਖ਼ੁਦਮੁਖ਼ਤਿਆਰੀ ਉੱਤੇ ਆਧਾਰਿਤ ਭਾਰਤੀ ਵਿਧਾਨ ਨੂੰ ਅਸਲੀ ਫੈਡਰਲ ਰੂਪ ਵਿਚ ਢਾਲ ਕੇ ਸਿੱਖਾਂ ਨੂੰ ਧਾਰਮਿਕ, ਰਾਜਸੀ, ਆਰਥਿਕ ਤੇ ਸਮਾਜਿਕ ਸੁਤੰਤਰਤਾ ਤੇ ਸਮਾਨਤਾ ਦਾ ਭਾਈਵਾਲ ਨਾ ਬਣਾਇਆ ਗਿਆ, ਤਾਂ ਸ਼੍ਰੋਮਣੀ ਅਕਾਲੀ ਦਲ ਪੰਥਕ ਤੇ ਜਨਤਕ ਮੰਗਾਂ ਲਈ ਧਰਮ ਯੁੱਧ ਸ਼ੁਰੂ ਕਰ ਦੇਵੇਗਾ ਤੇ ਧਾਰਮਿਕ, ਰਾਜਸੀ, ਆਰਥਿਕ, ਸਮਾਜਿਕ ਅਧੀਨਗੀ ਤੇ ਅਸਮਾਨਤਾ ਦੀਆਂ ਜ਼ੰਜੀਰਾਂ ਤੋੜਨ ਲਈ ਵਾਰਨਿੰਗ ਰੋਸ ਜਲੂਸ ਘਿਰਾਓ ਨਾ-ਮਿਲਵਰਤਨ, ਡਾਇਰੈਕਟ ਐਕਸ਼ਨ ਆਦਿ ਵਸੀਲੇ ਵਰਤਣ ਤੋਂ ਸੰਕੋਚ ਨਹੀਂ ਕਰੇਗਾ।

ਇਸ ਐਲਾਨਨਾਮੇ ਵਿਚ ਮੰਗ ਕੀਤੀ ਗਈ ਸੀ ਕਿ ਭਾਰਤ ਵਿਚ ਸਮਾਜਿਕ, ਆਰਥਿਕ, ਰਾਜਸੀ ਤੇ ਧਾਰਮਿਕ ਆਜ਼ਾਦੀ ਤੇ ਬਰਾਬਰੀ ਵਾਲਾ ਸਮਾਜ ਸਥਾਪਤ ਕਰਨ ਲਈ ਜਗਤ ਦੇ ਫੈਡਰਲ ਵਿਧਾਨਾਂ ਵਾਂਗ ਦੂਹਰੀ ਨਾਗਰਿਕਤਾ, ਦੂਹਰੀ ਵਿਧਾਨ ਪ੍ਰਣਾਲੀ ਤੇ ਸੂਬਿਆਂ ਦੀ ਅੰਦਰੂਨੀ ਖ਼ੁਦ-ਮੁਖ਼ਤਿਆਰੀ ਉੱਤੇ ਆਧਾਰਿਤ ਭਾਰਤ ਦੇ ਵਿਧਾਨ ਨੂੰ ਸੰਘੀ, ਲੋਕਤੰਤਰੀ ਅਤੇ ਸਮਾਜਵਾਦ ਦੇ ਅਸਲੀ ਰੂਪ ਵਿਚ ਢਾਲ ਕੇ, ਭਾਰਤ ਵਿਚ ਕਲਿਆਣਕਾਰੀ ਰਾਜ ਬਣਾ ਕੇ, ਦੇਸ ਦੀ ਦੌਲਤ ਦੀ ਸਮਾਨ ਵੰਡ ਲਈ ਮਿਥੀ ਜ਼ਮੀਨ ਦੀ ਹੱਦ ਉੱਤੇ ਆਧਾਰਿਤ ਸੀਮਤ ਆਮਦਨ ਤੇ ਸੀਮਤ ਜਾਇਦਾਦ ਦਾ ਕਾਨੂੰਨ ਅਪਣਾ ਕੇ, ਸਭ ਨੂੰ ਰੋਟੀ ਕੱਪੜਾ ਮਕਾਨ, ਮੁਫ਼ਤ ਵਿੱਦਿਆ, ਮੁਫ਼ਤ ਡਾਕਟਰੀ ਸਹਾਇਤਾ, ਲੋੜਵੰਦਾਂ ਨੂੰ ਜੀਵਨ ਗੁਜ਼ਾਰਾ, ਬੇਰੁਜ਼ਗਾਰੀ ਭੱਤਾ, ਸਸਤੀਆਂ ਜੀਵਨ ਦੀਆਂ ਲੋੜਾਂ, ਸਸਤੇ ਪੈਦਾਵਾਰੀ ਸਾਧਨ, ਕਿਸਾਨਾਂ ਨੂੰ ਲਾਹੇਵੰਦ ਭਾਅ ਤੇ ਮਜ਼ਦੂਰਾਂ ਤੇ ਮੁਲਾਜ਼ਮਾਂ ਨੂੰ ਯੋਗ ਤਨਖ਼ਾਹ ਦੇਣਾ ਆਪਣਾ ਧਰਮ ਬਣਾਓ ਤੇ ਭਾਰਤ ਦੀਆਂ ਵੱਖ-ਵੱਖ ਕੌਮਾਂ, ਧਰਮਾਂ ਤੇ ਭਾਸ਼ਾਵਾਂ ਦੇ ਗੁਲਦਸਤੇ ਨੂੰ ਰਾਜਸੀ ਭਾਈਚਾਰੇ ਦੇ ਫੁੱਲਦਾਨ ਵਿਚ ਇਸ ਤਰਾਂ ਸਜਾਓ ਕਿ ਉਸ ਦੀ ਆਦਰਸ਼ਕ ਮਹਿਕ ਦੁਨੀਆ ਲਈ ਨਮੂਨਾ ਬਣ ਜਾਏ ਤੇ ਜਗਤ-ਪਿਤਾ ਦੇ ਜਗਤ-ਪਰਿਵਾਰ ਲਈ ਜਗਤ ਪੰਚਾਇਤੀ ਰਾਜ ਸਥਾਪਤ ਹੋ ਸਕੇ।

ਪੰਜਾਬ ਦੀਆਂ ਇਹਨਾਂ ਜਾਇਜ਼ ਮੰਗਾਂ ਨੂੰ ਮੰਨਣ ਦੀ ਬਜਾਇ ਦੇਸ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਇਸ ਮੋਰਚੇ ਨੂੰ ਫ਼ਿਰਕੂ ਰੰਗਤ ਦੇ ਕੇ ਜੂਨ 1984 ਵਿਚ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲਾ ਕੀਤਾ ਤੇ ਪੰਜਾਬ ਅੰਦਰ ਖ਼ੂਨ ਦੇ ਹੜ ਵਗਾ ਦਿੱਤੇ। ਨਵੰਬਰ 1984 ਵਿਚ ਉਸ ਦੇ ਮਰਨ ਤੋਂ ਬਾਅਦ ਦਿਲੀ ਤੇ ਦੇਸ ਦੇ ਹੋਰਨਾਂ ਕਈ ਇਲਾਕਿਆਂ ਵਿਚ ਸਿੱਖਾਂ ਦੀ ਨਸਲਕੁਸ਼ੀ ਹੋਈ ਅਤੇ ਬਾਅਦ ਵਿਚ ਵਾਪਰੇ ਸਾਰੇ ਘਟਨਾ ਕਰਮ ਵਿਚ ਇਹ ਮੋਰਚਾ ਲੀਹੋਂ ਲਾਹ ਦਿੱਤਾ ਗਿਆ। ਪਰ ਨਾ ਇਸ ਮੋਰਚੇ ਦੀ ਕੋਈ ਮੰਗ ਮੰਨੀ ਗਈ ਅਤੇ ਨਾ ਹੀ ਕੇਂਦਰ ਸਰਕਾਰ ਦੇ ਪੰਜਾਬ ਪ੍ਰਤੀ ਰਵੱਈਏ ਵਿਚ ਕੋਈ ਫ਼ਰਕ ਪਿਆ।

ਬਲਕਿ ਪੰਜਾਬ ਦੀ ਸਿੱਖ ਜਵਾਨੀ ਉੱਤੇ ਜਬਰ ਵਧਦਾ ਗਿਆ ਜਿਹੜਾ ਹੁਣ ਤਕ ਜਾਰੀ ਹੈ। ਉਸੇ ਨਿਰੰਤਰਤਾ ਵਿਚ ਕਿਸਾਨੀ ਦਾ ਹੋਇਆ ਇਹ ਉਭਾਰ ਤੱਤ ਰੂਪ ਵਿਚ ਸਿੱਖ ਉਭਾਰ ਹੈ। ਇਸੇ ਕਰ ਕੇ ਦੁਨੀਆ ਭਰ ਦੇ ਹਰੇਕ ਕੋਨੇ ਵਿਚ ਬੈਠੇ ਸਿੱਖ ਇਸ ਸੰਘਰਸ਼ ਦੀ ਹਮਾਇਤ ਵਿਚ ਮੁਜ਼ਾਹਰੇ ਕਰ ਰਹੇ ਹਨ। ਪਿਛਲੇ ਕਰੀਬ ਚਾਰ ਦਹਾਕਿਆਂ ਵਿਚ ਪੰਜਾਬ ਅੰਦਰ ਜੋ ਕੁਝ ਵਾਪਰਿਆ ਹੈ, ਉਸ ਬਾਰੇ ਸਿੱਖਾਂ ਦੇ ਮਨਾਂ ਵਿਚ ਭਰਿਆ ਰੋਸ ਕਿਸੇ ਨਾ ਕਿਸੇ ਰੂਪ ਵਿਚ ਇਸ ਸੰਘਰਸ਼ ਵਿਚੋਂ ਵੀ ਪ੍ਰਗਟ ਹੋ ਰਿਹਾ ਹੈ। ਪਰ ਇਸ ਸੰਘਰਸ਼ ਦਾ ਇਕ ਅਹਿਮ ਪਹਿਲੂ ਇਹ ਹੈ ਕਿ ਕਿਸਾਨ ਜਥੇਬੰਦੀਆਂ ਦੇ ਰੂਪ ਵਿਚ ਇਸ ਦੀ ਅਗਵਾਈ 'ਕਮਿਊਨਿਸਟ' ਕਰ ਰਹੇ ਹਨ। ਉਹ ਕਮਿਊਨਿਸਟ ਜਿਨਾਂ ਦੀ ਸੋਚ ਮਾਰਕਸਵਾਦੀ ਫ਼ਿਲਾਸਫ਼ੀ ਤੋਂ ਕੋਰੀ ਹੈ ਅਤੇ ਜਿਨਾਂ ਦੀ ਸੋਚ ਉੱਤੇ ਆਰਥਿਕਵਾਦ ਭਾਰੂ ਹੈ।

ਜਿਨਾਂ ਨੂੰ ਮਨੁੱਖ ਦੀ ਪੂਰਨ ਮੁਕਤੀ ਦੇ ਵਿਕਸਿਤ ਕੀਤੇ ਗਏ ਗੁਰਮਤਿ ਸੰਕਲਪਾਂ ਦੀ ਕੋਈ ਜਾਣਕਾਰੀ ਨਹੀਂ। ਇਸੇ ਕਰ ਕੇ ਉਹ ਗੁਰਮਤਿ, ਪੰਜਾਬ ਅਤੇ ਸਿੱਖ ਇਤਿਹਾਸ ਨੂੰ ਨਫ਼ਰਤ ਕਰਦੇ ਹਨ। ਉਨਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੇ ਰੂਪ ਵਿਚ ਵਿਕਸਿਤ ਕੀਤੇ ਗਏ, ਅਕਾਲ ਪੁਰਖ ਦੀ 'ਪਾਤਸ਼ਾਹੀ' ਦੇ ਮਹਾਨ ਸੰਕਲਪ ਦੀ ਕੋਈ ਸੋਝੀ ਨਹੀਂ। ਉਹ ਕਿਸਾਨੀ ਦੇ ਇਸ ਉਭਾਰ ਨੂੰ ਵੀ ਮੁੱਖ ਰੂਪ ਵਿਚ ਆਰਥਿਕ ਭਾਵ 'ਫ਼ਸਲਾਂ ਦੇ ਭਾਅ ਨਿਸ਼ਚਿਤ ਕਰਨ ਅਤੇ ਉਨਾਂ ਅਨੁਸਾਰ ਫ਼ਸਲਾਂ ਦੀ ਖ਼ਰੀਦ' ਕਰਨ ਦੇ ਪੱਖ ਤੋਂ ਹੀ ਵੇਖ ਰਹੇ ਹਨ। ਜਦੋਂ ਕਿ ਇਹ ਸਚਾਈ ਸਪਸ਼ਟ ਹੈ ਕਿ ਜੇ ਪੰਜਾਬ ਦੇ ਕਿਸਾਨਾਂ ਦੀਆਂ ਫ਼ਸਲਾਂ ਘਟੋਂ ਘਟ ਸਹਾਇਕ ਕੀਮਤਾਂ ਉੱਤੇ ਖ਼ਰੀਦਣੀਆਂ ਜਾਰੀ ਵੀ ਰਹਿਣ ਤਾਂ ਵੀ ਹਰੇ ਇਨਕਲਾਬ ਨਾਲ ਆਰੰਭ ਹੋਇਆ ਪੰਜਾਬ ਦਾ ਉਜਾੜਾ ਓਵੇਂ ਹੀ ਹੁੰਦਾ ਰਹੇਗਾ।

## ਜਦ ਸ਼੍ਰੋਮਣੀ ਕਮੇਟੀ ਦੇ...

ਮੈਂ ਕਿਹਾ ਕਿ "ਉਮੈਂ ਕੋਈ ਦਵਾਈ-ਦਵੂਈ ਨੀਂ ਖਾਣੀ, ਪਹਿਲਾਂ ਮੈਨੂੰ ਬਾਕੀ ਸਿੰਘਾਂ ਨਾਲ਼ ਮਿਲਾਓ, ਜਾਂ ਫਿਰ ਮੈਨੂੰ ਦੱਸੋ ਕਿ ਉਹ ਕਿਸ ਹਾਲਤ 'ਚ ਨੇ3 ਤੇ ਨਾਲ਼ੇ ਸਭ ਤੋਂ ਪਹਿਲਾਂ ਮੇਰੇ ਕਕਾਰ (ਕੰਘਾ ਅਤੇ ਕਿਰਪਾਨ) ਅਤੇ ਦਸਤਾਰ ਦਿਓ3 (ਉਸ ਸਮੇਂ ਮੇਰੇ ਸਿਰ 'ਤੇ ਸਿਰਫ਼ ਛੋਟੀ ਕੇਸਕੀ ਸੀ)।"

ਇਹ ਸਭ ਸੁਣ ਕੇ ਵਧੀਕ ਸਕੱਤਰ ਸੁਖਦੇਵ ਸਿੰਘ ਭੂਰੇ ਨੇ ਮੇਰੇ ਦੋਵੇਂ ਪੈਰ ਫੜ ਲਏ ਤੇ ਕਿਹਾ ਕਿ "ਉਪੁੱਤ! ਸਾਨੂੰ ਮਾਫ਼ ਕਰ ਦੇ3, ਸਾਡੇ ਬੰਦਿਆਂ ਤੋਂ ਬੜੀ ਵੱਡੀ ਗ਼ਲਤੀ ਹੋਗੀ ਏ3, ਸਾਨੂੰ ਬੜਾ ਪਛਤਾਵਾ ਏ ਕਿ ਅਸੀਂ ਪੰਥਕ ਸੋਚ ਦੇ ਧਾਰਨੀ ਇੱਕ ਗੁਰਸਿੱਖ 'ਤੇ ਹਮਲਾ ਕਰ ਦਿੱਤਾ ਏ3, ਆਹ ਵੇਖ ਤੇਰੇ ਪੈਰ ਫੜ ਕੇ ਮਾਫ਼ੀ ਮੰਗਦੇ ਆਂ3।"

ਓਨੇ ਚਿਰ ਨੂੰ ਇੱਕ ਹੋਰ ਸਕੱਤਰ ਮਹਿੰਦਰ ਸਿੰਘ ਆਹਲੀ ਕਮਰੇ 'ਚ ਆ ਗਿਆ ਤੇ ਮੇਰੇ ਸਾਹਮਣੇ ਕੁਰਸੀ 'ਤੇ ਬਹਿ ਕੇ ਕਹਿੰਦਾ ਕਿ "ਉਵੇਖ ਬੇਟਾ! ਤੂੰ ਸਾਡਾ ਛੋਟਾ ਬੱਚਾ ਏ3, ਸਾਨੂੰ ਤੇਰੇ ਬਾਰੇ ਪਤਾ ਨੀਂ ਸੀ3। ਮੈਨੂੰ ਵੀ ਤੇਰੇ ਬਾਰੇ ਪਤਾ ਨੀਂ ਸੀ, ਤੇਰੀ ਪੰਥਕ ਸੇਵਾ ਤੇ ਕੁਰਬਾਨੀ ਬਾਰੇ ਪਤਾ ਨਹੀਂ ਸੀ3, ਅਸੀਂ ਤੇਰੇ ਤੋਂ ਮਾਫ਼ੀ ਮੰਗਦੇ ਆਂ3, ਵੇਖ ਤੂੰ ਸਾਡਾ ਛੋਟਾ ਪੁੱਤਰ ਏ3, ਗ਼ਲਤੀਆਂ ਵੱਡਿਆਂ ਤੋਂ ਹੋ ਜਾਂਦੀਆਂ ਨੇ3।"

ਉਸ ਕਮਰੇ 'ਚ ਹਾਜ਼ਰ ਦੋ-ਚਾਰ ਹੋਰ ਮੁਲਾਜ਼ਮ ਵੀ ਕਹਿਣ ਲੱਗੇ ਕਿ "ਉਵੇਖ ਰਣਜੀਤ ਵੀਰ! ਤੇਰੇ ਪਿਓ ਦੀ ਉਮਰ ਦੇ ਦੋ ਬਜ਼ੁਰਗ ਤੇਰੇ ਤੋਂ ਮਾਫ਼ੀਆਂ ਮੰਗ ਰਹੇ ਨੇ3, ਚੱਲ ਯਾਰ! ਸਾਨੂੰ ਸਭ ਨੂੰ ਮਾਫ਼ ਕਰ ਦੇ, ਬਜ਼ੁਰਗਾਂ ਦੀ ਹੀ ਇੱਜ਼ਤ ਰੱਖ ਲੈ, ਚਿੱਟੇ ਦਾੜਿਆਂ ਵਾਲ਼ੇ ਤੇਰੇ ਪੈਰ ਫੜ ਰਹੇ ਨੇ, ਇਸ ਦੀ ਹੀ ਇੱਜ਼ਤ ਰੱਖ ਲੈ3।"

ਇਹ ਸਭ ਸੁਣ-ਵੇਖ ਕੇ ਅਤੇ ਆਪਣੇ ਸਿਰ 'ਚ ਹੋ ਰਹੀ ਦਰਦ ਨੂੰ ਮੁੱਖ ਰੱਖ ਕੇ ਮੈਂ ਗੋਲ਼ੀ (ਦਵਾਈ) ਖਾ ਲਈ। ਫਿਰ ਮੈਨੂੰ ਸੁਖਦੇਵ ਸਿੰਘ ਭੂਰੇ ਦੇ ਕਮਰੇ 'ਚ ਹੀ ਰੱਖਿਆ ਗਿਆ, ਇਸ ਦੌਰਾਨ ਕਮਰੇ 'ਚ ਮਾੜੇ-ਚੰਗੇ ਬੰਦੇ ਆਉਂਦੇ ਗਏ, ਕੁਝ ਮੇਰਾ ਹਾਲ-ਚਾਲ ਪੁੱਛਦੇ ਰਹੇ ਤੇ ਕੁਝ ਮੇਰੇ ਮੂੰਹੋਂ ਮੋਰਚੇ ਨੂੰ ਗ਼ਲਤ ਕਹਾਉਣ ਲਈ ਬਹਿਸਦੇ ਰਹੇ ਪਰ ਮੈਂ ਉਹਨਾਂ ਦੀ ਹਰ ਗੱਲ ਦਾ ਜਵਾਬ ਬੜੀ ਬੇਬਾਕੀ ਨਾਲ਼ ਦਿੰਦਾ ਰਿਹਾ।

ਫਿਰ ਏਨੇ ਚਿਰ ਨੂੰ ਬਾਹਰ ਸ਼੍ਰੋਮਣੀ ਕਮੇਟੀ ਦੇ ਗੁੰਡੇ-ਬਦਮਾਸ਼ਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਆਗੂ ਭਾਈ ਬਲਬੀਰ ਸਿੰਘ ਮੁੱਛਲ, ਭਾਈ ਮਨਜੀਤ ਸਿੰਘ ਝਬਾਲ, ਭਾਈ ਲਖਬੀਰ ਸਿੰਘ ਮਹਾਲਮ, ਭਾਈ ਤਰਲੋਚਨ ਸਿੰਘ ਸੋਹਲ, ਭਾਈ ਸਰੂਪ ਸਿੰਘ, ਭੁਝੰਗੀ ਜਸ਼ਨਦੀਪ ਸਿੰਘ ਮੁਕਤਸਰ, ਬੀਬੀ ਰਾਜਵਿੰਦਰ ਕੌਰ, ਬੀਬੀ ਮਨਿੰਦਰ ਕੌਰ, ਬੀਬੀ ਲਖਵਿੰਦਰ ਕੌਰ ਅਤੇ ਜਥਾ ਸਿਰਲੱਥ ਖ਼ਾਲਸਾ ਦੇ ਮੁੱਖ ਸੇਵਾਦਰ ਭਾਈ ਦਿਲਬਾਗ ਸਿੰਘ ਸੁਲਤਾਨਵਿੰਡ, ਭਾਈ ਗੁਰਸ਼ਰਨਜੀਤ ਸਿੰਘ ਖ਼ਾਲਸਾ, ਭਾਈ ਕੁਲਦੀਪ ਸਿੰਘ ਬਿੱਟੂ, ਭਾਈ ਰਮਨਦੀਪ ਸਿੰਘ ਅਤੇ ਜਥੇਦਾਰ ਬਾਬਾ ਰਾਜਾ ਰਾਜ ਸਿੰਘ ਨਿਹੰਗ, ਬਾਬਾ ਮਹਾਂਕਾਲ ਸਿੰਘ ਨਿਹੰਗ, ਭਾਈ ਬਾਜ਼ ਸਿੰਘ ਖ਼ਾਲਿਸਤਾਨੀ, ਜਗਬਾਣੀ ਦੇ ਪੱਤਰਕਾਰ ਭਾਈ ਇੰਦਰ ਮੋਹਨ ਸਿੰਘ ਅਨਜਾਣ, ਸੰਗਤ ਟੀ.ਵੀ. ਦੇ ਪੱਤਰਕਾਰ ਭਾਈ ਜਤਿੰਦਰ ਸਿੰਘ ਖ਼ਾਲਸਾ, ਬੀ.ਬੀ.ਸੀ. ਪੰਜਾਬ ਟੀ.ਵੀ. ਦੇ ਪੱਤਰਕਾਰ ਭਾਈ ਲਖਵਿੰਦਰ ਸਿੰਘ ਖ਼ਾਲਸਾ ਅਤੇ ਕੈਮਰਾਮੈਨ ਸੰਦੀਪ ਸਿੰਘ ਆਦਿ 'ਤੇ ਵੀ ਡਾਂਗਾਂ-ਕਿਰਪਾਨਾਂ ਨਾਲ਼ ਖ਼ੂਨੀ ਹਮਲਾ ਕਰ ਦਿੱਤਾ।

ਇਹ ਸਾਰੇ ਸਿੰਘ ਵੀ ਗੰਭੀਰ ਜ਼ਖ਼ਮੀ ਹੋ ਗਏ, ਕਈਆਂ ਦੇ ਹੱਥ-ਪੈਰ ਵੱਢੇ ਗਏ, ਦਸਤਾਰਾਂ-ਕੇਸ ਰੁਲ਼ ਗਏ, ਕਮਰਿਆਂ 'ਚ ਲਿਜਾ ਕੇ ਸ਼੍ਰੋਮਣੀ ਕਮੇਟੀ ਦੇ ਗੁੰਡੇ-ਬਦਮਾਸ਼ਾਂ ਨੇ ਸਿੰਘਾਂ-ਸਿੰਘਣੀਆਂ 'ਤੇ ਅਥਾਹ ਜ਼ੁਲਮ ਅਤੇ ਤਸ਼ੱਦਦ ਕੀਤਾ, ਉਨਾਂ ਨੂੰ ਗਾਲਾਂ ਕੱਢੀਆਂ ਤੇ ਬੰਦੀ ਬਣਾ ਲਿਆ ਗਿਆ, ਬੀਬੀਆਂ ਨਾਲ਼ ਬਦਸਲੂਕੀ ਕੀਤੀ ਗਈ। ਟਾਸਕ ਫ਼ੋਰਸ ਦਾ ਇੰਚਾਰਜ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਪਾਲਿਆ ਸਿਰੇ ਦਾ ਗੁੰਡਾ-ਬਦਮਾਸ਼ ਪ੍ਰਤਾਪ ਸਿੰਘ (ਜੋ ਪਹਿਲਾਂ ਸ੍ਰੀ ਦਰਬਾਰ ਸਾਹਿਬ ਦਾ ਮੈਨੇਜਰ ਵੀ ਹੁੰਦਾ ਸੀ) ਉਹ ਅੱਗ-ਬਬੂਲਾ ਹੋ ਕੇ ਅਤੇ ਨਫ਼ਰਤ ਅਤੇ ਸਾੜੇ ਦੇ ਵਹਿਣ 'ਚ ਵਹਿ ਕੇ ਸਿੰਘਾਂ ਦੀ ਇਵੇਂ ਕੁੱਟਮਾਰ ਕਰਵਾ ਰਿਹਾ ਸੀ ਜਿਵੇਂ ਉਹ ਜ਼ਕਰੀਆਂ ਖ਼ਾਂ ਹੀ ਹੋਵੇ ਤੇ ਗੁਰੂ ਕੇ ਲਾਲ 'ਸਤਿਨਾਮ-ਵਾਹਿਗੁਰੂ' ਦਾ ਜਾਪ ਕਰ ਰਹੇ ਸਨ। ਸ਼੍ਰੋਮਣੀ ਕਮੇਟੀ ਅਤੇ ਬਾਦਲ ਦਲ ਵੱਲੋਂ ਸਿੰਘਾਂ-ਸਿੰਘਣੀਆਂ ਉੱਤੇ ਕੀਤੇ ਜ਼ੁਲਮ ਦੀ ਇੰਤਹਾ ਹੀ ਹੋ ਗਈ। ਦੇਰ ਸ਼ਾਮ ਨੂੰ ਸ਼੍ਰੋਮਣੀ ਕਮੇਟੀ ਦੇ ਦਫ਼ਤਰ 'ਚ ਪੁਲੀਸ ਅਧਿਕਾਰੀ ਅੰਦਰ ਆਏ ਤੇ ਸ਼੍ਰੋਮਣੀ ਕਮੇਟੀ ਨੇ ਏਨਾ ਵੱਡਾ ਜ਼ੁਲਮ ਅਤੇ ਕਾਰਾ ਕਰਕੇ ਉਲ਼ਟਾ ਮੋਰਚੇ ਵਾਲ਼ੇ ਜ਼ਖ਼ਮੀ ਹੋਏ ਸਿੰਘਾਂ-ਸਿੰਘਣੀਆਂ ਉੱਤੇ ਹੀ ਧਾਰਾ 307 (ਇਰਾਦਾ ਕਤਲ) ਆਦਿ ਦੇ ਪਰਚੇ ਕਰਵਾ ਦਿੱਤੇ। ਇਸ ਸਾਕੇ ਦੀ ਖ਼ੂਨੀ ਘਟਨਾ ਟੀ.ਵੀ. ਚੈਨਲਾਂ, ਅਖ਼ਬਾਰਾਂ ਅਤੇ ਸੋਸ਼ਲ ਮੀਡੀਆ ਰਾਹੀਂ ਜਦ ਸੰਗਤਾਂ ਨੂੰ ਪਤਾ ਲੱਗੀ ਤਾਂ ਪੂਰੇ ਸਿੱਖ ਜਗਤ 'ਚ ਹਾਹਾਕਾਰ ਮੱਚ ਗਈ ਤੇ ਸ਼੍ਰੋਮਣੀ ਕਮੇਟੀ ਨੂੰ ਹਰ ਪਾਸਿਓਂ ਲਾਹਣਤਾਂ ਪਈਆਂ।

ਇਹ ਮੇਰੀ ਜ਼ਿੰਦਗੀ ਦੀ ਇੱਕ ਐਸੀ ਦਰਦਨਾਕ ਘਟਨਾ ਹੈ ਜੋ ਨਾ ਤਾਂ ਕਦੇ ਭੁੱਲਣ ਯੋਗ ਹੈ ਅਤੇ ਨਾ ਹੀ ਬਖ਼ਸ਼ਣ ਯੋਗ ਹੈ। ਇਸ ਦਿਨ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਗੁੰਡਾਗਰਦੀ ਦਾ ਨੰਗਾ ਨਾਚ ਨੱਚਿਆ, ਸਿੰਘਾਂ ਨੂੰ ਕੇਸਾਂ ਤੋਂ ਫੜ-ਫੜ ਕੇ ਧੂਹਿਆਂ, ਦਸਤਾਰਾਂ ਰੋਲੀਆਂ ਤੇ ਗੁਰੂ ਸਾਹਿਬ ਦੇ ਪਾਵਨ ਸਰੂਪਾਂ ਦਾ ਹਿਸਾਬ ਮੰਗਦੇ ਸਿੱਖਾਂ ਨੂੰ ਡਾਂਗਾਂ-ਕਿਰਪਾਨਾਂ ਨਾਲ਼ ਕੁੱਟ-ਕੁੱਟ ਕੇ ਛਲਣੀ-ਛਲਣੀ ਕਰ ਦਿੱਤਾ ਤੇ ਮੋਰਚੇ ਨੂੰ ਇੰਝ ਤਬਾਹ ਕਰ ਦਿੱਤਾ ਜਿਵੇਂ; ਇੰਦਰਾ ਗਾਂਧੀ ਨੇ ਧਰਮ ਯੁੱਧ ਮੋਰਚੇ ਨੂੰ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਕੇ ਕੁਚਲਿਆ ਸੀ। ਸੱਚਮੁੱਚ ਇੱਕ ਵਾਰ ਫਿਰ ਨਨਕਾਣਾ ਸਾਹਿਬ ਜਿਹਾ ਸਾਕਾ ਵਾਪਰਿਆ, ਸ੍ਰੀ ਅੰਮ੍ਰਿਤਸਰ ਦੀ ਧਰਤੀ 'ਤੇ ਜਲਿਆਂਵਾਲਾ ਬਾਗ਼ ਵਰਗੀ ਖ਼ੂਨੀ ਘਟਨਾ ਇੱਕ ਵਾਰ ਫੇਰ ਸਾਹਮਣੇ ਆਈ, ਬਰਗਾੜੀ-ਬਹਿਬਲ ਕਲਾਂ ਅਤੇ ਕੋਟਕਪੂਰਾ ਜਿਹਾ ਕਾਂਡ ਬਾਦਲ ਦਲ 'ਤੇ ਸ਼੍ਰੋਮਣੀ ਕਮੇਟੀ ਨੇ 24 ਅਕਤੂਬਰ, 2020 ਨੂੰ ਫਿਰ ਦੁਹਰਾਅ ਦਿੱਤਾ। ਜਿਸ ਦਾ ਬਦਲਾ ਖ਼ਾਲਸਾ ਪੰਥ ਜ਼ਰੂਰ ਲਵੇਗਾ, ਬਾਦਲਾਂ ਤੋਂ ਗੁਰਧਾਮ ਆਜ਼ਾਦ ਕਰਵਾਏ ਜਾਣਗੇ, 328 ਪਾਵਨ ਸਰੂਪਾਂ ਦਾ ਹਿਸਾਬ ਲੈ ਕੇ ਰਹਾਂਗੇ, ਦੋਸ਼ੀਆਂ ਨੂੰ ਸਜ਼ਾਵਾਂ ਵੀ ਦੇਵਾਂਗੇ ਅਤੇ ਦਿਵਾਵਾਂਗੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ ਨੂੰ ਬਹਾਲ ਕਰਵਾਉਣ ਲਈ ਸੰਘਰਸ਼ ਜਾਰੀ ਰਹੇਗਾ।

**(ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲ਼ਾ)**
**88722-93883**




jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE •1-800-246-6242
www.jusbroadcasting.com

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟੱਰਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**



**PROPERTY ADDRESS: 27022 RIVER ROADM, NEWMAN CA 95360.**



RANJIT SINGH
(Lic: 01922089)

## RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**


SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
SHER BESAN SUPER FINE
SHER BESAN SUPER FINE
www.sherbrarmills.com